ISSN: 2277-9930

84

ਅਪ੍ਰੈਲ-ਜੂਨ 2025

# ਪ੍ਰਤਿਮਾਨ

ਮੁੱਲ: 75/-



ਸੰਪਾਦਕ : ਅਮਰਜੀਤ ਕੌਂਕੇ

## ਜ਼ਿੰਦਗੀ ਦਿਆ ਦੀਵਿਆ

ਤੂੰ ਜ਼ਿੰਦਗੀ ਦਿਆ ਦੀਵਿਆ
ਸਦਾ ਬਲਦੇ ਰਹਿਣਾ।
ਕਦੇ ਰਾਹਾਂ ਤੇ ਪਗਡੰਡੀਆਂ ਤੇ
ਆਪਾਂ ਚਲਦੇ ਰਹਿਣਾ।
ਤੂੰ ਜ਼ਿੰਦਗੀ ਦਿਆ...

ਸਾਥ ਕਈਆਂ ਛੱਡ ਜਾਵਣਾ
ਕਰੀਂ ਫਿਕਰ ਨਾ ਭੋਰਾ।
ਚਾਹੁਣ ਵਾਲਿਆਂ ਨਾਲ ਤੇਰੇ
ਪਰ ਚਲਦੇ ਰਹਿਣਾ।
ਤੂੰ ਜ਼ਿੰਦਗੀ ਦਿਆ...

ਦੋ ਹੱਥ ਕਰਨੇ ਪੈਣਗੇ
ਤੈਨੂੰ ਨਾਲ ਹਨੇਰੇ।
ਕਰ ਜੇਰਾ ਸੂਰਜ ਜੇਡ ਤੂੰ
ਬੱਸ ਜਲਦੇ ਰਹਿਣਾ।
ਤੂੰ ਜ਼ਿੰਦਗੀ ਦਿਆ...

ਮੌਤ ਨੇ ਗੱਲਾਂ ਕਰਨੀਆਂ
ਕਈ ਵਾਰ ਘੇਰ ਕੇ।
ਤੂੰ ਮਾਰ ਬਹਾਨਾਂ ਸੋਹਣਿਆ
ਬੱਸ ਟਲਦੇ ਰਹਿਣਾ।
ਤੂੰ ਜ਼ਿੰਦਗੀ ਦਿਆ...

ਫੁੱਲਾਂ ਨੇ ਖਿੜ ਜਾਵਣਾ
ਰਾਹਾਂ ਵਿਚ ਤੇਰੇ।
ਕੰਡਿਆਂ ਤੈਨੂੰ ਦੇਖ ਕੇ
ਹੱਥ ਮਲਦੇ ਰਹਿਣਾ।
ਤੂੰ ਜ਼ਿੰਦਗੀ ਦਿਆ...

ਕਦੇ ਵੀ ਕਿਸੇ ਵੀ ਕੰਮ ਤੋਂ
ਗਿੱਲਾ ਮੂੰਹ ਨਾ ਮੋੜੀ
ਸੂਰਜ ਤੇਰੀ ਉਮਰ ਦਾ
ਲੱਖ ਢਲਦੇ ਰਹਿਣਾ।
ਤੂੰ ਜ਼ਿੰਦਗੀ ਦਿਆ...



## ਖਤ ਲਿਖਾਂਗੇ ਜ਼ਰੂਰ

ਖਤ ਲਿਖਾਂਗੇ ਜ਼ਰੂਰ
ਤੂੰ ਜਵਾਬ ਭੇਜ ਦੇਈਂ।

ਤੇਰੇ ਸਾਰੇ ਹੀ ਉਲਾਂਭੇ
ਸਾਨੂੰ ਹੋਣੇ ਸਿਰ ਮੱਥੇ।
ਭਾਵੇ ਕੰਡਿਆਂ 'ਚ ਲੱਦਿਆ
ਗੁਲਾਬ ਭੇਜ ਦੇਵੀਂ।
ਖਤ ਲਿਖਾਂਗੇ ਜ਼ਰੂਰ...

ਪੰਨੇ ਜ਼ਿੰਦਗੀ ਸਾਰੇ
'ਕੱਠੇ ਕਰ ਭੇਜ ਦੇਣੇ।
ਨਾਲ ਜੋੜ ਕੇ ਮੁਹੱਬਤਾਂ
ਕਿਤਾਬ ਭੇਜ ਦੇਈਂ।
ਖਤ ਲਿਖਾਂਗੇ ਜ਼ਰੂਰ...

ਗੁੱਸੇ ਗਿਲੇ ਉੱਥੇ ਹੁੰਦੇ
ਜਿੱਥੇ ਹੁੰਦਾ ਏ ਪਿਆਰ।
ਕੀਹਨੇ ਕੀਤੀਆਂ ਲੜਾਈਆਂ
ਤੂੰ ਹਿਸਾਬ ਭੇਜ ਦੇਈਂ।
ਖਤ ਲਿਖਾਂਗੇ ਜ਼ਰੂਰ...

ਨੈਣਾਂ ਸਾਡਿਆਂ ਨੂੰ ਨੀਂਦ
ਖੌਰੇ ਪੈਣੀ ਕਿਸ ਰੁੱਤੇ।
ਜਿਹੜਾ ਦੇਖਿਆ ਸੀ ਆਪਾਂ
ਓਹੋ ਖ਼ੁਆਬ ਭੇਜ ਦੇਈਂ।
ਖਤ ਲਿਖਾਂਗੇ ਜ਼ਰੂਰ...

ਤੇਰੇ ਹੱਥੋਂ ਪੀ ਲੈਣਾ
ਅੱਖਾਂ ਮੀਚ ਕੇ ਅਸੀਂ ਤਾਂ।
ਪਾ ਕੇ ਅੰਮ੍ਰਿਤ ਭੇਜੀਂ
ਜਾਂ ਸ਼ਰਾਬ ਭੇਜ ਦੇਈਂ।
ਖਤ ਲਿਖਾਂਗੇ ਜ਼ਰੂਰ...

## ਪਤਝੜ

ਪਤਝੜ ਵਿੱਚ ਪੱਤਿਆਂ ਨੇ
ਜਿਵੇਂ ਝੜ ਹੀ ਜਾਣਾ ਏ।
ਇੱਕ ਦਿਨ ਇਸ ਧੜਕਣ ਨੇ
ਦਿਲਾ ਖੜ੍ਹ ਹੀ ਜਾਣਾ ਏ।

ਪਤਝੜ ਵਿੱਚ...
ਕਿਸ ਗੱਲ ਦਾ ਮਾਣ ਕਰੇਂ
ਤੂੰ ਸੋਹਣੀ ਸੂਰਤ ਤੇ।
ਸੀਰਤ ਨੇ ਬਚ ਜਾਣਾ
ਤੂੰ ਸੜ ਹੀ ਜਾਣਾ ਏ।
ਪਤਝੜ ਵਿੱਚ...

ਲੱਖ ਜ਼ੁਲਮ ਕਮਾ ਲੈ ਤੂੰ
ਹੱਥ ਚੁੱਕ ਮਜ਼ਲੂਮਾਂ ਤੇ
ਜਦ ਉੱਠਿਆ ਕੋਈ ਯੋਧਾ
ਉਹਨੇ ਅੜ ਹੀ ਜਾਣਾ ਏ।
ਪਤਝੜ ਵਿੱਚ...

ਜੋ ਪਹਿਰਾ ਦਿੰਦੇ ਨੇ
ਹੱਕ ਸੱਚ ਦੀਆਂ ਗੱਲਾਂ ਤੇ।
ਉਹਨਾਂ ਹਰਫ਼ ਸੱਚਾਈਆਂ ਦਾ
ਖੁਦ ਪੜ੍ਹ ਹੀ ਜਾਣਾ ਏ।
ਪਤਝੜ ਵਿੱਚ...

ਕੀ ਗੋਰਾ ਕਾਲਾ ਏ
ਭੁੱਲ ਜਾਤ ਪਾਤ ਸੱਜਣਾ।
ਰੰਗ ਦੇਖੀਂ ਪਿਆਰਾਂ ਦਾ
ਤੈਨੂੰ ਚੜ੍ਹ ਹੀ ਜਾਣਾ ਏ
ਪਤਝੜ ਵਿੱਚ...

ਸਦਾ ਖੋਲ੍ਹ ਕੇ ਰਖਦੇ ਹਾਂ
ਅਸੀਂ ਦਿਲ ਦਰਵਾਜ਼ੇ ਨੂੰ।
ਜੋ ਚਾਹੁੰਦੇ ਨੇ ਸਾਨੂੰ
ਉਹਨਾਂ ਵੜ ਹੀ ਜਾਣਾ ਏ।
ਪਤਝੜ ਵਿੱਚ...

ਜਦ ਚੜ੍ਹੀ ਜਵਾਨੀ ਤੇ
ਰੰਗ ਡੁੱਲ੍ਹਦਾ ਇਸ਼ਕੇ ਦਾ।
ਇਨ੍ਹਾਂ ਅੱਖੀਆਂ ਨੇ ਹੁੰਦਾ,
ਗਿੱਲਾ ਲੜ ਹੀ ਜਾਣਾ ਏ।
ਪਤਝੜ ਵਿੱਚ...।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਪ੍ਰੈਲ-ਜੂਨ 2025 ਅੰਕ 84

ISSN: 2277-9930

RNI No. PUNPUN/2006/16230



**ਸੰਪਾਦਕ**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail
pratimaan@yahoo.co.in
www.pratimaan.in



**ਸਲਾਹਕਾਰ ਬੋਰਡ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ,
ਡਾ. ਸਰਬਜੀਤ ਸਿੰਘ,
ਡਾ. ਰਵੀ ਰਵਿੰਦਰ
ਡਾ. ਆਤਮ ਰੰਧਾਵਾ



**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com
W: www.raadesigns.com

**ਸਹਿਯੋਗ ਰਾਸ਼ੀ**

ਇੱਕ ਅੰਕ: 75/-
3 ਸਾਲ: 1000/-
5 ਸਾਲ: 1500/-
ਜੀਵਨ ਮੈਂਬਰਸ਼ਿਪ: 3000/-
ਵਿਦੇਸ਼: $250

ਪ੍ਰਤਿਮਾਨ ਲਈ ਸਹਿਯੋਗ ਰਾਸ਼ੀ ਹੇਠ ਲਿਖੇ ਨੰਬਰ ਤੇ ਗੂਗਲ ਪੇਅ ਕਰ ਸਕਦੇ ਹੋ :
+91 98142-31698


## ਤਰਤੀਬ

ਸਿਦਕ ਨੂੰ ਪਰਖਣਾ ਚਾਹੇ ਜਦੋਂ ਵੀ ਤਖ਼ਤ ਦੀ ਹਉਮੈ,
ਤਵੀ ਦਾ ਸੇਕ ਵੀ ਉਸ ਵਕਤ ਠੰਡਾ ਠਾਰ ਹੁੰਦਾ ਹੈ। – ਅਜੈ ਤਨਵੀਰ


**ਸੰਪਾਦਕੀ / 2**

**ਵਿਸ਼ੇਸ਼ ਲੇਖ**

ਕਿਤਾਬਾਂ ਦੀ ਕਰਾਮਾਤ / ਗੁਰਚਰਨ ਸਿੰਘ ਨੂਰਪੁਰ / 3

**ਕਹਾਣੀਆਂ**

ਰਿਸ਼ਤੇ / ਮੁਖ਼ਤਿਆਰ ਸਿੰਘ / 9, ਬੰਦ ਦਰਵਾਜ਼ੇ / ਪਰਮਜੀਤ ਮਾਨ / 24, ਸੁਖਮਿੰਦਰ ਸੇਖੋਂ / 32

**ਜੀਵਨੀ ਅੰਸ਼**

ਜਦੋਂ ਮੌਤ ਮੇਰੇ ਨਾਲ ਖਹਿਕੇ ਲੰਘੀ / ਭੋਲਾ ਸਿੰਘ ਸੰਘੇੜਾ / 16

**ਕਵਿਤਾ / ਗ਼ਜ਼ਲ / ਗੀਤ**

ਡਾ. ਰਵਿੰਦਰ / 6, ਗੁਰਨਾਮ ਢਿੱਲੋਂ / 7, ਜਸਵੀਰ ਤਿਆਗੀ / 8, ਬਲਬੀਰ ਜਲਾਲਾਬਾਦੀ / 13, ਵਿਨੋਦ ਕੁਮਾਰ ਸ਼ੁਕਲ / 14, ਡਾ. ਨਵਦੀਪ / 15, ਅਮਰਜੀਤ ਕਸਕ / 20, ਜੋਤ ਸਿੱਧੂ / 21, ਗਗਨ ਮੀਤ / 22, ਸੁਦਰਸ਼ਨ ਗਾਸੋ, ਲਖਵਿੰਦਰ ਮੁਖ਼ਾਤਿਬ / 23, ਹਰਪ੍ਰੀਤ ਸਿੰਘ ਰਾਣਾ / 31, ਕੁਲਜੀਤ ਕੌਰ ਮੰਡ / 33, ਨਿਤ ਸ਼ਾਇਰਾ, ਸੁਖਵਿੰਦਰ ਚਹਿਲ, ਪਰਮਿੰਦਰ ਰਮਨ / 34, ਰਾਜਵੰਤ ਕੌਰ, ਕੁਲਦੀਪ ਜਲਾਲਾਬਾਦੀ / 35, ਕਾਰਿਆ ਪ੍ਰਭਜੋਤ ਕੌਰ / 39, ਸਨੇਹਦੀਪ / 44,

**ਆਲੋਚਨਾ ਨਿਬੰਧ / ਰੀਵੀਊ**

ਮਨ ਦਾ ਕੋਨਾ : ਵਿਸ਼ਾਗਤ ਅਧਿਐਨ / ਡਾ. ਜਸਪ੍ਰੀਤ ਕੌਰ / 36, ਪੰਜਾਬੀ ਭਾਸ਼ਾ ਦੀਆਂ ਚੁਣੌਤੀਆਂ / ਡਾ: ਬਿਮਲੇਸ਼ ਕੁਮਾਰ ਗੁਪਤਾ / 40, ਅਣਪੜ੍ਹੀ ਕਿਤਾਬ ਪੜ੍ਹਦਿਆਂ / ਅਤੈ ਸਿੰਘ / 42, ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸਮੀਕਰਣਾਂ ਦਾ ਬਿਰਤਾਂਤ : ਸੁਰਖ਼ ਸਾਜ / ਡਾ. ਸਿਮਰਜੀਤ ਕੌਰ / 45



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।

* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਆਰਨਾ ਪ੍ਰਿੰਟਿੰਗ ਸਲਿਊਸ਼ਨਜ਼,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

# ਸੰਪਾਦਕੀ

ਸਾਹਿਤ ਮਨੁੱਖੀ ਜੀਵਨ ਦੀ ਆਤਮਾ ਹੈ। ਇਹ ਇਕ ਅਜਿਹੀ ਕਲਾ ਹੈ ਜਿਹੜੀ ਮਨੁੱਖ ਦੇ ਅੰਦਰਲੇ ਸੰਸਾਰ, ਸਮਾਜਿਕ ਹਕੀਕਤਾਂ ਅਤੇ ਭਾਵਨਾਵਾਂ ਦੀ ਸਿਰਫ ਤਰਜਮਾਨੀ ਹੀ ਨਹੀਂ ਕਰਦੀ ਸਗੋਂ ਇਹ ਸਮਾਜ ਨੂੰ ਉਸਦੇ ਯਥਾਰਥ ਦੇ ਰੂਬਰੂ ਵੀ ਕਰਵਾਉਂਦੀ ਹੈ ਅਤੇ ਇੱਕ ਚੰਗੇਰੇ ਸਮਾਜ ਦੀ ਸਿਰਜਣਾ ਲਈ ਆਪਣਾ ਬਣਦੀ ਭੂਮਿਕਾ ਵੀ ਅਦਾ ਕਰਦੀ ਹੈ। ਮਨੁੱਖੀ ਮਨ ਵਿੱਚ ਚੇਤਨਾ ਦਾ ਦੀਵਾ ਬਾਲਣਾ ਤੇ ਉਸ ਨੂੰ ਜਗਦਾ ਰੱਖਣਾ ਚੰਗੇਰੇ ਸਾਹਿਤ ਦਾ ਮੂਲ ਪ੍ਰਯੋਜਨ ਹੋਣਾ ਚਾਹੀਦਾ ਹੈ। ਉਚੇਰਾ ਸਾਹਿਤ ਪਾਠਕਾਂ ਦੇ ਮਨ ਵਿੱਚ ਸਿਰਫ ਰਸਾਂ ਦਾ ਸੰਚਾਰ ਹੀ ਨਹੀਂ ਕਰਦਾ ਸਗੋਂ ਇਹ ਸਮਾਜ ਦੇ ਅੰਤਰਵਿਰੋਧਾਂ, ਜਟਿਲਤਾਵਾਂ ਅਤੇ ਵਿਸੰਗਤੀਆਂ ਦੇ ਵਿਸ਼ਲੇਸ਼ਣ ਦਾ ਕਾਰਜ ਵੀ ਕਰਦਾ ਹੈ ।

ਅਜੋਕਾ ਸਮਾਂ ਅਨੇਕ ਤਰ੍ਹਾਂ ਦੇ ਸੰਕਟਾਂ ਨਾਲ ਘਿਰਿਆ ਹੋਇਆ ਹੈ। ਦਿਨੋਂ ਦਿਨ ਹੋ ਰਹੀ ਪਦਾਰਥਕ ਤਰੱਕੀ ਦੇ ਬਾਵਜੂਦ ਮਨੁੱਖ ਅੰਦਰੋਂ ਬੇਹੱਦ ਖੋਖਲਾ ਅਤੇ ਖਾਲੀ ਹੁੰਦਾ ਜਾ ਰਿਹਾ ਹੈ। ਵਿਸ਼ਵੀਕਰਨ ਦੀ ਅੰਨ੍ਹੀ ਦੌੜ ਵਿੱਚ ਦਿਸ਼ਾਹੀਣ ਹੋਏ ਮਨੁੱਖ ਨੂੰ ਖ਼ੁਦ ਪਤਾ ਨਹੀਂ ਲੱਗ ਰਿਹਾ ਕਿ ਉਹ ਕਿਸ ਦਿਸ਼ਾ ਵੱਲ ਜਾਵੇ। ਮਾਨਸਿਕ ਇਕੱਲਤਾ ਅਤੇ ਦਿਸ਼ਾਹੀਣਤਾ ਦੇ ਅਜਿਹੇ ਸਮੇਂ ਵਿੱਚ ਮਾਨਸਿਕ ਸੰਕਟ ਹੋਰ ਵਧੇਰੇ ਵੱਧ ਗਏ ਹਨ। ਪ੍ਰਾਈਡ ਪਰੇਡ, ਸਮਾਜਿਕ ਰਿਸ਼ਤਿਆਂ ਵਿਚਲੀ ਹਿੰਸਾ ਜਿਹੇ ਮਸਲੇ ਅਜਿਹੀ ਵਿਕ੍ਰਿਤ ਮਾਨਸਿਕਤਾ ਦੀ ਹੀ ਪੈਦਾਵਾਰ ਹਨ। ਵੱਖੋ ਵੱਖਰੇ ਵਰਗਾਂ ਵਿੱਚ ਵੱਧਦੀ ਬੇਚੈਨੀ, ਬੇਰੁਜ਼ਗਾਰੀ, ਧਰਨੇ, ਮੁਜਹਾਰੇ, ਰੈਲੀਆਂ, ਪਿਤਰੀ ਸੱਤਾਵਾਦ ਤੇ ਲਿੰਗਕ ਭੇਦ ਭਾਵ, ਵਾਤਾਵਰਨ ਦੇ ਮਸਲੇ, ਭਾਸ਼ਾ ਤੇ ਸੱਭਿਆਚਾਰ ਪਛਾਣ ਦੇ ਸੰਕਟ ਅਤੇ ਸਭ ਤੋਂ ਵੱਧ ਪੰਜਾਬ ਦੀ ਨੌਜਵਾਨੀ ਦਾ ਵਿਦੇਸ਼ੀ ਧਰਤੀਆਂ ਤੇ ਪਰਵਾਸ ਅਤੇ ਇਧਰ ਰਹਿ ਗਈ ਯੁਵਾ ਪੀੜ੍ਹੀ ਦਾ ਦਿਸ਼ਾਹੀਣ ਹੋ ਕੇ ਗਲਤ ਦਿਸ਼ਾਵਾਂ ਵੱਲ ਵਧਣ ਜਿਹੇ ਰੁਝਾਨ ਬੇਹੱਦ ਫ਼ਿਕਰ ਦੇ ਮਸਲੇ ਬਣਦੇ ਜਾ ਰਹੇ ਹਨ। ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਅਸਥਿਰਤਾ ਨੇ ਇਹਨਾਂ ਸੰਕਟਾਂ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਅੱਜ ਜ਼ਰੂਰਤ ਹੈ ਸਾਹਿਤ ਵਿੱਚ ਇਹਨਾਂ ਸੰਕਟਾਂ ਤੇ ਮਸਲਿਆਂ ਨੂੰ ਪ੍ਰਮੁੱਖਤਾ ਦਿੱਤੀ ਜਾਵੇ। ਸਾਹਿਤ ਦੀਆਂ ਵੱਖ ਵੱਖ ਵਿਧਾਵਾਂ ਵਿੱਚ ਇਹਨਾਂ ਮਸਲਿਆਂ ਬਾਰੇ ਸੰਵਾਦ ਰਚਾਇਆ ਜਾਵੇ ਤਾਂ ਜੋ ਇਹਨਾਂ ਦੇ ਸਾਰਥਕ ਸਮਾਧਾਨ ਸਾਹਮਣੇ ਆ ਸਕਣ। ਅਜਿਹੇ ਸਮਿਆਂ ਵਿੱਚ ਸਾਹਿਤ ਨੂੰ ਦਿਸ਼ਾਹੀਣਤਾ ਦੀ ਦਲਦਲ ਵਿੱਚ ਘਿਰੇ ਮਨੁੱਖ ਦਾ ਰਾਹ ਦਸੇਰਾ ਬਣਨ ਦੀ ਜ਼ਰੂਰਤ ਹੈ।

**ਛਪਦਿਆਂ ਛਪਦਿਆਂ :**

ਕਸ਼ਮੀਰ ਘਾਟੀ ਵਿੱਚ ਪਿਛਲੇ ਦਿਨੀਂ ਬਰਬਰਤਾ ਜਿਹੜਾ ਨੰਗਾ ਨਾਚ ਦੇਖਣ ਨੂੰ ਮਿਲਿਆ ਹੈ, ਉਸਨੇ ਹਰ ਸੰਵੇਦਨਸ਼ੀਲ ਆਦਮੀ ਦੀ ਆਤਮਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਕਾਤਲਾਂ ਵੱਲੋਂ ਭਾਵੇਂ ਇਸਨੂੰ ਧਾਰਮਿਕ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਗਈ, ਪਰ ਇਸਦੇ ਬਾਵਜੂਦ ਮਰਨ ਵਾਲਿਆਂ ਨੂੰ ਬਚਾਉਣ ਵਿੱਚ ਕੁਝ ਕੁ ਆਦਿਲ ਜਿਹੇ ਲੋਕ ਵੀ ਸ਼ਾਮਿਲ ਸਨ। ਸੁਰੱਖਿਆ ਦੀ ਘਾਟ ਦੀ ਜ਼ੁੰਮੇਵਾਰੀ ਤੋਂ ਪ੍ਰਸ਼ਾਸਨ ਦੀ ਲਾਪਰਵਾਹੀ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਲੋੜ ਹੈ ਮਾਨਵਤਾ ਦੇ ਅਜਿਹੇ ਕਾਤਲਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਦੇਸ਼ ਵਿੱਚ ਅਜਿਹੇ ਮਾਹੌਲ ਦੀ ਸਥਾਪਨਾ ਕੀਤੀ ਜਾਵੇ ਜਿੱਥੇ ਸਭ ਧਰਮਾਂ, ਫਿਰਕਿਆਂ, ਬੋਲੀਆਂ ਅਤੇ ਨਸਲਾਂ ਦੇ ਲੋਕ ਰਲ ਮਿਲ ਕੇ ਅਤੇ ਭੈਅ ਮੁਕਤ ਹੋ ਕੇ ਜਿਉਂ ਸਕਣ।

## ਕਿਤਾਬਾਂ ਦੀ ਕਰਾਮਾਤ / ਗੁਰਚਰਨ ਸਿੰਘ ਨੂਰਪੁਰ



ਆਦਿ ਕਾਲ ਤੋਂ ਅੱਜ ਤੱਕ ਦੀ ਸੱਭਿਅਤਾ ਤੱਕ ਮਨੁੱਖ ਨੇ ਆਪਣੀ ਵਰਤੋਂ ਲਈ ਹਜ਼ਾਰਾਂ ਵਸਤਾਂ ਬਣਾਈਆਂ ਪਰ ਉਸ ਦੀ ਹੁਣ ਤੱਕ ਦੀ ਸਭ ਤੋਂ ਉੱਤਮ ਕਿਰਤ ਕਿਤਾਬ ਹੈ।

ਕਈ ਸਦੀਆਂ ਦੇ ਯਤਨਾਂ ਮਗਰੋਂ ਮਨੁੱਖ ਅੱਖਰ ਬਣਤਰ ਤੱਕ ਪਹੁੰਚਿਆ, ਅੱਖਰਾਂ ਤੋਂ ਸ਼ਬਦ ਬਣੇ, ਸ਼ਬਦਾਂ ਤੋਂ ਵਾਕ ਤੇ ਵਾਕਾਂ ਤੋ ਪੋਥੀਆਂ ਤੇ ਗ੍ਰੰਥ ਬਣੇ। ਸ਼ਬਦਾਂ ਬਹੁਤ ਵੱਡੀ ਤਾਕਤ ਹੁੰਦੇ ਹਨ। ਸਾਡੇ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਗੁਰੂ-ਸ਼ਬਦ ਆਖ ਨੇ ਸਾਨੂੰ ਇਹਨਾਂ ਦੀ ਮਹਾਨਤਾ ਦਾ ਅਹਿਸਾਸ ਕਰਾਇਆ। ਕਿਹਾ ਜਾਂਦਾ ਹੈ ਕਿ ਪੱਥਰ ਖੁਰ ਜਾਂਦੇ ਹਨ ਪਰ ਸ਼ਬਦ ਨਹੀਂ।

ਰਿਗਵੇਦ ਨੂੰ ਦੁਨੀਆਂ ਦਾ ਸਭ ਤੋਂ ਪਹਿਲਾ ਗ੍ਰੰਥ ਮੰਨਿਆ ਜਾਂਦਾ ਹੈ। ਇਹਦੀ ਰਚਨਾ ਪੰਜਾਬ ਦੀ ਧਰਤੀ 'ਤੇ ਹੋਈ। ਇਹ ਗ੍ਰੰਥ 3500 ਤੋਂ 4000 ਸਾਲ ਪੁਰਾਣਾ ਹੈ। ਰਿਗਵੇਦ ਦੀ ਰਚਨਾ ਪੰਜਾਬ ਵਿੱਚ ਹੋਈ। ਪੰਜਾਬੀਆਂ ਨੂੰ ਇਹ ਮਾਣ ਹੈ ਜਦੋਂ ਪੂਰੀ ਦੁਨੀਆਂ ਦੇ ਲੋਕ ਜੰਗਲਾਂ ਪਹਾੜਾਂ ਜਾਨਵਰਾਂ ਵਰਗਾ ਜੀਵਨ ਬਤੀਤ ਕਰ ਰਹੇ ਸਨ ਤਾਂ ਉਸ ਸਮੇਂ ਇੱਥੋਂ ਦੇ ਲੋਕਾਂ ਦੀ ਸ਼ਬਦ ਨਾਲ ਸਾਂਝ ਬਣ ਚੁੱਕੀ ਸੀ। ਪਹਿਲਾਂ ਮਨੁੱਖ ਨੇ ਪੱਥਰਾਂ ਤੇ ਲਿਖਣਾ ਸ਼ੁਰੂ ਕੀਤਾ ਮਗਰੋਂ ਪੱਤਿਆਂ ਤੇ ਮਗਰੋਂ ਜਦੋਂ ਉਸ ਨੂੰ ਕੱਪੜਾ ਬੁਨਣ ਦੀ ਜਾਂਚ ਆਈ ਤਾਂ ਉਹ ਕੱਪੜੇ ਤੇ ਲਿਖਣ ਲੱਗਾ ਕਈ ਸਦੀਆਂ ਮਗਰੋਂ ਉਸ ਨੇ ਕਾਗਜ਼ ਦੀ ਖੋਜ ਕੀਤੀ ਤੇ ਕਿਤਾਬਾਂ ਹੋਂਦ ਵਿੱਚ ਆਈਆਂ।

ਸ਼ਬਦ ਦੀ ਸ਼ਕਤੀ ਕੀ ਹੈ? ਇਸ ਬਾਰੇ ਇੱਕ ਕਥਾ ਹੈ ਕਿ ਇੱਕ ਵਾਰ ਇੱਕ ਰਾਜਾ ਇੱਕ ਵਿਦਵਾਨ ਤੋਂ ਬੜਾ ਪ੍ਰਭਾਵਤ ਸੀ ਉਸ ਨੇ ਕਿਹਾ ਕਿ ਮੈਨੂੰ ਕੁਝ ਕੋਈ ਅਜਿਹਾ ਮੰਤਰ ਦਿਓ ਜੋ ਹਰ ਸੰਕਟ ਵਿੱਚ ਕੰਮ ਆ ਸਕੇ। ਵਿਦਵਾਨ ਨੇ ਰਾਜੇ ਨੂੰ ਕਿਹਾ ਕਿ ਉਹ ਦੋ ਮਹੀਨੇ ਬਾਅਦ ਮੇਰੇ ਕੋਲ ਆਵੇ। ਜਦੋਂ ਰਾਜਾ ਦੁਬਾਰਾ ਗਿਆ ਤਾਂ ਵਿਦਵਾਨ ਉਹਨੂੰ ਇੱਕ ਅੰਗੂਠੀ ਦਿੰਦਿਆਂ ਰਾਜੇ ਨੂੰ ਕਿਹਾ ਇਹਦੇ ਨਗ ਦੇ ਹੇਠ ਇੱਕ ਕਾਗਜ ਦੇ ਛੋਟੇ ਟੁਕੜੇ ਤੇ ਕੁਝ ਸ਼ਬਦ ਲਿਖੇ ਹਨ ਇਹ ਸੰਕਟ ਸਮੇਂ ਤੁਹਾਡੀ ਅਗਵਾਈ ਕਰਨਗੇ। ਪਰ ਯਾਦ ਰੱਖਣਾ ਮੁੰਦਰੀ ਦੇ ਇਸ ਨਗ ਨੂੰ ਉਦੋਂ ਹੀ ਉਖਾੜਨਾ ਤੇ ਪੜ੍ਹਨਾਂ ਜਦੋਂ ਸਭ ਹੀਲੇ ਸਮਾਪਤ ਹੋ ਜਾਣ ਪਹਿਲਾਂ ਨਹੀਂ। ਸਮਾਂ ਬੀਤਿਆ ਕਈ ਸੰਕਟ ਸਮੱਸਿਆਵਾਂ ਆਈਆਂ ਤੇ ਚਲੀਆਂ ਗਈਆਂ ਪਰ ਰਾਜੇ ਨੇ ਮੁੰਦਰੀ ਦਾ ਨਗ ਉਖਾੜ ਕੇ ਨਾ ਵੇਖਿਆ। ਫਿਰ ਇੱਕ ਸਮਾਂ ਅਜਿਹਾ ਆਇਆ ਜਦੋਂ ਗੁਆਂਢੀ ਰਾਜੇ ਨੇ ਉਸ ਦੇ ਰਾਜ ਦੇ ਹਮਲਾ ਕਰ ਦਿੱਤਾ। ਘਮਸਾਣ ਦਾ ਯੁੱਧ ਹੋਇਆ ਰਾਜੇ ਦੀ ਫੌਜ਼ ਗੁਆਂਢੀ ਫੌਜ ਅੱਗੇ ਹਾਰ ਗਈ। ਹਾਰ ਨੂੰ ਦੇਖਦਿਆਂ ਰਾਜਾ ਜੰਗ ਆਪਣੀ ਜਾਨ ਬਚਾਉਣ ਲਈ ਘੋੜੇ ਤੇ ਯੁੱਧ ਮੈਦਾਨ ਵਿੱਚ ਭੱਜ ਨਿਕਲਿਆ ਪਰ ਦੁਸ਼ਮਣ ਦੀ ਫੌਜ ਨੂੰ ਪਤਾ ਚੱਲ ਗਿਆ। ਫੌਜ ਦੀ ਟੁਕੜੀ ਰਾਜੇ ਦਾ ਪਿੱਛਾ ਕਰਨ ਲੱਗੀ। ਪਹਾੜੀ ਇਲਾਕੇ ਵਿੱਚ ਰਾਜਾ ਦੁਸ਼ਮਣ ਦੀ ਫੌਜ ਤੋਂ ਬਚਦਾ ਬਚਾਉਂਦਾ ਇੱਕ ਪਹਾੜੀ ਰਸਤੇ ਦਾ ਮੋੜ ਮੁੜ ਗਿਆ ਮੋੜ ਮੁੜਦਿਆਂ ਕੁਝ ਫਾਸਲੇ ਦੇ ਰਸਤਾ ਮੁੱਕ ਗਿਆ ਅੱਗੇ ਡੂੰਘੀ ਖਾਈ ਸੀ। ਰਾਜੇ ਦਾ ਘੋੜਾ ਖਾਈ ਵਿੱਚ ਡਿੱਗਦਾ ਡਿੱਗਦਾ ਮਸਾਂ ਬਚਿਆ। ਦੁਸ਼ਮਣ ਫੌਜ ਪਿੱਛੇ ਆ ਰਹੀ ਸੀ। ਰਾਜੇ ਨੂੰ ਇਸ ਸਮੇਂ ਮੁੰਦਰੀ ਦਾ ਖਿਆਲ ਆਇਆ ਉਸ ਨੇ ਛੁਰੀ ਦੀ ਨੋਕ ਨਾਲ ਮੁੰਦਰੀ ਨਗ ਉਖਾੜਿਆ। ਕਾਗਜ ਕੱਢਿਆ, ਪੜ੍ਹਿਆ ਉਪਰ ਲਿਖਿਆ ਸੀ "ਇਹ ਵਕਤ ਵੀ ਬੀਤ ਜਾਵੇਗਾ।" ਇਹਨਾਂ ਸ਼ਬਦਾਂ ਨਾਲ ਰਾਜੇ ਅੰਦਰ ਵਿਲੱਖਣ ਊਰਜਾ ਦਾ ਸੰਚਾਰ ਹੋਇਆ। ਰਾਜੇ ਨੇ ਮੁੰਦਰੀ ਨੂੰ ਬੰਦ ਕਰਕੇ ਆਪਣੇ ਚੋਲੇ ਦੇ ਖੀਸੇ ਵਿੱਚ ਸੰਭਾਲ ਲਿਆ। ਦੁਸ਼ਮਣ ਦੀ ਫੌਜ ਮੋੜ ਮੁੜਨ ਦੀ ਬਜਾਏ ਅੱਗੇ ਲੰਘ ਗਈ। ਰਾਜੇ ਦੀ ਜਾਨ ਬਚ ਕਈ ਕਈ ਮਹੀਨਿਆਂ ਦੀ ਮਿਹਨਤ ਮਗਰੋਂ ਉਸ ਨੇ ਲੁਕਵੀ ਥਾਂ ਤੇ ਆਪਣੀ ਫੌਜ ਨੂੰ ਸੰਗਠਨ ਕਰਨਾ ਸ਼ੁਰੂ ਕੀਤਾ। ਮਿੱਤਰ ਰਾਜਿਆਂ ਦੀ ਮਦਦ ਲਈ ਵੱਡੀ ਫੌਜ ਬਣਾ ਕੇ ਦੁਸ਼ਮਣ ਰਾਜੇ ਨੂੰ ਮੈਦਾਨ ਏ ਜੰਗ ਵਿੱਚ ਲਲਕਾਰਿਆ ਯੁੱਧ ਵਿੱਚ ਜਿੱਤ ਪ੍ਰਾਪਤ ਕੀਤੀ ਤੇ ਆਪਣਾ ਰਾਜ ਭਾਗ ਮੁੜ ਹਥਿਆ ਲਿਆ। ਰਾਜਾ ਹੁਣ ਵੀ ਉਹਨਾਂ ਸ਼ਬਦਾਂ ਇਹ ਸਮਾਂ ਵੀ ਬੀਤ ਜਾਵੇਗਾ ਨੂੰ ਕਦੇ ਕਦੇ ਪੜ੍ਹਦਾ ਸ਼ਬਦ ਉਹਨੂੰ ਅਹਿਸਾਸ ਕਰਾਉਂਦੇ ਕਿ ਚੰਗਾ ਮਾੜਾ ਦੋਹਾਂ ਤਰ੍ਹਾਂ ਦਾ ਸਮਾਂ ਸਦਾ ਨਹੀਂ ਰਹਿਣਾ ਹੁੰਦਾ।

ਜ਼ਫਰਨਾਮੇ ਦੇ ਸ਼ਬਦਾਂ ਦੀ ਸ਼ਕਤੀ ਸੀ ਕਿ ਔਰੰਗਜੇਬ ਨੂੰ ਉਹਦੇ ਜੁਲਮ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਇੰਨੀ ਸ਼ਿੱਦਤ ਨਾਲ ਅਹਿਸਾਸ ਕਰਾਇਆ ਕਿ ਉਹ ਅੰਦਰੋਂ ਟੁੱਟ ਗਿਆ।

ਕਿਸੇ ਨੇ ਸੱਚ ਹੀ ਕਿਹਾ ਹੈ ਕਿ ਸ਼ਬਦਾਂ ਨਾਲ ਤੁਸੀਂ ਸਾਰਾ ਸੰਸਾਰ ਜਿੱਤ ਸਕਦੇ ਹੋ ਪਰ ਤਲਵਾਰ ਨਾਲ ਨਹੀਂ। ਸ਼ਬਦ ਦੀ ਅਹਿਮੀਅਤ ਨੂੰ ਸਮਝ ਜਾਣ ਵਾਲੇ ਲੋਕ ਸਾਰੀ ਉਮਰ ਕਿਤਾਬਾਂ ਨਾਲ ਲਗਾਵ ਰੱਖਦੇ ਹਨ ਅਤੇ ਚੰਗੀਆਂ ਕਿਤਾਬਾਂ ਪੜ੍ਹਨ ਨਾਲ ਸਾਡੀ ਸ਼ਖਸ਼ੀਅਤ ਵਿੱਚ ਬੁਲੰਦੀ ਆਉਣ ਲੱਗਦੀ ਹੈ। ਅਸੀਂ ਆਖ ਸਕਦੇ ਹਾਂ ਕਿ ਕਿਤਾਬਾਂ ਵਿੱਚ ਪੁਰਸ਼ ਨੂੰ ਮਹਾਂਪੁਰਸ਼ ਬਣਾਉਣ ਦੀ ਤਾਕਤ ਛੁਪੀ ਹੁੰਦੀ ਹੈ।

ਕਿਤਾਬਾਂ ਦੀ ਮਹਾਨਤਾ ਬਾਰੇ ਲਿਖਦਿਆਂ ਇੱਕ ਵਿਦਵਾਨ ਜੇਮਜ਼ ਰਸੱਲ ਲਿਖਦਾ ਹੈ: ਕਿਤਾਬਾਂ ਤਾਂ ਸ਼ਹਿਦ ਦੀਆਂ ਮੱਖੀਆਂ ਵਾਂਗ ਹੁੰਦੀਆਂ ਹਨ ਜੋ ਫੁੱਲਾਂ ਦੇ ਬੂਰ ਨੂੰ ਇੱਕ ਦਿਮਾਗ ਤੋਂ ਦੂਜੇ ਤੱਕ ਲੈ ਕੇ ਜਾਂਦੀਆਂ ਹਨ।

ਕਿਤਾਬਾਂ ਸਾਨੂੰ ਬੀਤੇ ਲੰਘ ਗਏ ਸਮਿਆਂ ਦੇ ਦਰਸ਼ਨ ਕਰਵਾਉਂਦੀਆਂ ਹਨ। ਸਦੀਆਂ ਪਹਿਲਾਂ ਹੋਏ ਲੋਕਾਂ ਨਾਲ ਮਿਲਵਾਉਂਦੀਆਂ ਹਨ। ਦੁਨੀਆਂ ਵਿੱਚ ਵਾਪਰੀਆਂ ਪ੍ਰਮੁੱਖ ਘਟਨਾਵਾਂ ਦੇ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਪੇਸ਼ ਕਰਦੀਆਂ

ਹਨ। ਅਰਬ ਦੀ ਇੱਕ ਬੜੀ ਦਿਲਚਸਪ ਕਹਾਵਤ ਹੈ, "ਕਿਤਾਬ ਜੇਬ ਵਿੱਚ ਰੱਖੇ ਬਾਗ ਵਾਂਗ ਹੁੰਦੀ ਹੈ।"

ਕਿਤਾਬਾਂ ਅਨੇਕ ਤਰ੍ਹਾਂ ਦੀਆਂ ਹੁੰਦੀਆਂ ਹਨ ਪਰ ਮੋਟੇ ਤੌਰ ਤੇ ਕਿਤਾਬਾਂ ਚਾਰ ਤਰ੍ਹਾਂ ਦੀਆਂ ਹੁੰਦੀਆਂ ਹਨ ਇੱਕ ਉਹ ਕਿਤਾਬਾਂ ਜੋ ਅਸੀਂ ਆਪ ਵੀ ਨਹੀਂ ਪੜ੍ਹਦੇ ਤੇ ਮੁਫ਼ਤ ਵਿੱਚ ਕਿਸੇ ਹੋਰ ਨੂੰ ਫੜਾ ਦਿੰਦੇ ਹਾਂ। ਦੂਜੀਆਂ ਉਹ ਜੋ ਅਸੀਂ ਆਪ ਪੜ੍ਹਦੇ ਹਾਂ ਤੇ ਦੋਸਤਾਂ ਨੂੰ ਇਹਨਾ ਤੋਂ ਇਹ ਕਹਿ ਕੇ ਰੋਕ ਦਿੰਦੇ ਹਾਂ ਕਿ ਐਵੇਂ ਸਮਾਂ ਬਰਬਾਦ ਕਰਨਾ ਹੈ ਬਸ ਇਸ ਲਈ ਨਾ ਪੜ੍ਹੋ। ਤੀਜੀਆਂ ਉਹ ਜੋ ਅਸੀਂ ਬੜੀ ਦਿਲਚਸਪੀ ਨਾਲ ਪੜ੍ਹਦੇ ਹਾਂ ਅਤੇ ਹੋਰ ਦੋਸਤਾਂ ਮਿੱਤਰਾਂ ਨੂੰ ਪੜ੍ਹਨ ਦੀ ਸਲਾਹ ਦਿੰਦੇ ਹਾਂ। ਚੌਥੀ ਕਿਸਮ ਦੀਆਂ ਉਹ ਕਿਤਾਬਾਂ ਹੁੰਦੀਆਂ ਹਨ ਜਿਹਨਾਂ ਨੂੰ ਜਦੋਂ ਅਸੀਂ ਪੜ੍ਹਦੇ ਹਾਂ ਤਾਂ ਪੜ੍ਹਦਿਆਂ ਪੜ੍ਹਦਿਆਂ ਡਰ ਲੱਗਦਾ ਹੈ ਕਿ ਕਿਤੇ ਇਹ ਕਿਤਾਬ ਜਲਦੀ ਖਤਮ ਨਾ ਹੋ ਜਾਵੇ। ਚੌਥੀ ਕਿਸਮ ਦੀਆਂ ਕਿਤਾਬਾਂ ਉਹ ਹੁੰਦੀਆਂ ਹਨ ਜੋ ਅਸੀਂ ਕਿਸੇ ਨਹੀਂ ਦਿੰਦੇ। ਜੇਕਰ ਕੋਈ ਮੰਗ ਕੇ ਲੈ ਵੀ ਜਾਵੇ ਤਾਂ ਦੁਬਾਰਾ ਆਪਣੀ ਲਾਇਬਰੇਰੀ ਵਿੱਚ ਖਰੀਦ ਕੇ ਰੱਖਣ ਤੱਕ ਸਾਨੂੰ ਚੈਣ ਨਹੀਂ ਆਉਂਦਾ।

ਕਿਤਾਬਾਂ ਜਰੂਰ ਪੜਿਓ ਕਿਉਂਕਿ ਕਿਤਾਬਾਂ ਪੁਰਸ਼ ਨੂੰ ਮਹਾਂਪੁਰਸ਼ ਬਣਾਉਣ ਦੀ ਯੋਗਤਾ ਰੱਖਦੀਆਂ ਹਨ।

ਪੰਜਾਬ ਦੀ ਧਰਤੀ ਉਹਨਾਂ ਮਹਾਨ ਮਹਾਂਪੁਰਸ਼ਾਂ ਦੀ ਧਰਤੀ ਹੈ ਜਿਹਨਾਂ ਆਪਣੀ ਬੌਧਿਕਤਾ ਨਾਲ ਸਾਰੀ ਦੁਨੀਆਂ ਨੂੰ ਪ੍ਰਭਾਵਿਤ ਕੀਤਾ। ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਸਾਡੇ ਦਸ ਗੁਰੂ ਸਹਿਬਾਨ ਇਸ ਧਰਤੀ 'ਤੇ ਵਿਚਰੇ ਅਤੇ ਆਪਣੀ ਵਿਚਾਰਧਾਰਾ ਰਾਹੀਂ ਸਮਾਜ ਨੂੰ ਬੜੀ ਵੱਡੀ ਦੇਣ ਦਿੱਤੀ। ਜੋ ਕਿਹਾ ਉਹ ਸਿਰਫ਼ ਕਿਹਾ ਹੀ ਨਹੀਂ ਬਲਕਿ ਕਰ ਕੇ ਵਿਖਾਇਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ਼ਬਦ ਨੂੰ ਗੁਰੂ ਦਾ ਦਰਜਾ ਦਿੰਦਿਆਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਅਤੇ ਆਪ ਵੀ ਸ਼ਬਦ ਗੁਰੂ ਅੱਗੇ ਨਤਮਸਤਕ ਹੋਏ।

ਭਗਤ ਪੂਰਨ ਸਿੰਘ ਜੀ ਮਨੁੱਖਤਾ ਦੀ ਸੇਵਾ ਕਰਕੇ ਦੇਸ਼ ਵਿੱਚ ਹੀ ਨਹੀਂ ਪੂਰੀ ਦੁਨੀਆਂ ਵਿੱਚ ਆਪਣੀ ਮਿਸਾਲ ਕਾਇਮ ਕੀਤੀ। ਭਗਤ ਜੀ ਕਿਤਾਬਾਂ ਪੜ੍ਹਨ ਨੂੰ ਆਪਣਾ ਨੇਮ ਸਮਝਦੇ ਸਨ। ਸ਼ਬਦਾਂ ਦੀ ਤਾਕਤ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਪਹਿਚਾਣਦੇ ਸਨ। ਉਹ ਆਪ ਵੀ ਇੱਕ ਚੰਗੇ ਲੇਖਕ ਸਨ।

ਇੰਗਲੈਂਡ ਫਰਾਂਸ ਵਰਗੇ ਮੁਲਕਾਂ ਵਿੱਚ ਕਿਤਾਬਾਂ ਪੜ੍ਹਨ ਦਾ ਰਿਵਾਜ ਪਹਿਲਾਂ ਵੀ ਸਾਡੇ ਤੋਂ ਵੱਧ ਸੀ ਅੱਜ ਵੀ ਹੈ। ਕਈ ਮੁਲਕਾਂ ਵਿੱਚ ਜੇਕਰ ਬਸ ਵਿੱਚ ਪੰਜਾਹ ਯਾਤਰੀ ਸਫਰ ਕਰ ਰਹੇ ਹੁੰਦੇ ਸਨ ਤਾਂ ਇਹਨਾਂ 'ਚੋਂ ਚਾਲੀ ਕੋਈ ਨਾ ਕੋਈ ਕਿਤਾਬ ਜਾਂ ਮੈਗਜੀਨ ਪੜ੍ਹ ਰਿਹਾ ਹੁੰਦਾ ਸੀ। ਕਿਤਾਬਾਂ ਕਿਸੇ ਵੀ ਸਮਾਜ ਨੂੰ ਚੰਗਾ ਬਣਾਉਣ ਵਿੱਚ ਸਭ ਤੋਂ ਵੱਡਾ ਰੋਲ ਅਦਾ ਕਰਦੀਆਂ ਹਨ। ਅੱਜ ਜੇਕਰ ਸਾਡੀ ਨੌਜੁਆਨ ਪੀੜੀ ਦੂਜੇ ਮੁਲਕਾਂ ਵਿੱਚ ਆਪਣਾ ਭਵਿੱਖ ਤਲਾਸ਼ ਰਹੀ ਹੈ ਤਾਂ ਇਸ ਵਿੱਚ ਕਿਤੇ ਨਾ ਕਿਤੇ ਕਿਤਾਬਾਂ ਦਾ ਵੀ ਬਹੁਤ ਵੱਡਾ ਰੋਲ ਹੈ।

ਅਸੀਂ ਹੁਣ ਉਸ ਦੌਰ ਵਿੱਚ ਪ੍ਰਵੇਸ਼ ਕਰ ਗਏ ਹਾਂ ਜਿੱਥੇ ਅਨਪੜ੍ਹ ਹੀ ਨਹੀਂ ਪੜ੍ਹੇ ਲਿਖੇ ਵੀ ਚੀਜਾਂ ਨੂੰ ਪੜ੍ਹਨ ਦੀ ਬਜਾਏ ਵੇਖਣ ਦੇ ਆਦੀ ਹੋਣ ਲੱਗ ਪਏ ਹਨ। ਹੁਣ ਅਸੀਂ ਖਬਰਾਂ ਪੜ੍ਹਦੇ ਘੱਟ ਤੇ ਸੁਣਦੇ ਵੇਖਦੇ ਜਿਆਦਾ ਹਾਂ। ਪੜ੍ਹਨ ਦਾ ਰੁਝਾਨ ਘਟ ਰਿਹਾ ਹੈ। ਇੰਟਰਨੈੱਟ 'ਤੇ ਈ ਬੁੱਕ ਦਾ ਰਿਵਾਜ ਵਧ ਰਿਹਾ ਹੈ। ਅਸੀਂ ਕਿਤਾਬਾਂ ਤੋਂ ਕੁਝ ਦੂਰ ਹੋ ਗਏ ਹਾਂ। ਇਸ ਸਭ ਕੁਝ ਦੇ ਬਾਵਜੂਦ ਵੀ ਕਿਤਾਬਾਂ ਦੀ ਸਾਰਥਿਕਤਾ ਬਣੀ ਰਹੇਗੀ। ਉਸ ਦਾ ਕਾਰਨ ਇਹ ਹੈ ਕਿ ਇੰਟਰਨੈੱਟ 'ਤੇ ਕਿਤਾਬ ਪੜ੍ਹਦਿਆਂ ਕਾਲ, ਮੈਸੈਜ, ਕੋਈ ਐਡ ਸਾਡੀ ਇਕਾਗਰਤਾ ਨੂੰ ਵਾਰ ਵਾਰ ਭੰਗ ਕਰਦੇ ਰਹਿੰਦੇ ਹਨ। ਸਕਰੀਨ ਦੀ ਰੌਸ਼ਨੀ ਵੀ ਸਾਡੀਆਂ ਅੱਖਾਂ ਨੂੰ ਪ੍ਰਭਾਵਿਤ ਕਰਦੀ ਹੈ ਅੱਖਾਂ ਥੱਕਣ ਲੱਗਦੀਆਂ ਹਨ। ਇਸ ਲਈ ਕਿਤਾਬ ਪੜ੍ਹਨ ਲਈ ਜੋ ਇਕਾਗਰਤਾ ਚਾਹੀਦਾ ਹੈ ਉਹ ਇੰਟਰਨੈਟ 'ਤੇ ਨਹੀਂ ਬਣ ਸਕਦੀ।

ਕਿਤਾਬਾਂ ਪੜ੍ਹਨ ਲਈ ਚਾਹੀਦਾ ਹੈ ਕਿ ਅਸੀਂ ਕਿਤਾਬ ਪੜ੍ਹਨ ਲਈ ਘਰ ਵਿੱਚ ਲਾਇਬਰੇਰੀ ਬਣਾਉਣ ਦੇ ਨਾਲ ਨਾਲ ਆਪਣੇ ਪੜ੍ਹਨ ਲਈ ਸਮਾਂ ਅਤੇ ਇੱਕ ਥਾਂ ਨਿਰਧਾਰਤ ਕਰੀਏ। ਹਰ ਰੋਜ਼ ਕਿਸੇ ਕਿਤਾਬ ਦੇ ਦਸ ਬਾਰਾਂ ਪੰਨੇ ਪੜ੍ਹਨ ਨਾਲ ਅਸੀਂ ਆਪਣੇ ਅੰਦਰ ਹੁੰਦੀ ਤਬਦੀਲੀ ਨੂੰ ਮਹਿਸੂਸ ਕਰ ਸਕਦੇ ਹਾਂ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਪੜ੍ਹਨ ਲਈ ਅੱਧਾ ਘੰਟਾ ਜਾਂ ਇੱਕ ਘੰਟਾ ਰਾਖਵਾਂ ਰੱਖੀਏ। ਪੂਰਾ ਦਿਨ ਮੋਬਾਇਲ ਦੀ ਸਕਰੀਨ ਤੇ ਉਂਗਲਾਂ ਮਾਰ ਮਾਰ ਕੇ ਅਸੀਂ ਬਹੁਤ ਸਾਰਾ ਸਮਾਂ ਬਰਬਾਦ ਕਰ ਦਿੰਦੇ ਹਾਂ। ਬਹੁਤ ਸਾਰਾ ਡਾਟੇ ਦੇ ਰੂਪ ਵਿੱਚ ਫਜੂਲ ਕਚਰਾ ਅਸੀਂ ਆਪਣੇ ਦਿਮਾਗਾਂ ਵਿੱਚ ਭਰ ਰਹੇ ਹਾਂ। ਇਹ ਸਾਨੂੰ ਬੌਧਿਕ ਪੱਖ ਤੋਂ ਬੌਣਾ ਬਣਾ ਰਿਹਾ ਹੈ। ਚਾਹੀਦਾ ਇਹ ਹੈ ਕਿ ਅਸੀਂ ਆਪਣੀ ਸੋਚਣ ਦੇ ਢੰਗ ਨੂੰ ਵਿਗਿਆਨਕ ਬਣਾਉਣ ਲਈ ਚੰਗੀਆਂ ਕਿਤਾਬਾਂ ਪੜ੍ਹੀਏ।

ਇੱਕ ਵਾਰ ਕੇਰਲਾ ਜਾਣ ਦਾ ਮੌਕਾ ਮਿਲਿਆ ਅਸੀਂ ਉੱਥੇ ਕਿਤਾਬਾਂ ਦੀ ਫੜ੍ਹੀਆਂ ਲੱਗੀਆਂ ਵੇਖੀਆਂ। ਇੱਕ ਬੱਸ ਵਿੱਚ ਸਫਰ ਕਰਦਿਆਂ ਇੱਕ 55-60 ਸਾਲ ਦੀ ਔਰਤ ਕਿਤਾਬਾਂ ਵੇਚਣ ਲਈ ਬੱਸ ਤੇ ਚੜ੍ਹ ਆਈ ਇਹਦੇ ਕੋਲ ਨਗਾਂ ਰਾਸ਼ੀਆਂ ਵਾਲੀਆਂ ਕਿਤਾਬਾਂ ਜੰਤਰੀਆਂ ਨਹੀਂ ਸਨ ਬਲਕਿ ਵਿਸ਼ਵ ਦੇ ਪ੍ਰਸਿੱਧ ਲੇਖਕਾਂ ਦੀਆਂ ਜਗਤ ਪ੍ਰਸਿੱਧ ਕਿਤਾਬਾਂ ਸਨ। ਇੱਥੇ ਅਸੀਂ ਕਰਿਆਨੇ ਅਤੇ ਮੁਨਿਆਰੀ ਵਾਲੀਆਂ ਦੁਕਾਨਾਂ ਦੇ ਬਾਹਰ ਭੁਜੀਏ ਦੇ ਪੈਕਟਾਂ ਵਾਂਗ ਕਿਤਾਬਾਂ ਮੈਗਜੀਨ ਲਟਕਦੇ ਵੇਖੇ।

ਇੱਧਰ ਸਾਡੇ ਪੰਜਾਬੀ ਸਮਾਜ ਵਿੱਚ ਪੜ੍ਹਨ ਦੀ ਰੁਚੀ ਘਟ ਰਹੀ ਹੈ। ਟੀ ਵੀ ਚੈਨਲਾਂ 'ਤੇ ਅੰਧਵਿਸ਼ਵਾਸ਼ੀ ਪ੍ਰੋਗਰਾਮਾਂ ਦਾ ਪ੍ਰਸਾਰਣ, ਮੋਬਾਇਲ ਇੰਟਰਨੈਟ ਅਤੇ ਮਸ਼ੀਨੀ ਕਲਚਰ ਦਾ ਵਿਕਾਸ ਵਰਗੇ ਇਸ ਦੇ ਕਈ ਕਾਰਨ ਹਨ। ਬਹੁ ਗਿਣਤੀ

ਪੰਜਾਬੀ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਅਖਬਾਰ ਤਕ ਨਹੀਂ ਪੜ੍ਹਦੇ, ਕਿਤਾਬਾਂ ਪੜ੍ਹਨੀਆਂ ਦੂਰ ਦੀ ਗੱਲ ਹੈ, ਸਾਡੇ ਲੋਕ ਮੋਬਾਇਲ ਤੇ ਟਿਊਨਾਂ ਲਗਵਾ ਕੇ ਜਾਂ ਫਜੂਲ ਹੀ ਕਿਸੇ ਨਾਲ ਗੱਲਾਂ ਕਰਕੇ ਦਸ ਪੰਦਰਾਂ ਰੁਪਏ ਬਰਬਾਦ ਕਰ ਦੇਣਗੇ ਪਰ 2-3 ਰੁਪਏ ਦਾ ਅਖਬਾਰ ਖਰੀਦਣਾ ਫਜੂਲ ਖਰਚੀ ਲੱਗਦਾ ਹੈ। ਧਨਾਢ ਲੋਕ ਘਰ ਬਣਾਉਂਦਿਆਂ ਵੇਖਾ ਵੇਖੀ ਘਰਾਂ ਵਿੱਚ ਪੂਜਾ ਰੂਮ ਤਾਂ ਬਣਾ ਲੈਣਗੇ ਪਰ ਕਿਤਾਬਾਂ ਲਈ ਘਰਾਂ ਵਿੱਚ ਕੋਈ ਥਾਂ ਨਹੀਂ ਹੁੰਦੀ। ਲੋਕ ਦਿਖਾਵਾ ਕਰਨ, ਫੋਕੀਆਂ ਰਸਮਾਂ, ਵਿਆਹਾਂ ਸ਼ਾਦੀਆਂ ਤੇ ਬੇਤਹਾਸ਼ਾ ਕਰਜਾ ਚੁੱਕ ਚੁੱਕ ਕੇ ਪੈਸਾ ਲਾਉਣ, ਉੱਚੇ ਮਹਿੰਗੇ ਘਰ ਉਸਾਰਨ ਅਤੇ ਮਹਿੰਗੀਆਂ ਗੱਡੀਆਂ ਖਰੀਦਣ ਵਿੱਚ ਸਾਡੇ ਲੋਕ ਇੱਕ ਦੂਜੇ ਤੋਂ ਵੱਧ ਕੇ ਔਖੇ ਹੋ ਕੇ ਵੀ ਪੈਸਾ ਲਾਉਣ ਲਈ ਤਿਆਰ ਰਹਿੰਦੇ ਹਨ। ਅਜਿਹੇ ਹੋਰ ਵੀ ਕਈ ਕੰਮ ਕਰਨ ਵਿੱਚ ਅਸੀਂ ਹਿੰਦੁਸਤਾਨ ਵਿੱਚੋਂ ਪਹਿਲੇ ਨੰਬਰ 'ਤੇ ਹਾਂ। ਪਰ ਬਹੁਗਿਣਤੀ ਲੋਕਾਂ ਦਾ ਕਿਤਾਬਾਂ ਦਾ ਬਜਟ ਜੀਰੋ % ਹੁੰਦਾ ਹੈ। ਅਖੌਤੀ ਬਾਬਿਆਂ, ਡੇਰਿਆਂ, ਜੋਤਸ਼ੀਆਂ, ਵਸ਼ਤੂ ਸ਼ਾਸ਼ਤਰੀਆਂ ਦਾ ਕਾਰੋਬਾਰ ਵੀ ਪੰਜਾਬ ਵਿੱਚ ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਜਿਆਦਾ ਚਮਕ ਰਿਹਾ ਹੈ। ਸਗੋਂ ਦੂਜਿਆਂ ਸੂਬਿਆਂ ਖਾਸ ਕਰਕੇ ਬੰਗਾਲ ਤੋਂ ਅਖੌਤੀ ਕਾਲੇ ਇਲਮ ਦੇ ਮਾਹਰ ਇੱਥੇ ਆ ਕੇ ਆਪਣੀਆਂ ਸੇਵਾਵਾਂ ਦੇ ਰਹੇ ਹਨ। ਭਾਵ ਪੰਜਾਬੀ ਲੋਕ ਆਪਣੀ ਲੁੱਟ ਕਰਵਾ ਕੇ ਉਹਨਾਂ ਨੂੰ ਮਾਲਾ ਮਾਲ ਕਰ ਰਹੇ ਹਨ। ਸਾਡੇ ਕੋਲ ਹਰ ਤਰ੍ਹਾਂ ਦੀਆਂ ਵਸਤਾਂ ਹਰ ਦਿਨ ਵਧ ਰਹੀਆਂ ਹਨ ਪਰ ਬੌਧਿਕਤਾ ਪੱਖੋਂ ਅਸੀਂ ਕੰਗਾਲ ਹੋ ਰਹੇ ਹਾਂ। ਜਿੱਥੇ ਕਿਤਾਬਾਂ ਦਾ ਨਿਰਾਦਰ ਹੋਵੇਗਾ ਉੱਥੇ ਮਨੁੱਖਤਾ ਦਾ ਵੀ ਨਿਰਾਦਰ ਹੋਵੇਗਾ।

ਬੇਸ਼ੱਕ ਕਿਤਾਬਾਂ ਘੱਟ ਪੜ੍ਹੀਆਂ ਜਾ ਰਹੀਆਂ ਹਨ ਪਰ ਇਸ ਦੇ ਬਾਵਜੂਦ ਵੀ ਕਿਤਾਬਾਂ ਪਹਿਲਾਂ ਨਾਲੋਂ ਕਿਤੇ ਵੱਧ ਗਿਣਤੀ ਵਿੱਚ ਛਪ ਰਹੀਆਂ ਹਨ। ਕਿਤਾਬਾਂ ਦਾ ਘੜਮੱਸ ਹੈ। ਭੀੜ ਹੈ। ਕਿਤਾਬਾਂ ਪੜ੍ਹਨ ਦੀ ਚੇਸ਼ਠਾ ਕਰਨ ਵਾਲੇ ਕੁਝ ਕੁ ਲੋਕਾਂ ਨੂੰ ਕਿਤਾਬਾਂ ਦੀ ਚੋਣ ਕਰਨ ਵਿੱਚ ਬੜੀ ਮੁਸ਼ਕਲ ਆਉਂਦੀ ਹੈ। ਹਰ ਹਫਤੇ ਸੈਕੜਿਆਂ ਦੀ ਗਿਣਤੀ ਵਿੱਚ ਕਿਤਾਬਾਂ ਦਾ ਛਪਣਾ ਦੱਸਦਾ ਹੈ ਕਿ ਜਿਆਦਾਤਰ ਕਿਤਾਬਾਂ ਆਪਣੀ ਹਾਊਮੈ ਨੂੰ ਪੱਠੇ ਪਾਉਣ ਲਈ ਹੀ ਛਪਵਾਈਆਂ ਜਾਂਦੀਆਂ ਹਨ। ਇਸ ਮਗਰੋਂ ਇਹਨਾਂ ਨੂੰ ਰੀਲੀਜ਼ ਕਰਾਉਣ ਇਹਨਾਂ 'ਤੇ ਗੋਸ਼ਟੀਆਂ ਕਰਨ ਦੀਆਂ ਖਬਰਾਂ ਲਗਵਾ ਕੇ ਮਨ ਨੂੰ ਠੰਡਕ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਮਾਗਮਾਂ ਮਗਰੋਂ ਇਹਨਾਂ ਨੂੰ ਪ੍ਰਸ਼ਾਦ ਦੇ ਰੂਪ ਵਿੱਚ ਵੰਡ ਦਿੱਤਾ ਜਾਂਦਾ ਹੈ। ਬਹੁਤ ਸਾਰੀਆਂ ਕਿਤਾਬਾਂ ਅਜਿਹੀਆਂ ਹਨ ਜੋ ਨਵੇਂ ਪਾਠਕਾਂ ਨੂੰ ਹੋਰ ਕਿਤਾਬਾਂ ਪੜ੍ਹਨ ਤੋਂ ਰੋਕ ਦਿੰਦੀਆਂ ਹਨ। ਇੱਥੇ ਪਾਠਕ ਨੂੰ ਚਾਹੀਦਾ ਹੈ ਕਿ ਉਹ ਨਿਰਾਸ਼ ਨਾ ਹੋਵੇ ਚੰਗੀਆਂ ਕਿਤਾਬਾਂ ਨੂੰ ਲੱਭਣ ਅਤੇ ਪੜ੍ਹਨ ਲਈ ਯਤਨਸ਼ੀਲ ਰਹੇ। ਸਾਹਿਤ ਸਭਾਵਾਂ ਅਤੇ ਪੁਸਤਕ ਮੇਲਿਆਂ ਵਿੱਚ ਜਾਵੇ। ਹੌਲੀ ਹੌਲੀ ਬਹੁਮੁੱਲੀਆਂ ਕਿਤਾਬਾਂ ਨਾਲ ਉਹਦੀ ਵਾਕਫ਼ੀ ਬਣ ਜਾਵੇਗੀ।

ਗੁਰਬਾਣੀ ਦਾ ਪਾਠ ਕਰਨ ਤੋਂ ਬਾਅਦ ਜਦੋਂ ਅਸੀਂ ਅਰਦਾਸ ਕਰਦੇ ਹਾਂ ਤਾਂ ਉਸ ਵਿੱਚ ਬਿਬੇਕ ਦਾਨ ਮੰਗਦੇ ਹਾਂ। ਜਿਸ ਦਾ ਭਾਵ ਹੈ ਸਾਡੀ ਸੋਚ ਵਿਚਾਰ ਕਰਨ ਦੀ ਸ਼ਕਤੀ ਵਧੇ। ਪਰ ਇਸ ਲਈ ਅਸੀਂ ਆਪ ਬਹੁਤ ਘੱਟ ਜ਼ਹਿਮਤ ਕਰਦੇ ਹਾਂ। ਚੰਗੀਆਂ ਅਖਬਾਰਾਂ, ਚੰਗੀਆਂ ਕਿਤਾਬਾਂ ਇਸ ਵਿੱਚ ਸਾਡੀਆਂ ਸਭ ਤੋਂ ਵੱਖ ਸਹਾਈ ਹੋ ਸਕਦੀਆਂ ਹਨ। ਇਸ ਤੋਂ ਇਲਾਵਾਂ ਚੰਗੀ ਸੋਚ ਰੱਖਣ ਵਾਲੇ ਚੰਗੇ ਸਾਹਿਤਕਾਰਾਂ, ਲੇਖਕਾਂ, ਵਿਦਵਾਨਾਂ, ਚਿੰਤਕਾਂ ਦੇ ਸਕੂਲਾਂ ਕਾਲਜਾਂ ਵਿੱਚ ਸੈਮੀਨਾਰ ਕਰਵਾਉਣੇ ਚਾਹੀਦੇ ਹਨ। ਸੋਚ ਵਿਚਾਰ ਦਾ ਵਿਕਾਸ ਅਤੇ ਆਪਣੇ ਇਤਿਹਾਸ, ਵਿਰਸੇ ਦੇ ਮਹਾਨ ਲੋਕਾਂ ਦੀਆਂ ਨਿੱਗਰ ਕਦਰਾਂ ਕੀਮਤਾਂ ਗ੍ਰਹਿਣ ਕਰਕੇ ਅਸੀਂ ਬੌਧਿਕ ਪੱਖ ਤੋਂ ਅੱਗੇ ਵੱਧ ਸਕਦੇ ਹਾਂ।

ਚੀਨ ਦੇ ਲੋਕ ਆਖਦੇ ਹਨ ਕਿ 'ਕਿਤਾਬ ਅੰਦਰ ਸੋਨੇ ਦਾ ਘਰ ਪਿਆ ਹੁੰਦਾ ਹੈ।' ਇਸੇ ਤਰਾਂ ਆਈਸਲੈਂਡ ਦੀ ਕਹਾਵਤ ਹੈ 'ਕਿਤਾਬ ਵਿਹੂਣੇ ਹੋਣ ਨਾਲੋਂ ਜੁੱਤੀ ਵਿਹੂਣੇ ਹੋਣਾ ਬਿਹਤਰ ਹੈ।' ਕਿਤਾਬਾਂ ਸਾਡੀ ਜਿੰਦਗੀ ਦੇ ਬਹੁਤ ਸਾਰੇ ਦੁੱਖਾਂ ਨੂੰ ਹਮੇਸ਼ਾ ਲਈ ਦੂਰ ਕਰਨ ਦੀ ਸਮਰੱਥਾ ਰੱਖਦੀਆਂ ਹਨ। ਹੰਗਰੀ ਦੇ ਲੋਕ ਆਖਦੇ ਹਨ ਕਿਤਾਬ ਖਾਮੋਸ਼ ਗੁਰੂ ਹੁੰਦੀ ਹੈ।

ਉਹ ਲੋਕ ਵਿਚਾਰੇ ਕਿੰਨੇ ਬਦਕਿਸਮਤ ਸਨ ਜੋ ਕਿਤਾਬਾਂ ਪੜ੍ਹਨ ਤੋਂ ਵਿਰਵੇ ਹੀ ਇਸ ਦੁਨੀਆਂ ਤੋਂ ਚਲੇ ਜਾਣਗੇ। ਆਓ ਕਿਤਾਬਾਂ ਨਾਲ ਸਾਂਝ ਪਾਈਏ, ਘਰਾਂ ਤੇ ਦਿਲਾਂ ਵਿੱਚ ਕਿਤਾਬਾਂ ਨੂੰ ਥਾਂ ਦੇਈਏ।

**9855051099**

**ਪਿਛਲੇ ਦਿਨਾਂ ਵਿੱਚ ਪੰਜਾਬੀ ਦੇ ਉੱਘੇ ਕਹਾਣੀਕਾਰ ਪ੍ਰੇਮ ਪ੍ਰਕਾਸ਼, ਸੁਹਿਰਦ ਆਲੋਚਕ ਡਾ. ਹਰਜਿੰਦਰ ਸਿੰਘ ਅਟਵਾਲ, ਸ਼ਾਇਰ ਕੇਸਰ ਸਿੰਘ ਨੀਰ, ਨਾਵਲਕਾਰ ਨਦੀਮ ਪਰਮਾਰ, ਪਿਸ਼ੌਰਾ ਸਿੰਘ ਢਿੱਲੋਂ ਅਤੇ ਹਿੰਦੀ ਦੇ ਸਮਰੱਥ ਕਹਾਣੀਕਾਰ ਸੁਭਾਸ਼ ਪੰਤ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ ਹਨ। ਅਦਾਰਾ 'ਪ੍ਰਤਿਮਾਨ' ਇਹਨਾਂ ਵਿਛੜੇ ਲੇਖਕ ਦੋਸਤਾਂ ਨੂੰ ਆਪਦੀ ਅਕੀਦਤ ਦੇ ਫੁੱਲ ਭੇਂਟ ਕਰਦਾ ਹੈ।**

## ਧੀ ਕਵਿਤਾ

ਗਿਲਾ ਨਹੀਂ
ਜੇ ਸਾਡੇ ਵਿਹੜੇ
ਦੋ ਗੁੱਤਾਂ ਕਰ ਕੇ
ਲਾਲ ਰਿਬਨ ਵਾਲਾਂ ਵਿਚ ਬੰਨ੍ਹੀ
ਨਿੱਕੀ ਜਹੀ
ਕੋਈ ਧੀ ਨਾ ਖੇਡੀ

ਪਿਆਰ ਨਾਲ ਗਲਵੱਕੜੀ ਪਾਉਂਦੀ
ਮਾਂ ਦੇ ਦੁੱਖ ਸੁੱਖਾਂ ਦੀ ਸਾਥਣ
ਨਿੱਕੇ ਨਿੱਕੇ ਕੰਮਾਂ ਵਿਚ
ਨਿੱਕਾ ਨਿੱਕਾ ਹੱਥ ਵਟਾਉਂਦੀ
ਅਗਲੇ ਘਰ ਜਾ
ਸੁੱਖੀ ਵੱਸਣ ਦੇ
ਤੌਰ ਤਰੀਕੇ ਸਿੱਖਦੀ

ਪਿਓ ਦੀਆਂ ਅੱਖਾਂ ਵਿਚ ਉਹ
ਜਦੋਂ ਉਦਾਸੀ ਵਿੰਹਦੀ
ਉਹਦਾ ਮੱਥਾ ਚੁੰਮਦੀ
ਝੱਟ ਉਹਦੀ ਗੋਦੀ ਆ ਬਹਿੰਦੀ
ਇਕ ਇਕ ਕਰਕੇ
ਉਹਦੇ ਮੱਥੇ ਦੀਆਂ
ਸਿਲਵਟਾਂ ਸਿੱਧੀਆਂ ਕਰਦੀ

ਜੋ ਕੁਝ
ਉਸ ਨੇ ਕਰਨਾ ਸੀ
ਉਹ ਅੱਜਕਲ
ਮੇਰੀ ਕਵਿਤਾ ਕਰਦੀ
ਮੈਂ ਸ਼ਬਦਾਂ 'ਚੋਂ
ਉਹਨੂੰ ਲੱਭ ਕੇ
ਬੜੀ ਦੇਰ
ਉਹਦਾ ਚਿਹਰਾ ਵਿੰਹਦਾ
ਉਹਦੇ ਨਕਸ਼ ਸਵਾਰੀ ਜਾਂਦਾ

ਆਪਣੇ ਸਭ ਸੰਸੇ ਚਿੰਤਾਵਾਂ
ਉਹਦੇ ਹੱਥ ਫੜਾ ਕੇ
ਮੈਂ ਵਿਹਲਾ ਹੋ ਜਾਂਦਾ
ਉਹ ਵੀ ਹੱਸਦੀ ਹੱਸਦੀ



ਸ਼ਬਦਾਂ ਨਾਲ ਸ਼ਿੰਗਾਰੀ
ਹੋਰ ਵੀ ਸੁਹਣੀ ਲੱਗਦੀ
ਇਹ ਵਿਸ਼ਵਾਸ ਦਿਵਾਉਂਦੀ
ਮੈਂ ਨਹੀਂ ਕਿਤੇ ਵੀ ਜਾਣਾ
ਤੇਰੇ ਦਿਲ ਤੇਰੇ ਚੇਤੇ 'ਚੋਂ
ਮੈਂ ਰੁਖ਼ਸਤ ਨਹੀਂ ਹੋਣਾ
ਮੈਂ ਤਾਂ ਬਿਨਾਂ ਬੁਲਾਇਆਂ
ਜਦ ਵੀ ਤੇਰੇ ਅੰਦਰ
ਕੋਈ ਪੀੜ ਘੁਟਣ ਜਾਂ ਖ਼ੁਸ਼ੀ ਹੋਏਗੀ
ਆਪੇ ਆ ਜਾਣਾ ਏਂ

ਮੈਂ ਤੇਰੀ ਰੂਹ ਦਾ ਹਿੱਸਾ ਹਾਂ
ਤੂੰ ਆਪਣੇ ਬੂਹੇ ਨਾ ਭੇੜੀਂ
ਬਾਪੂ ਦੇ ਵਿਹੜੇ 'ਤੇ
ਮੇਰਾ ਪੂਰਾ ਹੱਕ ਹੈ

ਜੋ ਕੁਝ ਧੀ ਨੇ ਕਰਨਾ ਸੀ
ਉਹ ਅੱਜਕਲ
ਕਵਿਤਾ ਕਰਦੀ ਹੈ

## ਬਿਰਖ਼ ਬੋਲਦਾ

ਬਿਰਖ਼ ਬੋਲਦਾ–
ਕੋਈ ਮੇਰੇ ਟਾਹਣਾਂ 'ਤੇ
ਪੀਂਘ ਪਾਵੇ ਜਾਂ ਫ਼ਾਹਾ ਲਵੇ
ਮੈਨੂੰ ਕੀ ਫ਼ਰਕ ਪੈਣਾ
ਮੈਂ ਤਾਂ ਏਥੇ ਹੀ ਖੜ੍ਹੇ ਰਹਿਣਾ

ਸਾਉਣ ਦੀਆਂ ਤੀਆਂ ਲੱਗਣ
ਕੁੜੀਆਂ ਖੇਡਣ,ਪੀਂਘਾਂ ਝੂਟਣ
ਰੰਗ ਬਰੰਗੀਆਂ ਚੁੰਨੀਆਂ ਲਹਿਰਣ
ਦੰਦਾਸੇ 'ਚੋਂ ਕਿਰ ਕੇ ਆਉਂਦੇ
ਹਾਸੇ ਛਣਕਣ

ਮਹਿਕ ਮਹਿਕ ਜਾਵਾਂ ਮੈਂ ਵੀ
ਮੋਹ ਮਾਣ ਨਾਲ
ਹਿੱਕ ਫੁੱਲ ਜਾਵੇ ਮੇਰੀ ਵੀ

ਪਰ ਜਦ ਕੋਈ
ਪਿੰਡ ਦਾ ਪੁੱਤਰ
ਪਿਓ ਕਿਸੇ ਦਾ
ਕਰਜ਼ੇ, ਕਾਗ਼ਜ਼, ਕੁਰਕੀ
ਹੇਠਾਂ ਦੱਬ ਕੇ ਮੇਰੇ ਟਾਹਣ 'ਤੇ
ਅੰਤਿਮ ਝੂਟਾ ਲੈਂਦਾ
ਮੇਰਾ ਪੱਤਾ ਪੱਤਾ ਰੋਂਦਾ
ਮੈਂ ਭਾਵੇਂ
ਚੁੱਪ ਚਾਪ ਖੜ੍ਹੋਤਾ ਰਹਿੰਦਾ

ਜਦੋਂ ਕੁਹਾੜਾ ਚੱਲੇ ਮੇਰੀ ਹਿੱਕ 'ਤੇ
ਮੈਂ ਬੱਚਿਆਂ ਦੀ ਤਖ਼ਤੀ ਬਣ ਕੇ
ਉਹਨਾਂ ਨਾਲ ਸਕੂਲੇ ਜਾਵਾਂ
ਵੰਝਲੀ ਬਣ ਕੇ
ਆਸ਼ਿਕ ਦੇ ਬੁੱਲ੍ਹਾਂ ਨੂੰ ਚੁੰਮਾਂ
ਕਾਗ਼ਜ਼ ਬਣ ਕੇ
ਸ਼ਾਇਰ ਦੇ ਦੁੱਖ
ਹਿੱਕ 'ਚ ਸਾਂਭਾਂ
ਉਦੋਂ ਮੈਂ ਆਪਣੇ ਆਪ 'ਚ
ਮਾਣ ਨਾਲ ਭਰ ਜਾਂਦਾ
ਆਪਣਾ ਜੀਵਨ ਧੰਨ ਸਮਝਦਾ

ਜਦ ਮੈਂ ਸੱਤਾ ਕੁਰਸੀ ਬਣ ਕੇ
ਰਾਜੇ ਦੇ ਦਰਬਾਰ 'ਚ ਆਵਾਂ
ਨਿਰਦੋਸ਼ਾਂ ਨੂੰ ਸਜ਼ਾ ਸੁਣਾਵਾਂ
ਮੁਨਸਿਫ਼ ਦੀ ਕੁਰਸੀ ਤੋਂ
ਜਦ ਇਨਸਾਫ਼ ਨੂੰ ਫ਼ਾਂਸੀ ਲਾਵਾਂ


ਉਦੋਂ ਮੈਂ
ਆਪਣੀ ਹੋਣੀ ਤੇ ਸ਼ਰਮਿੰਦਾ ਹੋ ਕੇ
ਆਪਣੇ ਅੰਦਰ ਹੀ ਅੰਦਰ
ਆਪਣੀ ਜੂਨ ਨੂੰ ਲਾਹਨਤ ਪਾਵਾਂ
ਆਪਣੀ ਅੱਗ 'ਚ ਸੜਕੇ
ਆਪਣੀ ਰਾਖ਼ ਉਡਾਵਾਂ
ਹਵਾ 'ਚ ਗੁੰਮ ਹੋ ਜਾਣਾ ਚਾਹਵਾਂ।

## ਡੀ ਐੱਨ ਏ (Deoxyribonucleic acid) / ਗੁਰਨਾਮ ਢਿੱਲੋਂ

ਹੋਵੇ ਚੌਕ-ਚੁਰਾਹਾ ਉਪਸਥਿਤ
ਭਾਰਤ ਦੇ ਕਿਸੇ ਸੁਪ੍ਰਸਿੱਧ ਸ਼ਹਿਰ ਦੇ ਦਿਲ, ਹਿਰਦੇ,
ਕਲੇਜੇ ਵਿਚ,
ਢਾਹ ਕੇ ਪਾਕਿਸਤਾਨ ਦੀ ਕੇਂਦਰੀ ਜੇਲ੍ਹ ਨੂੰ
ਤਮੀਰ ਹੋਵੇ ਕੀਤਾ ਲਹੌਰ ਵਿਚ
ਜਾਂ ਕਿਤੇ ਦੂਰ-ਦੁਰਾਡੇ ਦੇਸ਼ਾਂ-ਦੇਸ਼ਾਂਤਰਾਂ ਵਿਚ
ਹੋਵੇ ਬਿਰਾਜਮਾਨ ਕਿਸੇ ਵੀ ਭੂ-ਖੰਡ ਦੀ ਨਾਭੀ ਵਿਚ,
ਚੌਕ-ਚੁਰਾਹੇ ਦਾ ਨਾਂ ਹੋਵੇ
ਸ਼ਾਦਮਨ ਚੌਕ ਜਾਂ ਸ਼ਹੀਦ ਭਗਤ ਸਿੰਘ ਚੌਕ,
ਸੁਸ਼ੋਭਿਤ ਹੋਵੇ ਜਿਸ ਵਿਚ ਬੁੱਤ
ਭਗਤ ਸਿੰਘ,
ਇਸ਼ਫਾਕਉੱਲਾ ਖਾਨ
ਜਤਿੰਦਰ ਨਾਥ ਸਾਨਿਅਲ
ਚੇ ਗਵੇਰਾ
ਜਾਂ ਕਿਸੇ ਵੀ ਹੋਰ ਕ੍ਰਾਂਤੀਕਾਰੀ ਯੋਧੇ ਦਾ
ਰਤਾ ਫ਼ਰਕ ਨਹੀਂ ਪੈਂਦਾ
ਹਾਂ, ਰਤਾ ਫ਼ਰਕ ਨਹੀਂ ਪੈਂਦਾ!

ਕਰੋ ਖੜ੍ਹੇ ਤੁਸੀਂ ਲੱਖ ਵੱਖਰੇਵਿਆਂ ਦੇ ਪਹਾੜ
ਆਪਣੀ ਆਪਣੀ ਸ਼ਨਾਖਤ ਖ਼ਾਤਰ
ਲੜੋ ਮੁਕੱਦਮੇਂ ਸਿਖਰਲੀਆਂ ਅਦਾਲਤਾਂ ਵਿਚ
ਚੌਕ ਦੇ ਨਾਮਕਰਣ ਲਈ,

ਲਹਿਲਹਾਉਂਦੇ ਕੁਰਬਾਨੀਆਂ ਦੇ ਉਪਜਾਊ ਖੇਤਾਂ ਵਿਚ
ਠੋਕੋ ਕਿੱਲ ਵਿਛਾਓ ਲੁੱਕ
ਪਾਓ ਨੇਜ਼ਿਆਂਹਾਰ ਵੱਟਾਂ
ਗੱਡੋ ਅਸਪਾਤਾਂ ਦੇ ਡਰਨੇ
ਵੰਡੋ ਨਫ਼ਰਤੀ ਕਿਆਰੇ. ਕਿਆਰੀਆਂ ਵਿਚ
ਕਰੋ ਖੜੀਆਂ ਕੰਡਿਆਲੀਆਂ ਤਾਰਾਂ, ਉੱਚੀਆਂ ਦੀਵਾਰਾਂ
ਉਸਾਰੋ ਕਿਲ੍ਹੇ ਬੇਪਰਤੀਤੀਆਂ ਦੇ
ਮੋੜੋ ਪੁੱਠੇ ਪਾਸੇ ਤਵਰੀਖ ਦੇ
ਵਗਦੇ ਦਰਿਆਵਾਂ ਦੇ ਵਹਿਣ ਐਪਰ
ਸਾਰੇ ਮਰਦੇ-ਮੁਜਾਹਦਾਂ ਆਪਣੇ ਇਸ਼ਟ ਖ਼ਾਤਰ
ਹੱਸ ਹੱਸ ਮੌਤ ਨੂੰ ਗਲ਼ੇ ਲਗਾਉਣ ਵਾਲੇ ਯੋਧਿਆਂ ਦੇ
ਨਾਂ ਭਾਵੇਂ ਵੱਖਰੇ ਵੱਖਰੇ ਹੋਣ
ਰੂਪ ਭਾਵੇਂ ਵੱਖਰੇ ਵੱਖਰੇ ਹੋਣ
ਖਿੱਤੇ ਭਾਵੇਂ ਵੱਖਰੇ ਵੱਖਰੇ ਹੋਣ
ਦੇਸ਼ ਭਾਵੇਂ ਵੱਖਰੇ ਵੱਖਰੇ ਹੋਣ
ਅੰਦਰ ਦਿਲ ਇਕ ਹੁੰਦਾ ਹੈ, ਇਕ



ਆਭਾਮੰਡਲ ਇਕ ਹੁੰਦਾ ਹੈ, ਇਕ
ਹੁੰਦੀ ਹੈ ਉਗਮਦੇ ਵਲਵਲਿਆਂ ਤੇ
ਛਟਪਟਾਉਂਦੀਆਂ ਤਰੰਗਾਂ ਦੀ ਸਰਗਮ ਇਕ
ਹੁੰਦਾ ਹੈ ਰਗਾਂ ਵਿਚ ਵਗਦੇ
ਖ਼ੂਨ ਦੀ ਰਵਾਨੀ ਦਾ ਅਸਰ ਇਕ
ਅੱਖਾਂ ਵਿਚੋਂ ਡੁੱਲ੍ਹਦੀ ਲਾਲੀ ਦਾ ਜਲੌਅ ਇਕ
ਸੰਜੋਏ ਸੁਪਨਿਆਂ ਦਾ ਸੰਸਾਰ ਇਕ

ਜਾਂਦੀ ਹੈ ਰਮ ਉਨ੍ਹਾਂ ਦੇ
ਚਿੰਤਨ ਅਤੇ ਚੇਤਨਾ ਦੀ ਮਹਿਕ
ਕੁਦਰਤ ਦੇ ਜ਼ਰੇ ਜ਼ਰੇ ਵਿਚ
ਉਹ ਇਤਿਹਾਸ ਦੇ ਕਿਸੇ ਵੀ
ਯੁੱਗ ਵਿਚ ਵਿਗਸਣ ਉਨ੍ਹਾਂ ਦੇ ਪਦਚਿੰਨ
ਹਸ਼ਰ ਤੀਕਰ ਨਸਲਾਂ ਦੇ ਰਾਹ ਰੁਸ਼ਨਾਉਣ
ਉਹ ਉਜੜੀ ਗੁਲਜ਼ਾਰ ਨੂੰ
ਆਪਣੇ ਗ਼ਰਮ ਖ਼ੂਨ ਨਾਲ ਸਿੰਜਣ
ਕਲੀਆਂ ਦੀਆਂ ਮੀਢੀਆਂ
ਆਪਣੇ ਹਿੰਮਤੀ ਹੱਥਾਂ ਨਾਲ ਗੁੰਦਣ
ਉਲਝੀਆਂ ਅਤੇ ਖਿੰਡੀਆਂ ਜ਼ੁਲਫਾਂ ਸੁਲਝਾਉਣ
ਨੈਣਾਂ ਵਿਚ ਕਜਲਾ ਪਾਉਣ
ਸੱਖਣੇ ਕੰਨਾਂ ਵਿਚ ਜੁਗਨੂੰਆਂ ਦੇ ਬੁੰਦੇ ਸਜਾਉਣ
ਬੇਚਿਰਾਗ ਮੱਥਿਆਂ ਉੱਤੇ ਸੂਰਜ ਦਾ ਟਿੱਕਾ ਲਾਉਣ
ਸੋਕੜੇ ਮਾਰੀਆਂ ਰੁੱਤਾਂ ਨੂੰ ਤਰੋ-ਤਾਜ਼ਾ ਕਰਨ
ਬੇਰੰਗ ਗੁਲਾਂ ਵਿਚ ਸ਼ੋਖ ਰੰਗ ਭਰਨ
ਬੇਪਰੇ ਪੰਖੇਰੂਆਂ ਨੂੰ ਉਡਣ ਲਈ ਪੰਖ ਲਗਾਉਣ
ਬੇਬੋਲ ਚਿੜੀਆਂ, ਘੁੱਗੀਆਂ ਨੂੰ ਚਹਿਚਹਾਉਣਾ,
ਗੀਤ ਗਾਉਣਾ ਸਿਖਾਉਂਣ ਕੋਈ ਮੁਸੀਬਤ ਉਨ੍ਹਾਂ ਦੇ
ਰਾਹ ਵਿਚ ਪਹਾੜ ਬਣ ਨਾ ਖਲੋਵੇ
ਉਨ੍ਹਾਂ ਦੀ ਕਲਪਨਾ, ਕਿਰਿਆਸ਼ੀਲਤਾ ਅਤੇ
ਦਰਸ਼ਨ ਦਾ ਡੀ ਐਨ ਏ
ਸਮਰੂਪ, ਸਮਾਨ, ਇਕਰੂਪ ਹੋਵੇ।

## ਹਿੰਦੀ ਕਵਿਤਾਵਾਂ / ਜਸਵੀਰ ਤਿਆਗੀ
## ਪੰਜਾਬੀ ਅਨੁਵਾਦ: ਗੁਰਮਾਨ ਸੈਣੀ



### ਰੋਟੀ ਦੀ ਮਹਿਕ

ਸੜ੍ਹਕ ਕੰਢੇ..
ਇੱਕ ਆਦਮੀ ਤੇ ਔਰਤ
ਰੇਹੜੀ ਉੱਤੇ ਬਣਾ ਰਹੇ ਹਨ
ਸਬਜ਼ੀ ਤੇ ਰੋਟੀ।

ਔਰਤ ਦੇ...
ਨਿੱਕੇ ਨਿੱਕੇ ਹੁਨਰਮੰਦ ਹੱਥ
ਬੇਲ ਰਹੇ ਸਨ
ਤੇਜ਼ ਤੇਜ਼, ਗੋਲ਼ ਗੋਲ਼ ਰੋਟੀਆਂ।

ਆਦਮੀ...
ਰੁੱਝਿਆ ਹੋਇਆ ਹੈ
ਖਾਲੀ ਥਾਲੀਆਂ ਨੂੰ ਭਰਨ ਵਿੱਚ।

ਤਵੇ ਉੱਤੇ ਸਿਕਦੀਆਂ
ਰੋਟੀਆਂ ਦੀ ਮਹਿਕ
ਘੁਲਦੀ ਪਈ ਹੈ ਹਵਾ ਵਿੱਚ
ਹੌਲੀ ਹੌਲੀ...
ਜਿਵੇਂ ਸਬਜ਼ੀ ਵਿੱਚ
ਘੁਲਦਾ ਪਿਆ ਹੈ ਲੂਣ।

ਰੋਟੀ ਦੀ ਮਹਿਕ
ਸੰਸਾਰ ਦੀ
ਸਭ ਮਹਿਕਾਂ ਤੋਂ ਉੱਪਰ ਹੈ।

ਚੱਮਚ, ਕਟੋਰੀ, ਥਾਲ਼ੀ
ਤੇ ਚਿਮਟੇ ਦੀ ਆਵਾਜ਼
ਭੁੱਖੇ ਆਦਮੀ ਨੂੰ
ਦੇ ਰਹੀ ਹੈ ਖਾਣ ਦਾ ਨਿਓਤਾ।

ਰੇਹੜੀ ਦੇ ਚੌਹੀਂ ਪਾਸੀਂ
ਚਾਅ ਨਾਲ ਖਾਣਾ ਖਾਉਂਦੇ
ਮਿਹਨਤਕਸ਼ ਮਜ਼ਦੂਰ
ਖਾਣਾ ਖਾਂਦਾ ਹੋਇਆ ਆਦਮੀ
ਸੰਸਾਰ ਦੀ ਸਭ ਭਾਸ਼ਾਵਾਂ ਵਿੱਚ
ਸਭ ਤੋਂ ਵਧੀਆ ਕਵਿਤਾ ਹੈ।

ਰੋਟੀਆਂ ਸੇਕਦੀ ਹੋਈ ਔਰਤ
ਤੇ ਰੋਟੀ ਖਾਂਦੇ ਹੋਏ ਲੋਕ
ਦੂਰੋਂ ਹੀ ਚਮਕਦੇ ਹਨ
ਜਿਵੇਂ ਚਮਕਦੀ ਹੈ ਚੁੱਲ੍ਹੇ ਦੀ ਅੱਗ।

### ਰੋਣਾ

ਪਿਉ ਦੇ
ਸੰਸਾਰ ਤੋਂ ਵਿਦਾ ਹੋ ਜਾਣ ਮਗਰੋਂ
ਉਹ ਪਹਿਲੀ ਵਾਰ ਮਿਲਿਆ
ਆਪਣੇ ਜਿਗਰੀ ਦੋਸਤ ਨੂੰ
ਦੇਖਦਿਆਂ ਹੀ ਗਲ਼ੇ ਲੱਗ
ਰੋਇਆ ਜ਼ਾਰੋ ਜਾਰ

ਦੋਸਤਾਂ ਨੂੰ ਗਲ਼ ਲੱਗੇ ਦੇਖ ਕੇ
ਹੰਝੂ ਵੀ...
ਇੱਕ ਦੂੱਜੇ ਦੇ ਗਲ਼ ਨੂੰ ਜਾ ਲੱਗੇ

ਦੋ ਦੋਸਤ..
ਸੰਸਾਰ ਤੋਂ ਵਿਦਾ ਹੋ ਚੁੱਕੇ
ਆਪਣੇ ਆਪਣੇ ਪਿਉ ਦੀ ਯਾਦ ਵਿੱਚ
ਖੜ੍ਹਿਆਂ ਹੀ ਭਿੱਜੇ ਰਹੇ ਦੇਰ ਤੀਕ
ਜਦੋਂ ਕਿ ਦੋਵੇਂ ਹੀ ਪਿਉ ਸਨ
ਤੇ ਰੋ ਰਹੇ ਸਨ ਬੱਚਿਆਂ ਵਾਂਗ।

### ਨੈਣ

ਸਿਆਲ ਆਉਣ ਤੇ
ਮਾਂ ਇੱਕ ਮੰਜੇ ਉੱਤੇ
ਵਿਹੜੇ ਵਿੱਚ ਬਹਿ ਜਾਂਦੀ ਹੈ
ਸਵੇਰ ਦੀ ਸੁਨਹਿਰੀ ਧੁੱਪ
ਠਹਿਰ ਜਾਂਦੀ ਹੈ ਉਸਦੇ ਚਿਹਰੇ ਤੇ
ਉਸ ਵੇਲੇ...
ਮਾਂ ਤੇ ਧੁੱਪ ਨੂੰ ਦੇਖਣਾ
ਭਰ ਦਿੰਦਾ ਹੈ ਮਮਤਾ ਨਾਲ।
ਜ਼ਿੰਦਗੀ ਦੀਆਂ ਦੋ ਅੱਖਾਂ ਹਨ
ਮਾਂ ਅਤੇ ਧੁੱਪ
ਜਿਨ੍ਹਾਂ ਵਿੱਚੋਂ
ਮੈਂ ਮਾਂ ਤੇ ਦੁਨੀਆਂ ਨੂੰ ਦੇਖਦਾ ਹਾਂ।

### ਕੁੱਝ ਇਨਸਾਨ

ਕੁੱਝ ਇਨਸਾਨ
ਕਵਿਤਾ ਰਚਦੇ ਹਨ
ਕੁੱਝ ਇਨਸਾਨ
ਕਵਿਤਾ ਪੜ੍ਹਦੇ ਹਨ

ਕੁੱਝ ਇਨਸਾਨ
ਨਾ ਕਵਿਤਾ ਲਿਖਦੇ ਹਨ
ਨਾ ਕਵਿਤਾ ਪੜ੍ਹਦੇ ਹਨ

ਕੁੱਝ ਇਨਸਾਨ
ਖ਼ੁਦ ਕਵਿਤਾ ਹੁੰਦੇ ਰਹੇ।

### ਇਤਿਹਾਸ

ਜਵਾਨ ਮੁੰਡਾ
ਜਦੋਂ ਆਪਣੇ
ਤਜ਼ੁਰਬੇਕਾਰ ਮਾਂ
ਬਾਪ ਨੂੰ ਕਹਿੰਦਾ ਹੈ
ਤੁਹਾਨੂੰ ਕੁੱਝ ਨਹੀਂ ਪਤਾ
ਬੁੱਢੇ ਹੋ ਗਏ ਹੋ ਤੁਸੀਂ

ਜਵਾਨ ਮੁੰਡੇ ਦਾ
ਇਹ ਕਹਿਣਾ
ਇਤਿਹਾਸ ਦੀ
ਨਿਖੇਧੀ ਕਰਦਾ ਹੈ



## ਕਹਾਣੀ / ਰਿਸ਼ਤੇ / ਮੁਖ਼ਤਿਆਰ ਸਿੰਘ



ਮੇਜਰ ਸਿੰਘ ਤੜਕ ਸਵੇਰ ਇੱਕ ਦਮ ਉੱਠਿਆ। ਦਿਲ ਫੜ੍ਹ ਕੇ ਬੈਠ ਗਿਆ। ਸਿਰ ਨੂੰ ਘੁਮੇਰ ਆ ਰਹੀ। ਪਸੀਨੇ ਨਾਲ ਭਿੱਜ ਗਿਆ, 'ਹੈਂ ਇਹ ਕੀ ? ਪਹਿਲਾਂ ਕਦੇ ਨੀਂ। ਉਸ ਨੇ ਹੌਲੀ ਹੌਲੀ ਲੰਮੀ ਬਾਂਹ ਕਰਕੇ ਬੱਤੀ ਜਗਾਈ।

ਕੁਲਦੀਪ ਕੌਰ ਅਡੋਲ ਪਈ ਸੀ। ਉਸ ਨੂੰ ਕੁੱਝ ਪਤਾ ਨਹੀਂ। ਬੱਤੀ ਜਗਣ ਨਾਲ ਉਸ ਦੀਆਂ ਅੱਖਾਂ ਦੋ ਕੁ ਵਾਰ ਸੁੰਗੜੀਆਂ। ਅੱਖਾਂ ਦਾ ਝਮਕਾ ਵੱਜਿਆ। ਪਾਸਾ ਲੈ, ਟਿੱਕ ਗਈ।

ਉਹ ਕੁਲਦੀਪ ਨੂੰ ਜਗਾਉਣਾ ਨਹੀਂ ਚਾਹੁੰਦਾ। ਉਹ ਪਹਿਰ ਰਾਤ ਤੱਕ ਰੋਟੀ-ਟੁੱਕ ਤੇ ਕਪੜਾ-ਲੀੜਾ ਦਾ ਸਾਂਭ-ਸਵੱਈਆ ਕਰਦੀ, ਥੱਕ-ਟੁੱਟ ਕੇ ਚੂਰ ਹੋ ਜਾਂਦੀ। ਬਿਸਤਰੇ 'ਤੇ ਡਿੱਗਦੀ ਸਾਰ ਨੀਂਦ ਘੇਰ ਲੈਂਦੀ।

ਮੇਜਰ ਰਾਤੀਂ ਉਸ ਦੇ ਨੇੜੇ ਨਹੀਂ ਲੱਗਿਆ। ਜਿਸ ਦਿਨ ਸੱਪ ਵਾਂਗ ਲਿਪਟਦਾ। ਉਸ ਦਾ ਸਾਹ ਨਾਲ਼ ਸਾਹ ਨਹੀਂ ਰਲਦਾ। ਹੌਲੀ ਹੌਲੀ ਸਾਹ ਠੀਕ ਹੁੰਦਾ। ਉਹ ਦੋਵੇਂ ਡਰਦੇ। ਫਿਰ ਵੀ ਕਈ ਵਾਰ...।

ਉਸ ਦੀ ਘਬਰਾਹਟ ਵੱਧ ਰਹੀ। ਲਾਗੇ ਪਿਆ ਪਾਣੀ ਮਸਾਂ ਦੋ ਕੁ ਘੁੱਟ ਪੀ ਹੋਇਆ। ਉਸ ਦੀ ਹਾਲਤ ਆਪੇ ਤੋਂ ਬਾਹਰ ਹੋਣ ਲੱਗੀ। ਉਸ ਨੇ ਕੁਲਦੀਪ ਨੂੰ ਝੰਜੋੜ ਦਿੱਤਾ। ਉਹ ਡਰ ਕੇ ਉਠੀ। ਹੈਰਾਨ ਰਹਿ ਗਈ, 'ਕਿਆ ਹੋਇਆ ? ਕਿਮੇਂ ਭਿਜਿਆ ਪਿਐਂ ?'

ਉਹ ਠਠੰਬਰ ਗਈ। ਮੇਜਰ ਨੂੰ ਤੜਫ਼ਦਾ ਵੇਖ, ਭਿੰਦਰ ਦੇ ਕਮਰੇ ਵੱਲ ਭੱਜੀ, 'ਬੇ ਪੁੱਤ ਬੇ...ਉੱਠ ...ਮੇਰਾ ਸ਼ੇਰ।' ਉਹ ਬੋਲਦੀ ਹੋਈ ਤਖ਼ਤੇ ਖੜਕਾਉਣ ਲੱਗੀ।

ਭਿੰਦਰ ਅੱਖਾਂ ਮਲਦਾ ਉੱਠ ਆਇਆ, 'ਹਾਂ ਮਾਤਾ ਕਿਆ ਰੌਲਾ ਪਾਇਐ।'

'ਪੁੱਤ ਬੇ ਪਿਓ ਨੂੰ ਬਚਾਅ ਲੈ।' ਉਹ ਉਸ ਦਾ ਹੱਥ ਫੜਕੇ ਖ਼ਿੱਚ ਕੇ ਲੈ ਗਈ।

ਭਿੰਦਰ ਦੇਖ਼ ਕੇ ਚੁੱਪ, ਡਰਨੇ ਵਾਂਗ ਖੜ੍ਹ ਗਿਆ। ਉਸ ਨੂੰ ਸਮਝ ਨਾ ਆਵੇ ਕੀ ਕਰੇ।

'ਪੁੱਤ ਬੇ, ਜੱਗੀ ਨੂੰ ਫ਼ੋਨ ਕਰ ?'

'ਮਾਤਾ ਉਹ ਡੰਗਰ ਡਾਕਟਰ ਐ। ਐਵੇਂ ਝੋਲ੍ਹਾ-ਛਾਪ ਬਣਿਆ ਫ਼ਿਰਦੈ ਡਾਕ..ਧਾਰ।'

'ਪੁੱਤ ਓਹਦੇ ਹੱਥ ਜੱਸ ਐ। ਪੰਚਾਂ ਦੀ ਨੂੰਹ ਦੇ ਇੱਕ ਟੀਕਾ ਲਾਇਆ। ਉਹ ਨੌ ਬਰ ਨੌ ਹੋਗੀ ਤੀ। ਛੇਤੀ ਫ਼ੋਨ ਕਰ।'

'ਹੂੰ! ਨੌਂ-ਬਰ-ਨੌ ਹੋਗੀ ਤੀ...ਮੈਨੂੰ ਪਤੈ ਜੱਗੀ ਦਾ...?' ਭਿੰਦਰ ਬੁੜ੍ਹ-ਬੁੜ੍ਹ ਕਰਦਾ ਬਾਹਰ ਆ ਗਿਆ, 'ਬਾਪ ਵੀ ਪੀਣ ਤੋਂ ਨਹੀਂ ਹਟਦਾ। ਜੇ ਰੋਕੀਦੈ, ਕਹੂ ਨੀਂਦ ਗੂਹੜੀ ਆਉਂਦੀ ਐ। ਖ਼ਾਧਾ ਪੀਤਾ ਹਜ਼ਮ ਹੋ ਜਾਂਦੈ, ਮਿੱਟੀ ਨਾਲ ਮਿੱਟੀ ਹੋਇਆ ਤਾ...। ਹੁਣ ਮਸ਼ੀਨਰੀ ਆਗੀ। ਕੰਮ ਸੌਖ਼ੇ ਹੋਗੇ। ਤੂੰ ਫ਼ੇਰ ਬੀ ਭਈਆਂ ਦੇ ਸਿਰ ਤੇ ਹੈਂ।'

'ਬਾਪ ਨੂੰ ਪੁੱਛਣ ਆਲਾ ਹੋਵੇ, ਸਾਂਭਣ ਆਲਾ ਬੀ ਕੋਈ ਚਾਹੀਦੈ ?' ਉਸ ਨੇ ਜੱਗੀ ਨੂੰ ਫ਼ੋਨ ਕਰ ਦਿੱਤਾ। ਉਹ ਝੱਟ ਆ ਗਿਆ।

ਸੁੱਖ਼ਦੀਪ ਵੀ ਬੋਲ-ਬੁਲਾਰਾ ਸੁਣ ਕੇ ਅਬੜ੍ਹ-ਬਾਹੇ ਉੱਠ ਕੇ ਹੈਰਾਨ ਰਹਿ ਗਈ। ਉਹ ਭਾਜੜ ਪਈ ਵੇਖ਼ ਕੇ ਪੁੱਛਣ ਦਾ ਹੌਸਲਾ ਨਾ ਕਰ ਸਕੀ। ਚੁੱਪ ਚਾਪ ਉਨ੍ਹਾਂ ਦੀ ਮਦਦ ਕਰਨ ਲੱਗ ਪਈ। ਉਸ ਨੂੰ ਬਾਪੂ ਦੀ ਹਾਲਤ ਦੇਖ਼ ਕੇ ਪਤਾ ਲੱਗ ਗਿਆ।

ਜੱਗੀ ਨੇ ਮੇਜਰ ਦੀ ਨਬਜ਼ ਵੇਖ਼ੀ। ਉਸ ਨੂੰ ਰਾਹਤ ਦੇਣ ਲਈ ਟੀਕਾ ਲਾ ਦਿੱਤਾ। ਬਰੀਕ ਗੋਲੀ ਮੂੰਹ 'ਚ ਪਾ ਦਿੱਤੀ। ਉਹ ਭਿੰਦਰ ਦੀ ਬਾਂਹ ਫ਼ੜ੍ਹ ਕੇ ਬਾਹਰ ਲੈ ਆਇਆ, 'ਵੀਰੇ ਐਂ ਕਰੋ, ਛੇਤੀ ਤੋਂ ਛੇਤੀ ਲੁਦੇਹਾਣੇ ਲੈ ਜੋ। ਅਟੈਕ ਐ। ਓਥੇ ਤੱਕ ਜਾਂਦਾ ਕਰ ਦਿੱਤਾ...।'

ਜੱਗੀ ਕਹਿ ਕੇ ਤੁਰ ਪਿਆ। ਕੁਲਦੀਪ ਕੌਰ ਨੇ ਵੀ ਸੁਣ ਲਿਆ। ਉਹ ਮਗਰ ਆ ਖ਼ੜ੍ਹੀ ਸੀ। ਉਸ ਨੇ ਜੱਗੀ ਨੂੰ ਘੇਰ ਕੇ ਤਰਲੇ ਨਾਲ ਕਿਹਾ, 'ਬੇ ਵੀਰ ਸਾਡੇ ਨਾਲ ਚੱਲ, ਸਾਨੂੰ ਪਤਾ ਨੀਂ ਲੱਗਣਾ।'

ਜੱਗੀ ਨੇ ਮੂੰਹ ਮੋੜਿਆ, ਚਾਚੀ ਫ਼ਿਕਰ ਕਾਸ ਨੂੰ ਕਰਦੇ ਹੋ...। ਓਹ ਆਪੇ ਸਾਂਭ ਲੈਣਗੇ। ਇੱਥੇ ਰਾਤ ਨੂੰ ਕਿਸੇ ਹੋਰ ਵੀਰ ਭੈਣ ਦੀ ਡੰਗਰ ਵੱਛੀ ਢਿੱਲੀ ਹੋਗੀ...ਫ਼ੇ...?' ਉਹ ਚਲਾ ਗਿਆ।

ਕੁਲਦੀਪ ਕੌਰ ਚੁੱਪ ਕਰ ਗਈ। ਉਹ ਪੁੱਤ ਵੱਲ ਹੋਈ, 'ਬੇ ਪੁੱਤ ਕੱਢ ਗੱਡੀ ਚੱਲੀਏ।'

ਭਿੰਦਰ ਨੇ ਫ਼ਟਾ ਫ਼ਟ ਕਪੜੇ ਬਦਲੇ। ਜਿੰਨੇ ਕੁ ਪੈਸੇ ਪਏ ਸਨ। ਚੁੱਕ ਲਏ। ਕਪੜਾ, ਲੀੜਾ, ਪਾਣੀ, ਕੌਲੀ ਗਲਾਸ ਸੁੱਖ਼ਦੀਪ ਨੇ ਝੋਲ੍ਹੇ ਵਿੱਚ ਪਾ ਦਿੱਤੇ। ਉਸ ਨੂੰ ਕੁਲਦੀਪ ਨੇ ਸਮਝਾਇਆ, 'ਪੁੱਤ ਤੇਰੇ ਬਾਪੂ ਨੂੰ ਲੈ ਕੇ ਚੱਲੇ ਹਾਂ। ਫ਼ਿਕਰ ਨਾ ਕਰੀਂ। ਚੁਸਤੀ ਨਾਲ ਰਹੀਂ...।'

'ਫ਼ੋਨ 'ਤੇ ਪਤਾ ਦਿੰਦੇ ਰਿਹੋ।' ਉਹ ਉਨ੍ਹਾਂ ਨੂੰ ਤੋਰਨ ਦੇ ਆਹਰ ਲੱਗ ਗਈ ਸੀ।

ਮੇਜਰ ਦਾ ਸਾਹ ਕੁਝ ਕੁ ਸੌਖਾ ਹੋਇਆ। ਜੱਗੀ ਦੇ ਟੀਕੇ ਨੇ ਅਸਰ ਕਰ ਦਿੱਤਾ ਸੀ। ਭਿੰਦਰ ਨੇ ਉਸ ਨੂੰ ਫ਼ੜ ਕੇ ਗੱਡੀ 'ਚ ਬਿਠਾ ਲਿਆ। ਕੁਲਦੀਪ ਮੇਜਰ ਨੂੰ ਸਹਾਰਾ ਦੇਣ ਲਈ ਨਾਲ ਬੈਠ ਗਈ। ਕਾਰ ਤੁਰਦੀ ਸਾਰ ਉਸ ਨੇ ਵਹਿਗੁਰੂ-ਵਹਿਗੁਰੂ ਜਪਣਾ ਸ਼ੁਰੂ ਕਰ ਦਿੱਤਾ ਸੀ।

ਉਸ ਦੇ ਮਨ 'ਚ ਡਰ ਬੈਠਦਾ ਜਾਂਦਾ। ਕਿੱਤੇ ਛੱਡ ਕੇ ਨਾ ਤੁਰ ਜਾਣ। ਕੀ ਕਰਾਂਗੀ ? ਨੂੰਹ ਦਾ ਕੀ ਪਤਾ ਪੁੱਛੇ ਨਾ ਪੁੱਛੇ। ਮੁੰਡੇ ਨੂੰ ਉੱਲਟ ਪੱਟੀ ਪੜ੍ਹਾ ਦਏ। ਫੇ ਕੀ ਕਰੂੰ ? ਕੀਦੇ ਕੋਲ ਦੁੱਖ ਸੁੱਖ ਕਰੂੰ ? ਵਹਿਗੁਰੂ-ਵਹਿਗੁਰੂ ਇਹ ਦਿਨ ਨਾ ਦੇਖਣੇ ਪੈਣ। ਨਾਲ ਈ ਚੁੱਕ ਲੀਂ। ਹਾਏ ਕਲੇਜਾ ਬਾਹਰ ਨੂੰ ਆਉਂਦੈ।'

'ਏ ਜੀ ਅੱਖਾਂ ਖ਼ੋਲ ਕੇ ਰੱਖੋ। ਕੋਈ ਗੱਲ ਕਰੋ।'

ਮੇਜਰ ਥੋੜਾ ਜਿਹਾ ਉਸ ਵੱਲ ਝਾਕਿਆ। ਹੌਲੀ ਹੌਲੀ ਬੋਲਿਆ, 'ਮੈਂ. . .ਠੀ ਕ ਆਂ ਫ਼ਿਕਰ ਨਾ...ਕਰੋ।'

'ਹਾਂ ਜੀ ਹਾਂ ਨੇੜੇ ਆ ਹਸਪਤਾਲ, ਹੌਸਲਾ ਰੱਖੋ। ਠੀਕ ਹੋ ਜਾਣੈ।'

ਭਿੰਦਰ ਚੁੱਪ ਚਾਪ ਗੱਡੀ ਚਲਾ ਰਿਹਾ ਸੀ। ਉਹ ਵੀ ਪੂਰਾ ਡਰਿਆ ਹੋਇਆ ਸੀ। ਉਸ ਦੇ ਵਾਰ ਵਾਰ ਇਹੋ ਖ਼ਿਆਲ ਆਈ ਜਾਂਦਾ। ਬਾਪ ਬੱਚ ਰਹੇ। ਘਰ ਬੈਠੇ ਬੰਦੇ ਦਾ ਸੌ ਆਸਰਾ ਹੁੰਦੈ। ਆਪਣੀ ਪੂਰੀ ਵਾਹ ਲਾਵਾਂਗੇ। ਬਾਪ ਨਾਲ ਹੱਸਦੇ ਹਸਾਉਂਦੇ ਵਾਪਸ ਆਵਾਂਗੇ। ਮਾਸਟਰਾਂ ਦਾ ਬਾਪੂ ਇਹਦੇ ਨਾਲੋਂ ਜਿਆਦਾ ਢਿੱਲਾ ਤੀ। ਵੱਡੇ ਹਸਪਤਾਲੋਂ ਠੀਕ ਹੋ ਗਿਆ ਤੀ। ਪੈਸਿਆਂ ਦਾ ਕੀ ਐ। ਹੱਥਾਂ ਦੀ ਮੈਲ। ਸਭ ਤਾਰ ਦਿਆਂਗੇ।

ਉਹ ਹਸਪਤਾਲ ਪਹੁੰਚ ਗਏ। ਗੇਟ 'ਤੇ ਖੜ੍ਹੇ ਸੇਵਾਦਾਰਾਂ ਨੇ ਸਟਰੈਚਰ ਖ਼ਿਚ ਲਿਆਂਦਾ। ਉਨ੍ਹਾਂ ਨੂੰ ਤੱਤਕਾਲ ਡਿਓਟੀ 'ਤੇ ਲਾਇਆ ਹੋਇਆ ਸੀ। ਮੇਜਰ ਨੂੰ ਲਿਜਾਣ ਤੋਂ ਪਹਿਲਾਂ ਇੱਕ ਜਣੇ ਨੇ ਹੱਥ ਵਾਲੇ ਜੰਤਰ ਨਾਲ ਮੱਥੇ ਦਾ ਤਾਪਮਾਨ ਨਾਪਿਆ। ਉਸ ਦੇ ਓ. ਕੇ. ਕਹਿਣ ਤੋਂ ਮੇਜਰ ਨੂੰ ਤੱਤਕਾਲ ਕਮਰੇ 'ਚ ਲੈ ਗਏ। ਉੱਥੇ ਖ਼ੜੇ ਡਾਕਟਰ ਤੇ ਨਰਸਾਂ, ਮੇਜਰ ਵੱਲ ਭੂੰਡਾਂ ਵਾਂਗ ਆਲੇ ਦੁਆਲੇ ਹੋ ਗਏ।

ਡਾਕਟਰ ਨੇ ਚੈਕ ਕੀਤਾ। ਭਿੰਦਰ ਤੋਂ ਸਾਰਾ ਹਾਲ ਪੁੱਛਿਆ, ਕੀ ਹੋਇਆ। ਪੂਰਾ ਵੇਰਵਾ ਲਿੱਖ਼ ਕੇ ਉਸ ਨੇ ਟੈਸਟਾਂ ਦੀ ਰੀਪੋਰਟ ਆਉਂਣ ਤੱਕ ਕੁਝ ਵੀ ਦੱਸਣ ਤੋਂ ਨਾਂਹ ਕਰ ਦਿੱਤੀ ਸੀ।

ਦੋ ਨਰਸਾਂ, ਜਿਹੜੀਆਂ ਹਾਲੇ ਤੱਕ ਚੁੱਪ ਖ਼ੜ੍ਹੀਆਂ, ਮਰੀਜ਼ ਨੂੰ ਤਾੜ ਰਹੀਆਂ ਸਨ। ਉੱਨ੍ਹਾਂ ਵਿੱਚੋਂ ਇੱਕ ਬੋਲ ਪਈ, 'ਵੀਹ ਹਜ਼ਾਰ ਐਡਵਾਂਸ ਜਮਾਂ ਕਰਾ ਆਓ। ਟੈਸਟਾਂ ਦੇ ਪੈਸਿਆਂ ਦੀ ਪਰਚੀ ਬਾਅਦ 'ਚ ਦਿੰਨੇ ਆਂ।'

ਭਿੰਦਰ ਨੇ ਜਿਹੜੇ ਪੈਸੇ ਚੁੱਕ ਲਿਆਂਦੇ ਸਨ, ਉੱਨ੍ਹਾਂ ਵਿੱਚੋਂ ਵੀਹ ਹਜ਼ਾਰ ਜਮਾਂ ਕਰਾਉਣ ਚਲਾ ਗਿਆ। ਕੁਲਦੀਪ ਕੌਰ ਕਮਰੇ ਦੇ ਬਾਹਰ ਬੈਠੀ ਪੈਸਿਆਂ ਦੀਆਂ ਗਿਣਤੀਆਂ ਮਿਣਤੀਆਂ ਕਰਨ ਲੱਗ ਪਈ, 'ਘਰ ਏਨੇ ਪੈਸੇ ਹੈ ਨਹੀਂ। ਹੋਰ ਪਤਾ ਨਹੀਂ ਕਿੰਨੇ ਕੁ ਲੱਗਣਗੇ ? ਮੁੰਡਾ ਕਿੱਥੋਂ ਲਿਆ ਕੇ ਲਾਜ ਕਰਾਊ ? ਅੱਛਾ ਵਹਿਗੁਰੂ ਭਲੀ ਕਰੂ।'

ਭਿੰਦਰ ਅਗੇਤਰੇ ਪੈਸੇ ਜਮ੍ਹਾਂ ਕਰਾ ਕੇ ਆਇਆ ਸੀ। ਨਰਸ ਨੇ ਉਸ ਨੂੰ ਪਰਚੀ ਫੜਾਈ, 'ਇਹ ਟੈਸਟ ਕਰਨ ਲੱਗੇ ਆਂ। ਪੈਸਿਆਂ ਦਾ ਇੰਤਜ਼ਾਮ ਕਰ ਲਿਓ।'

ਭਿੰਦਰ ਇੱਕ ਪਲ ਚਿੱਟ ਵੱਲ ਝਾਕੇ, ਦੂਜੇ ਪਲ ਮੁੜੀ ਜਾਂਦੀ ਨਰਸ ਦੀ ਪਿੱਠ ਵੱਲ, ਜਿਸ ਦਾ ਛੇਤੀ ਤੁਰਨ ਨਾਲ ਲੱਕ ਘੁੰਮਦਾ ਜਾਂਦਾ। ਉਹ ਫ਼ਿਕਰ 'ਚ ਵੇਖਦਾ ਹੀ ਰਹਿ ਗਿਆ। ਉਸ ਦਾ ਜੀਅ ਕੀਤਾ ਥੱਪੜ ਮਾਰ ਕੇ ਉਸ ਦੀ ਅਜਿਹੀ ਹਰਕਤ ਨੂੰ ਰੋਕ ਦੇਵੇ। ਉਸ ਨੇ ਕੌੜਾ ਘੁੱਟ ਭਰ ਲਿਆ, 'ਫ਼ਸੇ ਆਂ। ਬਾਪੂ ਨੂੰ ਵੇਖਣ 'ਚ ਹੀ ਅੱਜੇ ਵੇਲਣੇ 'ਚ ਚੀਚੀ ਆਈ ਐ... ਲਾਜ਼ ਸ਼ੁਰੂ ਹੋਏ ਤੋਂ ਫ਼ੇ...।'

ਉਹ ਫ਼ੋਨ ਵੇਖਣ ਲੱਗਾ ਰੁਕ ਗਿਆ। ਉਹ ਕਿੱਥੋਂ ਪੈਸੇ ਦਏਗੀ ? ਹਜ਼ਾਰ ਦੋ ਹਜ਼ਾਰ ਉਸ ਕੋਲ ਹੋਏਗਾ। ਉਸ ਨਾਲ ਕੀ ਬਣਨੈ। ਥੋੜਾ ਦਿਨ ਚੜ੍ਹੇ, ਆੜ੍ਹਤੀਏ ਨੂੰ ਫ਼ੋਨ 'ਤੇ ਇੰਤਜ਼ਾਮ ਕਰਨ ਲਈ ਕਹਿ ਦਿਆਂਗਾ। ਉਸ ਦਾ ਸੁੱਖ਼ਦੀਪ ਵੱਲ ਧਿਆਨ ਚਲਾ ਗਿਆ। ਉਸ ਨੂੰ ਹਸਪਤਾਲ ਪਹੁੰਚਣ ਦਾ ਫ਼ੋਨ 'ਤੇ ਦੱਸ ਦਿੱਤਾ ਸੀ ਕਿ ਫ਼ਿਕਰ ਨਾ ਕਰੇ। ਇਲਾਜ਼ ਸ਼ੁਰੂ ਹੋ ਗਿਆ।

ਕੁਲਦੀਪ ਨੇ ਉਸ ਨੂੰ ਪਰੇਸ਼ਾਨੀ 'ਚ ਵੇਖ਼ ਲਿਆ, 'ਪੁੱਤ ਕਿਆ ਕਹਿੰਦੇ। ਹਾਅ ਕਾਗਤ ਕੀ ਐ ?'

'ਮਾਤਾ, ਟੈਸਟਾਂ ਦੀ ਪਰਚੀ। ਪੈਸਿਆਂ ਦਾ ਇੰਤਜ਼ਾਮ ਕਰਨ ਲਈ ਕਹਿ ਗਈ। ਦੱਸ, ਐਨਾ ਖ਼ਰਚ ਕਿੱਥੋਂ ਲਿਆਵਾਂਗੇ ?'

'ਕੋਈ ਨਾ ਪੁੱਤ ਸੋਚਦੇ ਆਂ। ਹਾਂ ਸੱਚ ਸੁੱਖ਼ਦੀਪ, ਆਪ ਦੇ ਭਰਾ ਨੂੰ ਫ਼ੋਨ ਕਰੇ।'

ਭਿੰਦਰ ਸੋਚਣ ਲੱਗ ਪਿਆ ਸੀ। ਉਹ ਸੁੱਖ਼ਦੀਪ ਨੂੰ ਕਹੇ ਜਾਂ ਨਾ ਕਹੇ ? ਉਸ ਨੂੰ ਸਹੁਰਿਆਂ ਦਾ ਪਤਾ ਸੀ। ਸੁੱਖ਼ਦੀਪ ਦੇ ਭਰਾ ਕੀ ਕਰਦੇ ਨੇ ਤੇ ਉਨ੍ਹਾਂ ਦਾ ਬਾਪੂ ਸਖ਼ਤ ਸੁਭਾਅ 'ਚ ਹੱਥ ਘੁੱਟ ਲੈਂਦਾ ਹੈ। ਐਵੇਂ ਸਹੁਰਿਆਂ ਤੋਂ ਸਾਨ ਨੀਂ ਕਰਾਉਣਾ, ਕਹਿਣਗੇ ਨੰਗ ਜੱਟ ਨਾਲ ਵਾਹ ਪੈ ਗਿਆ। ਬੁੜ੍ਹੇ ਦਾ ਲਾਜ ਨੀਂ ਕਰਾ ਸਕੇ।

'ਮਾਤਾ ਮੈਂ ਮਾਮੇ ਹੋਰਾਂ ਨੂੰ ਸਵਾਲ ਪਾਉਂਨਾ।'

'ਨਾ ਵੇ ਪੁੱਤ ਤੇਰੇ ਮਾਮਿਆਂ ਨੂੰ ਕੌਣ ਪੁੱਛਦੈ ? ਭਤੀਜਿਆਂ ਦੀ ਚਲਦੀ ਐ। ਨਾ ਪੁੱਛੀਂ।'

'ਮਾਤਾ ਏਧਰ ਮੇਰੇ ਸੌਹਰੇ ਦੀ ਚੱਲਦੀ ਐ ? ਉਹ ਮਸਾਂ ਗੁਜ਼ਾਰਾ ਕਰਦੇ ਨੇ। ਮੁੰਡਿਆਂ ਦੇ ਹੱਥ ਪੈਸਾ ਦਿੰਦਾ ਨੀਂ। ਉਹ ਨਸ਼ਿਆਂ 'ਚ ਉੱਡਾ ਦੇਣਗੇ। ਤੂੰ ਐਂ ਕਰ ਦੋ ਕੁ ਮੋਟੀਆਂ ਚੂੜੀਆਂ ਕੱਢ। ਐਵੇਂ ਹਿੱਕ ਨਾਲ ਲਾਈਂ ਫਿਰਦੀ ਐਂ।'

ਉਸ ਦੀ ਮਾਂ ਦੇ ਸਿਰ 'ਚ ਸੌ ਘੜਾ ਪਾਣੀ ਦਾ ਪੈ ਗਿਆ। ਉਹ ਹੁਣ ਕੀ ਜੁਆਬ ਦੇਵੇ ਪੁੱਤ ਨੂੰ ? ਚੁੱਪ ਹੋ ਗਈ। ਕੁਝ ਚਿਰ ਸੁੰਨ ਪਸਰੀ ਰਹੀ।

ਭਿੰਦਰ ਮਾਂ ਦੇ ਹਾਵ ਭਾਵ ਵੇਖ਼ਦਾ ਰਿਹਾ। ਉਸ ਦੀ ਮਾਂ ਨੇ ਹੌਸਲਾ ਇਕੱਠਾ ਕਰਕੇ ਕਿਹਾ, 'ਪੋਤਾ ਪੋਤੀ ਦੇ ਵਿਆਹ 'ਚ

ਵਰਤਲਾਂਗੇ। ਤੂੰ ਵਹੁਟੀ ਤੋਂ ਲੈ ਲਾ।'

ਭਿੰਦਰ ਖਿਝ ਗਿਆ, 'ਮਾਤਾ ਆਪਣੇ ਜੀਂਦੇ ਜੀਅ ਖ਼ਰਚ ਲੈ ਮੇਰੇ ਬਾਪ ਲਈ। ਆਪਣੇ ਘਰਵਾਲੇ ਲਈ। ਅਸੀਂ ਬੱਚਿਆਂ ਦੇ ਬਿਨਾਂ ਲੈਣ ਦੇਣ ਤੋਂ ਸਾਦਾ ਵਿਆਹ ਕਰਨੇ ਐ।'

ਉਹ ਚਾਹ ਲਈ ਕਹਿਣ ਬਾਹਰ ਤੁਰ ਗਿਆ, 'ਬੁੜ੍ਹੀਆਂ ਦੇ ਪੁਰਾਣੇ ਖਿਆਲ ਨੀ ਜਾਣੈ। ਆਪਣੇ ਪੇਕਿਆਂ ਤੋਂ ਕੁਝ ਲੈਣ ਦੇਣ ਵੇਲੇ ਆਪ ਈ ਸਿੱਧਾ ਜੁਆਬ। ਸਭ ਕੁਝ ਨੂੰਹ ਤੋਂ ਭਾਲਦੀ ਐ। ਬਿਨਾਂ ਮਤਲਬ, ਪੇਕਿਆਂ ਦੀ ਤਰੀਫ਼ ਕਰੀ ਜਾਊ। ਨੂੰਹ ਦੇ ਪੇਕਿਆਂ ਨੂੰ ਬੁਰਾ ਭਲਾ ਕਹਿੰਦੀ ਰਹੂ।'

ਉਹ ਬੁੜ੍ਹ-ਬੁੜ੍ਹ ਕਰਦਾ ਹਸਪਤਾਲ ਦੇ ਬਾਹਰ ਚਾਹ ਵਾਲੇ ਨੂੰ ਚਾਹ ਕਹਿ ਆਇਆ। ਨਾਲ ਬਰੈਡ ਪਕੌੜੇ ਵੀ ਕਹਿ ਦਿੱਤੇ।

ਕੁਲਦੀਪ ਨੀਵੀਂ ਪਾਈ ਬੈਠੀ ਸੋਚਦੀ ਰਹੀ, 'ਇਹ ਠੀਕ ਹੋ ਜਾਣ ...ਟੂੰਬਾਂ ਦਾ ਕੀ ਐ। ਮੈਂ ਕੀ ਕਰਨੀਆਂ ਨੇ, ਦੇ ਦਿੰਨੀ ਆਂ। ਸਾਂਭਣ ਦਾ ਜੱਭ ਮੁੱਕੂ। ਇੱਨ੍ਹਾਂ ਦੀਆਂ ਈ ਨੇ। ਮੈਂ ਹੁਣ ਪਾ ਕੇ ਬੈਠਣੈ ?'

ਭਿੰਦਰ ਨੇ ਆਈ. ਸੀ. ਯੂ. ਦੇ ਸ਼ੀਸ਼ਿਆਂ ਵਿੱਚੀਂ ਪਿਓ ਨੂੰ ਵੇਖਣ ਦੀ ਕੋਸ਼ਿਸ਼ ਕੀਤੀ। ਪਹਿਰੇ 'ਤੇ ਬੈਠੇ ਸੇਵਾਦਾਰ ਨੇ ਥੋੜ੍ਹਾ ਬੂਹਾ ਖੋਲ੍ਹ ਕੇ ਵਿਖਾ ਵੀ ਦਿੱਤਾ। ਮੇਜਰ ਦੀਆਂ ਅੱਖਾਂ ਬੰਦ। ਡਰਿਪ ਲੱਗੀ ਹੋਈ। ਦੂਜੇ ਪਾਸੇ ਸ਼ੀਸ਼ਿਆਂ ਵਿੱਚੀਂ ਨਰਸਾਂ ਬੈਠੀਆਂ ਖੜ੍ਹੀਆਂ ਨਿਗਰਾਨੀ ਕਰ ਰਹੀਆਂ ਸਨ। ਉਸ ਨੂੰ ਕੁਝ ਤਸੱਲੀ ਹੋਈ ਕਿ ਇਲਾਜ ਸ਼ੁਰੂ ਹੋ ਜਾਵੇਗਾ। ਉਹ ਮਾਂ ਨੂੰ ਵੀ ਵਿਖਾ ਲਿਆਇਆ ਸੀ।

ਬਾਹਰ ਆ ਕੇ ਉਹ ਤਸੱਲੀ ਜਿਹੀ ਨਾਲ ਚੁੱਪ ਬਹਿ ਗਏ। ਉਹ ਗੱਲ ਕੀ ਕਰਨ। ਕੋਈ ਖ਼ਿਆਲ ਔੜ ਹੀ ਨਹੀਂ ਰਿਹਾ ਸੀ। ਨੀਵੀਂ ਪਾ ਲੈਂਦੇ। ਆਉਣ ਜਾਣ ਵਾਲਿਆਂ ਵੱਲ ਸੁੰਗੜੀਆਂ ਅੱਖਾਂ ਨਾਲ ਓਪਰਾ ਓਪਰਾ ਝਾਕ ਲੈਂਦੇ। ਥੋੜ੍ਹਾ ਚਿਰ ਪਹਿਲਾਂ ਟੂੰਬਾਂ ਅਤੇ ਸਾਕਾਂ ਤੋਂ ਲੈਣ ਦੇਣ ਲਈ ਔਖੇ ਹੋਏ ਸਨ। ਇੱਕ ਦੂਜੇ ਤੋਂ ਸ਼ਰਮਿੰਦਗੀ ਮਹਿਸੂਸ ਕਰਨ ਲੱਗ ਪਏ।

ਭਿੰਦਰ ਨੂੰ ਖ਼ਿਆਲ ਆਇਆ, 'ਮਾਤਾ ਪਿੰਡੋਂ ਰੋਟੀ ਕੌਣ ਲੈ ਕੇ ਆਊ ?'

'ਲੈ ਵੇ ਪੁੱਤ, ਸੁੱਖ਼ ਘਰ ਛੱਡ ਕੇ ਕਿਮੇਂ ਆਊ ?'

'ਮੈਂ ਓਨੂੰ ਫ਼ੋਨ ਕਰ ਦਿੰਨਾ। ਪਕਾਅ ਲਵੇ। ਕਿਸੇ ਆਂਢੀ ਗੁਆਂਢੀ ਨੂੰ ਪੁੱਛਦਾਂ।' ਉਸ ਨੇ ਇੱਕ ਘਰ ਛੱਡ ਕੇ ਤਾਰੂ ਨੂੰ ਫ਼ੋਨ ਮਿਲਾ ਲਿਆ। ਉਸ ਨਾਲ ਸਹਿਚਾਰ ਵੀ ਹੈਗਾ ਸੀ। ਉਸ ਨੂੰ ਸਾਰੀ ਗੱਲ ਸਮਝਾ ਦਿੱਤੀ।

'ਲੈ ਮਾਤਾ ਤਾਰੂ ਨਾਲ ਤੈਨੂੰ ਘਰ ਭੇਜ ਦੇਣੈ। ਕੁਝ ਚਿਰ ਓਨੂੰ ਕੋਲ ਰੱਖੂੰ। ਫ਼ਿਰ ਮੈਂ ਏਥੇ ਈ ਆਂ।'

ਉਸ ਦੀ ਮਾਂ ਦੀਆਂ ਅੱਖਾਂ ਘੂਰਨ ਲੱਗ ਪਈਆਂ, 'ਵੇ ਪੁੱਤ ਵਹੁਟੀ ਕੱਲੀ। ਤਾਰੂ ਰੋਟੀ ਲੈਣ ਜਾਊ ?'

'ਮਾਤਾ ਐਵੇਂ ਨਾ ਜਣੇ ਖ਼ਣੇ 'ਤੇ ਸ਼ੱਕ ਕਰਿਆ ਕਰ। ਉਹ ਕਦੇ ਅੱਖ਼ ਨੀਂ ਚੁੱਕਦਾ। ਰੋਟੀ ਆਲਾ ਟਿੱਫ਼ਨ ਫ਼ੜ ਲਿਆਉਣੈ।' ਉਸ ਨੂੰ ਤਸੱਲੀ ਸੀ।

'ਮੈਂ ਨੀਂ ਇਤਬਾਰ ਕਰਦੀ। ਕਿਆ ਪਤੈ ਕਿਸੇ ਦੀ ਨੀਤ ਫ਼ਿਟ ਜਾਵੇ।'

'ਓ ਨਹੀਂ ਮਾਤਾ ਉਸ ਨੂੰ ਪੈਸੇ ਲਿਆਉਣ ਲਈ ਕਿਹੈ। ਇੱਥੇ ਲੱਗੋ ਲੱਗ ਐ।'

'ਚੰਗਾ ਕਰ ਜੋ ਕਰਨੈ ਆਪਣੇ ਬਾਪ ਨੂੰ ਬਚਾਅ।'

ਨਰਸ ਨੇ ਬਾਹਰ ਆ ਕੇ ਆਵਾਜ਼ ਦਿੱਤੀ, 'ਮੇਜਰ ਨਾਲ ਕੌਣ ?'

ਉੱਨ੍ਹਾਂ ਨੇ ਇੱਕ ਦਮ ਨਰਸ ਵੱਲ ਵੇਖਿਆ ਤੇ ਭਿੰਦਰ ਉਸ ਵੱਲ਼ ਕਾਹਲੀ ਨਾਲ ਗਿਆ। ਨਰਸ ਨੇ ਇੱਕ ਪਰਚੀ ਉਸ ਨੂੰ ਫੜਾ ਦਿੱਤੀ, 'ਟੈਸਟਾਂ ਲਈ ਲੈ ਚੱਲੇ ਹਾਂ। ਭੱਜ ਕੇ ਇਹ ਦਵਾਈਆਂ ਫ਼ੜ ਲਿਆਓ।' ਉਹ ਅੱਡੀ 'ਤੇ ਘੁੰਮ ਕੇ ਵਾਪਸ ਚੱਲੀ ਗਈ।

ਭਿੰਦਰ ਪਰਚੀ ਫ਼ੜ੍ਹ ਕੇ ਦੁਕਾਨ ਵੱਲ ਦੌੜ੍ਹਿਆ। ਜਿੰਨੇ ਦਵਾਈਆਂ ਦੇ ਪੈਸੇ ਬਣੇ, ਉਸ ਕੋਲ ਨਹੀਂ ਸਨ। ਉਹ ਸੋਚਣ ਲੱਗ ਪਿਆ, ਹੁਣ ਕੀ ਕਰਾਂ ? ਉਸ ਨੂੰ ਵੇਖ ਕੇ ਦੁਕਾਨਦਾਰ ਨੇ ਹੀ ਦੱਸ ਹਜ਼ਾਰ ਜਮਾਂ ਕਰ ਕੇ ਦਵਾਈਆਂ ਦੇ ਦਿੱਤੀਆਂ। ਦੁਕਾਨਦਾਰ ਨੂੰ ਪਤਾ ਸੀ, ਦਵਾਈਆਂ ਤਾਂ ਅਜੇ ਸ਼ੁਰੂ ਹੀ ਹੋਈਆਂ ਹਨ। ਮੁੜ ਕੇ ਇੱਥੇ ਹੀ ਆਉਣਾ ਹੈ। ਭਿੰਦਰ ਨੂੰ ਹੌਸਲਾ ਹੋ ਗਿਆ ਸੀ, 'ਚਲੋ ਕਿਸੇ ਨਾ ਕਿਸੇ ਪਾਸਿਓਂ ਮਿਲ ਜਾਣਗੇ।'

ਉਹ ਸਾਹੋ ਸਾਹ ਹੋਇਆ ਨਰਸ ਵੱਲ ਆਇਆ। ਉਸ ਨੇ ਇੱਕ ਹੋਰ ਇੰਤਜ਼ਾਰ ਕਰ ਰਹੀ ਨਰਸ ਨੂੰ ਲਫ਼ਾਫਾ ਫੜਾ ਦਿੱਤਾ। ਉਹ ਮਾਤਾ ਕੋਲ ਆ ਗਿਆ। ਉਹ ਛੇਤੀ ਪੁੱਛਣਾ ਚਾਹੁੰਦੀ ਸੀ। ਨਰਸਾਂ ਕੀ ਕਹਿ ਗਈਆਂ।

'ਮਾਤਾ ਪੈਸੇ ਖ਼ਤਮ ਹੋ ਗੇ। ਹੁਣ ਕਿਸ ਨੂੰ ਫੋਨ ਕਰੀਏ?'

'ਤਾਰੂ ਤੋਂ ਘਰੋਂ ਮੰਗਾ ਲੈ...ਮੈਨੂੰ ਡਰ ਲੱਗਦੈ...ਵਹੁਟੀ ਘਰ ਕੱਲੀ... ?' ਉਹ ਮੱਥਾ ਫ਼ੜ੍ਹ ਕੇ ਬਹਿ ਗਈ।

'ਐਵੇਂ ਨਾ ਡਰੀ ਜਾਹ, ਸੁੱਖ਼ ਨੇ ਦੱਸ ਦਿੱਤਾ, ਤਾਰੂ ਆਉਣ ਆਲਾ...ਨਾਲੇ ਉਹ ਬਾਪੂ ਦਾ ਹਾਲ ਤੇ ਤੇਰਾ ਵੀ ਪੁੱਛਦੀ ਸੀ।' ਫ਼ਿਰ ਵੀ ਮਨ 'ਚ ਆ ਜਾਂਦੀ, ਸੁੱਖ ਕੱਲੀ ਐ...?'

ਉਹ ਥੋੜ੍ਹਾ ਸੁਸਤਾਉਣ ਲੱਗ ਪਏ। ਰਾਤ ਦੇ ਉਨੀਂਦੇ ਸਨ, ਜਿਵੇਂ ਜਿਵੇਂ ਧੁੱਪ ਚੜ੍ਹਦੀ, ਉਨ੍ਹਾਂ ਨੂੰ ਸੁਸਤੀ ਦੀ ਪਕੜ ਵੱਧਦੀ ਜਾਂਦੀ। ਮੇਜਰ ਦਾ ਖ਼ਿਆਲ ਆਉਦਿਆਂ ਹੀ ਚੁਸਤ ਹੋ ਇਕਾਂਤ ਕਮਰੇ ਵੱਲ ਝਾਕਣ ਲੱਗ ਜਾਂਦੇ। ਸਾਰਾ ਧਿਆਨ ਓਧਰ ਹੀ ਚਲਾ ਜਾਂਦਾ।

ਦੱਸ ਕੁ ਵਜੇ ਵੱਡਾ ਡਾਕਟਰ ਆਇਆ। ਉਸ ਨੇ ਮੇਜਰ ਨੂੰ ਵੇਖਿਆ। ਟੈਸਟਾਂ ਦੀ ਰੀਪੋਰਟ ਆਉਣ ਤੱਕ ਵੇਖਣ

ਲਈ ਕਹਿ ਗਿਆ ਸੀ। ਗੁਲੂਕੋਜ਼ ਵਾਲੀ ਨਾਲੀ ਅਤੇ ਦਿਲ ਦੀ ਧੜਕਣ ਵੇਖਣ ਵਾਲੀ ਮਸ਼ੀਨ ਨਾਲ ਪਹਿਲਾਂ ਹੀ ਜੋੜੀਆਂ ਹੋਈਆਂ ਸੀ। ਭਿੰਦਰ ਨਰਸਾਂ ਕੋਲੋਂ ਪਤਾ ਕਰ ਆਇਆ ਸੀ। ਉਸ ਦੀ ਮਾਂ ਵੀ ਵੇਖ਼ ਆਈ ਸੀ। ਉਸ ਦਾ ਅਪਣਾ ਦਿਲ ਘਟਦਾ ਜਾ ਰਿਹਾ ਸੀ। ਉਸ ਨੇ ਹੌਸਲਾ ਰੱਖਿਆ। ਉਹ ਮਾਂ-ਪੁੱਤ ਢਿੱਲਾ ਜਿਹਾ ਮੂੰਹ ਲਮਕਾ ਕੇ ਬੈਠ ਗਏ।

ਤਾਰੂ ਰੋਟੀ ਲੈ ਕੇ ਆ ਗਿਆ। ਉਸ ਨੇ ਹਾਲ ਚਾਲ ਪੁੱਛਿਆ ਤੇ ਮੇਜਰ ਨੂੰ ਵੇਖ ਆਇਆ, 'ਕੋਈ ਫ਼ਿਕਰ ਨਾ ਕਰੋ। ਠੀਕ ਹੋ ਜਾਣੈ। ਆ ਲਓ ਵੀਹ ਹਜ਼ਾਰ ਰੱਖ਼ ਲਓ। ਏਥੇ ਲੱਗੋ ਲੱਗ ਐ। ਘਬਰਾਇਓ ਨਾ...।'

'ਯਰ ਤੂੰ ਕਿਓਂ ਹਿੰਮਤ ਕੀਤੀ। ਮੈਂ ਆੜ੍ਹਤੀਆਂ ਨੂੰ ਕਿਹਾ ਹੋਇਐ।'

'ਆੜੀ, ਮੇਰਾ ਵੀ ਫ਼ਰਜ਼ ਐ।'

ਕੁਲਦੀਪ ਕੌਰ ਵੇਖ਼ਦੀ ਹੀ ਰਹਿ ਗਈ। ਉਸ ਨੂੰ ਆਸ ਨਹੀਂ ਸੀ। ਉਸ ਦੀ ਇਮਾਨਦਾਰੀ 'ਤੇ ਉਹ ਸ਼ੱਕ ਕਰਦੀ ਤੇ ਉਝਾਂ ਲਾਉਂਦੀ।

ਤਾਰੂ ਨੇ ਉਨ੍ਹਾਂ ਨੂੰ ਰੋਟੀ ਖ਼ੁਆ ਦਿੱਤੀ। ਉਹ ਐਮਰਜੈਂਸੀ ਦੇ ਬਾਹਰ ਵਿਹੜੇ 'ਚ ਬੈਠੇ ਸਨ। ਭਿੰਦਰ ਨੇ ਮਾਤਾ ਨੂੰ ਤਾਰੂ ਨਾਲ ਪਿੰਡ ਭੇਜ ਦਿੱਤਾ। ਉਹ ਜਾਂਦੀ ਹੋਈ ਪੁੱਤ ਨੂੰ ਕਹਿ ਗਈ, 'ਪੁੱਤ ਮੇਰੇ ਘਰਵਾਲੇ ਨੂੰ ਬਚਾਅ ਲੈ। ਮੈਂ ਸਭ ਕੁਝ ਲੁਟਾਦੂੰਗੀ। ਗਹਿਣੇ...।'

ਭਿੰਦਰ ਨੂੰ ਗੁੱਸਾ ਆਇਆ, 'ਮਾਤਾ ਗਹਿਣੇ ਕੱਢਣ ਲਈ ਤਿਆਰ ਨੀਂ...ਹੋਰ ਉਸ ਕੋਲ ਕੀ ਐ ? ਲੁਟਾ ਦੂੰ... ਸਭ ਕੁਝ...ਫ਼ਫ਼ੜੋ...।'

ਦੁਪਹਿਰ ਤੋਂ ਬਾਅਦ ਉਸ ਨੂੰ ਨਰਸ ਨੇ ਸੱਦਿਆ, 'ਤੁਹਾਡੇ ਮਰੀਜ ਦੇ ਦੋ ਸਟੰਟ ਪੈਣੇ ਨੇ। ਪੈਸਿਆਂ ਦਾ ਪ੍ਰਬੰਧ ਕਰ ਲਓ ਜੀ।'

ਭਿੰਦਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ। ਆੜ੍ਹਤੀਏ ਉਧਾਰ ਦੇਣ ਤੋਂ ਕੰਨੀ ਕਤਰਾਉਣ ਲੱਗ ਪਏ। ਜਦੋਂ ਦਾ ਸਰਕਾਰ ਨੇ ਚੈਕਾਂ ਰਾਹੀਂ, ਕਿਸਾਨਾਂ ਨੂੰ ਸਿੱਧਾ ਭੁਗਤਾਨ ਕੀਤਾ ਸੀ। ਉਨ੍ਹਾਂ ਨੂੰ ਉਧਾਰ ਮੁੜਨ ਤੇ ਸ਼ੱਕ ਰਹਿੰਦਾ। ਕਈ ਕਿਸਾਨ ਉਧਾਰ ਲਏ ਪੈਸੇ ਮੋੜਦੇ ਨਹੀਂ। ਪਹਿਲਾਂ ਤਾਂ ਫਸਲ ਆਈ ਤੋਂ ਆੜ੍ਹਤੀਏ ਪੈਸੇ ਉਧਾਰ ਲਏ ਹੋਏ ਕੱਟ ਕੇ ਕਿਸਾਨ ਨੂੰ ਦਿੰਦੇ ਸਨ। ਸਗੋਂ ਪੂਰੇ ਵੀ ਨਹੀਂ ਦਿੰਦੇ ਸੀ। ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਕਿਸਾਨ ਨੇ ਫ਼ੇਰ ਪੈਸੇ ਲੈਣੇ ਹੁੰਦੇ ਨੇ।

ਉਸ ਨੇ ਸੋਚ ਸੋਚ ਕੇ, ਬਾਪੂ ਦੇ ਨਾਨਕੇ, ਉਨ੍ਹਾਂ ਦੇ ਭਤੀਜੇ ਨੂੰ ਫ਼ੋਨ ਮਿਲਾ ਲਿਆ। ਭਤੀਜੇ ਨੇ ਫ਼ੋਨ ਚੁੱਕ ਲਿਆ, 'ਬਾਈ ਭਿੰਦਰਾ ਕਿਆ ਹਾਲ ਐ ? ਯਰ ਫ਼ੋਨ ਨੀਂ ਕਰਦੇ ਕਦੇ। ਨਾ ਗੇੜਾ ਮਾਰਿਐ। ਤੇਰੇ ਬਾਪੂ ਦੇ ਨਾਨਕੇ, ਥੋਡੇ ਨਾਨਕੇ ਵੀ ਨੇ। ਰਾਜ਼ੀ ਖੁਸ਼ੀ ਹੋ ?'

ਭਿੰਦਰ ਨੂੰ ਹੌਸਲਾ ਹੋਇਆ। ਉਹ ਚੰਗੇ ਮੂਡ 'ਚ ਗੱਲ ਕਰ ਰਿਹਾ ਸੀ, 'ਬਾਈ ਬਾਪੂ ਨੂੰ ਅਟੈਕ ਹੋਇਐ। ਹਸਪਤਾਲ 'ਚ ਆਏ ਹੋਏ ਆਂ ਰਾਤ ਦੇ।'

ਨਾਨਕਿਆਂ ਵਲੋਂ ਆਵਾਜ਼ ਵਾਪਸ ਆਈ, 'ਫ਼ਿਕਰ ਨਾ ਕਰਿਓ, ਸਾਡੇ ਭਾਣਜੇ ਨੂੰ ਕੁਝ ਨੀਂ ਹੋਣ ਦਿੰਦੇ...ਮੈਂ ਅੱਜ ਹੀ ਗੇੜਾ ਮਾਰਦਾਂ।'

ਭਿੰਦਰ ਨੇ ਮੌਕਾ ਤਾੜ ਕੇ ਉਸ ਨੂੰ ਦੱਸ ਦਿੱਤਾ, 'ਬਾਈ ਜੀ ਦੋ ਸਟੰਟ ਪੈਣੇ ਨੇ...ਤੇ ਮੱਦਤ ਦੀ ਲੋੜ ਐ...।'

ਨਾਨਕਿਆਂ ਵਲੋਂ ਹੌਸਲਾ ਗੂੰਜਿਆ, 'ਓਇ ਦੋਹਤੇ ਦਿਆ ਮੁੰਡਿਆ, ਮੈਂ ਆਇਆ ਪੈਸੇ ਲੈ ਕੇ...।'

ਭਿੰਦਰ ਨੇ ਉਸ ਦਾ ਸ਼ੁਕਰੀਆ ਕਰਿਆ। ਦੁਪਹਿਰ ਤੋਂ ਬਾਅਦ ਨਾਨਕਿਆਂ ਵਾਲਾ ਭਰਾ ਪੈਸੇ ਲੈ ਕੇ ਆ ਗਿਆ। ਉਹ ਦੋਨੋਂ ਜੱਫ਼ੀ ਪਾ ਕੇ ਮਿਲੇ। ਉੱਨ੍ਹਾਂ ਨੇ ਇੱਕ ਦੂਜੇ ਨੂੰ ਕਿੰਨਾ ਚਿੱਰ ਘੁੱਟੀ ਰੱਖਿਆ। ਇੱਕ ਦੂਜੇ ਦੀ ਪਿੱਠ ਥਾਪੜਦੇ ਰਹੇ।

ਭਿੰਦਰ ਨੇ ਨਰਸ ਨੂੰ ਜਾ ਦੱਸਿਆ, 'ਬਾਪੂ ਦਾ ਹੁਣੇ ਲਾਜ ਸ਼ੁਰੂ ਕਰੋ ਜੀ। ਪੈਸੇ ਜਮਾਂ ਕਰਾਉਣ ਲਈ ਤਿਆਰ ਹਾਂ।'

ਥੋੜੇ ਚਿਰ ਬਾਅਦ ਨਰਸ ਪਰਚੀ ਫੜਾ ਗਈ, 'ਜਾਓ ਕਾਉਂਟਰ 'ਤੇ ਜਮਾਂ ਕਰਾ ਆਓ।'

ਭਿੰਦਰ ਨੇ ਜਿੰਨੇ ਪੈਸੇ ਪਰਚੀ 'ਤੇ ਲਿਖ਼ੇ ਸਨ। ਜਮ੍ਹਾਂ ਕਰਾ ਦਿੱਤੇ। ਰਸੀਦ ਲਿਆ ਕੇ ਨਰਸ ਨੂੰ ਫ਼ੜਾ ਦਿੱਤੀ।

ਉਸ ਦੇ ਬਾਪੂ ਦਾ ਸਫ਼ਲ ਅਪ੍ਰੇਸ਼ਨ ਹੋਏ ਤੋਂ ਡਾਕਟਰ ਨੇ ਭਿੰਦਰ ਨੂੰ ਦੱਸ ਦਿੱਤਾ ਸੀ। ਭਿੰਦਰ ਹੋਰਾਂ ਨੂੰ ਵੇਖ਼ਣ ਦੀ ਆਗਿਆ ਦੇ ਦਿੱਤੀ ਸੀ। ਮੇਜਰ ਨੂੰ ਹੋਸ਼ 'ਚ ਵੇਖ਼ ਕੇ ਤਸੱਲੀ ਹੋ ਗਈ।

'ਬਾਈ ਕਿਹੋ ਜਏ ਨਕਲੀ ਪੁਰਜੇ ਆ ਗੇ ? ਬੰਦੇ ਨੂੰ ਮਰਨ ਤੋਂ ਬਚਾਅ ਲੈਂਦੇ ਨੇ ?' ਭਿੰਦਰ ਨੇ ਹੈਰਾਨਗੀ ਨਾਲ ਗੱਲ ਕੀਤੀ।

'ਭਰਾ, ਮੈਂ ਅਖ਼ਬਾਰ ਪੜ੍ਹਦਾ ਰਹਿਨਾ। ਹੁਣ ਤਾਂ ਬਹੁਤ ਕੁਝ ਨਵਾਂ ਹੋ ਰਿਹੈ। ਨਕਲੀ ਸੰਦਾਂ 'ਚ ਨਕਲੀ ਅਕਲ ਪਾ ਕੇ ਬੰਦਾ ਅਸਲੀ ਬਣਾ ਲੈਂਦੇ ਨੇ।'

'ਹੱਦ ਹੋ ਗੀ ਬਾਈ, ਬੰਦੇ ਦਾ ਦਿਮਾਗ ਚੱਟਿਆ ਜਾਊ ?'

ਦੂਜੇ ਦਿਨ ਮੇਜਰ ਨੂੰ ਵਾਰਡ ਵਿੱਚ ਲੈ ਆਏ ਸਨ। ਉਸ ਨੇ ਪਿੰਡ ਮਾਤਾ ਅਤੇ ਸੁੱਖਦੀਪ ਨੂੰ ਫ਼ੋਨ 'ਤੇ ਦੱਸ ਦਿੱਤਾ ਸੀ। ਸੁੱਖਦੀਪ ਵੀ ਭਿੰਦਰ ਨੂੰ ਬਾਪੂ ਦਾ ਹਾਲ ਪੁੱਛਦੀ ਰਹੀ ਸੀ। ਉਸ ਨੇ ਹਸਪਤਾਲ ਆਉਣ ਲਈ ਪੁੱਛਿਆ। ਭਿੰਦਰ ਨੇ ਮਨ੍ਹਾਂ ਕਰ ਦਿੱਤਾ। ਤਾਰੂ ਨੂੰ ਰੋਟੀ ਲਿਆਉਣ ਲਈ ਕਹਿ ਦਿੱਤਾ ਸੀ।

ਵੱਡੇ ਡਾਕਟਰ ਨੇ ਭਿੰਦਰ ਅਤੇ ਮੇਜਰ ਨੂੰ ਕਿਹਾ, 'ਤੁਸੀਂ ਸਿਹਤ ਦਾ ਧਿਆਨ ਰੱਖਣਾ। ਇੱਕ ਗੁੱਟ ਘੱੜੀ ਦਿੱਤੀ ਜਾ ਰਹੀ ਹੈ। ਨਰਸ ਸਮਝਾਅ ਦਏਗੀ।'

## ਕਵਿਤਾਵਾਂ / ਬਲਬੀਰ ਜਲਾਲਾਬਾਦੀ

### ਇਬਾਦਤ

ਕਵਿਤਾ ਕੋਈ ਹੁਨਰ ਨਹੀਂ
ਕਿ ਤਰਾਸ਼ ਲਈ ਜਾਵੇ
ਪੱਥਰ ਵਿੱਚੋਂ ਕਿਸੇ ਮੂਰਤੀ ਵਾਂਗੂੰ

ਤੇ ਨਾ ਹੀ
ਕਵਿਤਾ ਅਡੰਬਰ ਹੁਦੀ ਹੈ
ਪਹਾੜਾਂ 'ਤੇ ਕੀਤੇ
ਕਿਸੇ ਭੇਖੀ ਸਾਧ ਦੇ
ਤਪ ਵਾਂਗ

ਕਵਿਤਾ ਤਾਂ
ਸਵੈ ਦਾ ਮੰਥਨ ਹੈ,
ਮੁਹੱਬਤ ਹੈ
ਤੇ ਸਹਿਜ ਮਨ ਦੀ ਇਬਾਦਤ
ਜ਼ੋ ਖੁਦ-ਬ-ਖ਼ੁਦ
ਚੁੱਪ-ਚੁਪੀਤੇ
ਉੱਤਰ ਆਉਂਦੀ ਹੈ
ਕੋਰੇ ਕਾਗਜ਼ ਦੇ ਸੀਨੇ ਉੱਤੇ

ਤਰੇਲ ਦੇ ਤੁਪਕਿਆਂ ਵਾਂਗ
ਦੁੱਧ ਚੁੰਘਦੇ ਬਾਲਾਂ ਦੀ
ਨੀਂਦਰ ਵਾਂਗ
ਤੇ ਚੇਤਰ ਦੇ ਮਹੀਨੇ
ਅਠਖੇਲੀਆਂ ਕਰਦੀ
ਪੱਛੋਂ ਦੀ ਪੌਣ ਵਾਂਗ

ਕਵਿਤਾ ਕੋਈ ਹੁਨਰ ਨਹੀਂ।



### ਕਿਰਦਾਰ-ਕੁਸ਼ੀ

ਕਿਰਦਾਰ-ਕੁਸ਼ੀ ਲਈ
ਕਤਲੇਆਮ ਹੀ ਕਾਰਣ ਨਹੀਂ ਹੁੰਦੇ

ਲੋਕਤੰਤਰ 'ਚ ਰਹਿੰਦਿਆਂ
ਕਿਰਦਾਰ-ਕੁਸ਼ੀ ਏਦਾਂ ਵੀ
ਕੀਤੀ ਜਾਂਦੀ ਹੈ
ਜਦੋਂ, ਖੋਹ ਲਏ ਜਾਂਦੇ ਨੇ
ਕੌਮ ਦੇ ਨਾਗਰਿਕਾਂ ਦੇ,
ਮੌਲਿਕ ਅਧਿਕਾਰ
ਮਨਾਂ 'ਚੋਂ
ਕਚਰੇ ਵਾਂਗ ਹੂੰਝ ਦਿੱਤਾ ਜਾਵੇ
ਖਾਲੀ ਢਿੱਡਾਂ ਨੂੰ ਧਾਫੜਦਾ
ਕਿਰਤ ਸੱਭਿਆਚਾਰ
ਪਨਪਣ ਨਾ ਦਿੱਤੇ ਜਾਣ
ਮੁਲਕ ਦੀ ਰਿਆਇਆ ਦੇ
ਭੁੱਖ ਸੁਖ ਦੇ ਸਾਧਨ 'ਤੇ ਰੁਜ਼ਗਾਰ

ਉਮਰ-ਦਰਾਜ਼ ਹੋ ਕੇ
ਡਿਗਰੀਆਂ ਦੀਆਂ ਪੰਡਾਂ ਚੁੱਕੀ
ਰੋਜ਼ਗਾਰੀ ਦਲਾਲਾਂ ਦੀਆਂ
ਦੇਹਲ਼ੀਆਂ 'ਤੇ
ਜੁਲਾਹੇ ਦੀ ਨੜੀ ਵਾਂਗ,
ਘੁੰਮਦੇ ਮਿਲਣ
ਨੌਜਵਾਨ ਲਾਚਾਰ

ਗੰਭੀਰ ਸਿਰਾਂ 'ਚੋਂ ਉਠਦੀ
ਨਾਬਰ ਸੋਚ 'ਤੇ
ਬਾਜ ਅੱਖ ਰੱਖਦਿਆਂ
ਭੁੱਖ ਦੇ ਵਪਾਰੀ
ਸਿਆਸਤ ਦੀ
ਛਤਰੀ ਹੇਠ ਲਾਉਂਦੇ
ਦਿਸਣ ਨਸ਼ਿਆਂ ਦੇ ਬਾਜ਼ਾਰ

ਇਸੇ ਖੱਜਲ਼-ਖੁਆਰੀ
ਤੇ ਉਪਰਾਮਤਾ ਦੇ ਆਲਮ ਵਿੱਚੋਂ
ਹਕੂਮਤ ਦੇ ਧਾੜਵੀ ਲੋਚਦੇ ਰਹਿਣ
ਸਾਊ ਸਿਰਾਂ ਦਾ ਸ਼ਿਕਾਰ

ਤੇ ਫਿਰ
ਇੱਕੋ ਬੋਲੀ ਦੇ
ਤਾਨਾਸ਼ਾਹੀ ਵੇਲਣੇ 'ਚ
ਦਮ ਤੋੜਦਾ ਦਿਸੇ
ਖਿੱਤਿਆਂ ਕਬੀਲਿਆਂ ਦੀ ਰੂਹ 'ਚ
ਧੜਕਦਾ ਮਾਂ ਬੋਲੀ ਦਾ
ਪਿਆਰ, ਸਤਿਕਾਰ ਤੇ ਅਧਾਰ
ਕਿਰਦਾਰ-ਕੁਸ਼ੀ ਲਈ
ਕਤਲੇਆਮ ਹੀ ਕਾਰਣ ਨਹੀਂ ਹੁੰਦੇ।

ਨਰਸ ਨੇ ਘੜੀ ਲਿਆ ਕੇ ਮੇਜਰ ਦੇ ਗੁੱਟ 'ਤੇ ਬੰਨ ਦਿੱਤੀ। ਭਿੰਦਰ ਨੂੰ ਦਵਾਈਆਂ ਸਮਝਾਉਣ ਆਪਣੇ ਮੇਜ਼ 'ਤੇ ਲੈ ਗਈ। ਉਸ ਨੇ ਦਵਾਈਆਂ ਸਮਝਾ ਕੇ ਕਿਹਾ, 'ਬਾਪੂ ਦੀ ਘੜੀ ਦਾ ਲਿੰਕ ਹਸਪਤਾਲ ਦੇ ਕੰਟਰੋਲ ਰੂਮ ਨਾਲ ਜੁੜਿਆ ਰਹੇਗਾ। ਜਦੋਂ ਵੀ ਕੋਈ ਜ਼ੋਰ ਦਾ ਕੰਮ ਕਰੋ ਦਿਲ ਦੀ ਧੜ੍ਹਕਣ ਵੱਧਦੀ-ਘੱਟਦੀ ਹੈ, ਇਸ ਨੇ ਕੰਟਰੋਲ ਰੂਮ 'ਚ ਪਤਾ ਦੇ ਦੇਣਾ ਹੈ। ਇੱਥੋਂ ਫੋਨ 'ਤੇ ਦੱਸਾਂਗੇ, ਹੁਣ ਪੈ ਜਾਓ। ਆਰਾਮ ਕਰੋ। ਹੋਰ ਵੀ ਕਾਫ਼ੀ ਮਰੀਜ਼ਾਂ ਨੂੰ ਘੜੀਆਂ ਦਿੱਤੀਆਂ ਗਈਆਂ ਹਨ। ਉਹ ਵੀ ਕੰਟਰੋਲ ਰੂਮ ਨਾਲ ਜੁੜੇ ਹੋਏ ਹਨ।

ਮਾਤਾ ਨੇ ਫੋਨ ਮਿਲਾ ਲਿਆ, 'ਪੁੱਤ ਪੈਸਿਆਂ ਦਾ ਕਿਥੋਂ ਸਰਿਐ ?'

ਭਿੰਦਰ ਨੂੰ ਮਾਤਾ 'ਤੇ ਖਿੱਝ ਆਈ, 'ਤੂੰ ਮਾਤਾ ਕੀ ਲੈਣਾ। ਤੁਸੀਂ ਗਹਿਣੇ ਧਰਤੀ 'ਚ ਦੱਬ ਕੇ ਰੱਖੋ। ਸਾਡੀ ਤਾਂ ਪੁਰਾਣੀ ਰਿਸ਼ਤੇਦਾਰੀ ਹੋਰ ਗੂੜ੍ਹੀ ਹੋਗੀ।'

ਉਸ ਦੀ ਮਾਂ ਸਮਝੀ ਨਹੀਂ, 'ਕੀ ਕਿਹਾ ਪੁੱਤ... ?'

'ਕੁਝ ਨੀਂ ਮੈਂ ਪਿਓ ਨੂੰ ਬਚਾਅ ਲਿਆ...।'

**9872823511**

## ਗਿਆਨਪੀਠ ਪੁਰਸਕਾਰ ਜੇਤੂ ਵਿਨੋਦ ਕੁਮਾਰ ਸ਼ੁਕਲ ਦੀਆਂ ਕਵਿਤਾਵਾਂ
## ਚੋਣ ਅਤੇ ਪੰਜਾਬੀ ਅਨੁਵਾਦ : ਅਮਰਜੀਤ ਕੌਂਕੇ

### ਨਿਰਾਸ਼ ਹੋ ਕੇ ਇੱਕ ਆਦਮੀ ਬੈਠ ਗਿਆ ਸੀ

ਨਿਰਾਸ਼ ਹੋ ਕੇ ਇੱਕ ਆਦਮੀ
ਬੈਠ ਗਿਆ ਸੀ
ਆਦਮੀ ਨੂੰ ਮੈਂ ਨਹੀਂ ਸੀ ਜਾਣਦਾ
ਨਿਰਾਸ਼ਾ ਨੂੰ ਜਾਣਦਾ ਸੀ
ਇਸ ਲਈ ਮੈਂ ਉਸ ਆਦਮੀ
ਕੋਲ ਗਿਆ
ਮੈਂ ਆਪਣਾ ਹੱਥ ਵਧਾਇਆ
ਮੇਰਾ ਹੱਥ ਫੜ ਕੇ ਉਹ ਉਠ ਖੜੋਤਾ
ਉਹ ਮੈਨੂੰ ਨਹੀਂ ਜਾਣਦਾ ਸੀ
ਮੇਰੇ ਹੱਥ ਵਧਾਉਣ ਨੂੰ ਜਾਣਦਾ ਸੀ
ਅਸੀਂ ਦੋਵੇਂ ਇਕੱਠੇ ਤੁਰ ਪਏ
ਦੋਵੇਂ ਇੱਕ ਦੂਜੇ ਨੂੰ ਨਹੀਂ ਜਾਣਦੇ ਸਾਂ
ਇਕੱਠੇ ਤੁਰਨ ਨੂੰ ਜਾਣਦੇ ਸਾਂ.......


### ਹੁਣ ਇਸ ਉਮਰ 'ਚ ਹਾਂ

ਹੁਣ ਇਸ ਉਮਰ 'ਚ ਹਾਂ
ਕਿ ਕੋਈ ਬੱਚਾ ਜਨਮ ਲੈਂਦਾ ਹੈ
ਤਾਂ ਉਹ ਮੇਰੀਆਂ ਦੋਹਤੀਆਂ ਤੋਂ ਵੀ
ਛੋਟਾ ਹੁੰਦਾ ਹੈ

ਸੰਸਾਰ ਵਿੱਚ ਸ਼ੋਰ ਹੈ
ਕਿਸੇ ਨੇ ਸਵੇਰ ਹੋਇਆ ਕਿਹਾ
ਤਾਂ ਲੜਕਾ ਹੋਇਆ ਲੱਗਦਾ ਹੈ
ਸੁਬਾਹ ਹੋਈ ਖੁਸ਼ੀ ਨਾਲ
ਚੀਕ ਕੇ ਕਿਹਾ ਇਹ ਤਾਂ
ਕੁੜੀ ਹੋਈ ਲੱਗਦੀ ਹੈ

ਮੇਰੀ ਬੇਟੀ ਦੀਆਂ ਦੋ ਬੇਟੀਆਂ ਹਨ
ਸਭ ਤੋਂ ਛੋਟੀ ਬੇਟੀ ਜਾਗ ਗਈ
ਜਾਗਦੇ ਹੀ ਉਸਨੇ ਸਵੇਰ ਨੂੰ
ਕਿਸੇ ਗੁੜੀਆ ਵਾਂਗੂੰ ਚੁੱਕਿਆ

ਵੱਡੀ ਦੋਹਤੀ ਜਾਗੇਗੀ ਤਾਂ
ਦਿਨ ਨੂੰ ਚੁੱਕ ਲਵੇਗੀ......



### ਅਜੇ ਤਕ ਬਰਸਾਤ ਨਹੀਂ ਹੋਈ

ਅਜੇ ਤਕ ਬਰਸਾਤ ਨਹੀਂ ਹੋਈ
ਉਹ ਘਰ ਦੇ ਸਾਹਮਣੇ
ਬਿਰਖ ਕੱਟ ਦਿੱਤਾ ਗਿਆ
ਕਿਤੇ ਏਹੀ ਤਾਂ ਕਾਰਣ ਨਹੀਂ

ਬਗਲੇ ਝੁੰਡ ਵਿੱਚ ਪਰਤਦੇ ਹੋਏ
ਸ਼ਾਮ ਦੇ ਅਕਾਸ਼ ਤੇ
ਬਹੁਤ ਦਿਨਾਂ ਤੋਂ ਨਹੀਂ ਦਿਸੇ
ਇੱਕ ਬਗਲਾ ਵੀ ਨਹੀਂ ਦਿਸਿਆ
ਨੇੜੇ ਬਚੇ ਹੋਏ ਤਲਾਅ ਦਾ
ਥੋੜਾ ਜਿਹਾ ਪਾਣੀ ਵੀ ਸੁੱਕ ਗਿਆ
ਏਹੀ ਕਾਰਣ ਤਾਂ ਨਹੀਂ

ਜੁਲਾਈ ਹੋ ਗਈ
ਪਾਣੀ ਅਜੇ ਤਕ ਨਹੀਂ ਵਰ੍ਹਿਆ
ਪਿਛਲੀ ਜੁਲਾਈ ਵਿੱਚ
ਜੰਗਲ ਜਿੰਨੇ ਬਚੇ ਸਨ
ਹੁਣ ਓਨੇ ਨਹੀਂ ਬਚੇ
ਏਹੀ ਕਾਰਣ ਤਾਂ ਨਹੀਂ

ਆਦਿਵਾਸੀ ਬਿਰਖ
ਤੁਹਾਨੂੰ ਛੱਡ ਕੇ ਨਹੀਂ ਗਏ
ਤੇ ਤੁਸੀਂ ਵੀ ਜੰਗਲ
ਛੱਡ ਕੇ ਖੁਦ ਨਹੀਂ ਗਏ
ਸ਼ਹਿਰ ਦੇ ਫ਼ੁਟਪਾਥਾਂ ਤੇ
ਅਧਨੰਗੇ ਬੱਚੇ
ਪਰਿਵਾਰ ਦੇ ਨਾਲ ਨਹੀਂ ਜਾਂਦੇ ਦਿਸੇ
ਇਸ ਸਾਲ
ਕਿਤੇ ਏਹੀ ਕਾਰਣ ਤਾਂ ਨਹੀਂ

ਇਸ ਸਾਲ ਦਾ ਅੰਤ ਵੀ ਹੋ ਗਿਆ
ਪਰ ਪਰਿਵਾਰ ਦੇ ਝੁੰਡ ਵਿੱਚ
ਛੋਟੇ ਛੋਟੇ ਬੱਚੇ ਨਹੀਂ ਦਿਸੇ
ਕਿਤੇ ਇਹ ਆਦਿਵਾਸੀਆਂ ਦੇ
ਅੰਤ ਹੋਣ ਦਾ ਸਿਲਸਿਲਾ ਤਾਂ
ਨਹੀਂ......।

### ਇਹ ਚੇਤਾਵਨੀ ਹੈ

ਇਹ ਚੇਤਾਵਨੀ ਹੈ
ਕਿ ਇੱਕ ਛੋਟਾ ਬੱਚਾ ਹੈ
ਇਹ ਚੇਤਾਵਨੀ ਹੈ
ਕਿ ਚਾਰ ਫੁੱਲ ਖਿੜੇ ਨੇ

ਇਹ ਚੇਤਾਵਨੀ ਹੈ
ਕਿ ਖੁਸ਼ੀ ਹੈ
ਤੇ ਘੜੇ ਵਿੱਚ ਭਰਿਆ ਹੋਇਆ
ਪਾਣੀ ਪੀਣ ਦੇ ਲਾਇਕ ਹੈ
ਹਵਾ ਵਿੱਚ ਸਾਹ ਲਿਆ
ਜਾ ਸਕਦਾ ਹੈ

ਇਹ ਚੇਤਾਵਨੀ ਹੈ
ਕਿ ਦੁਨੀਆਂ ਹੈ
ਬਚੀ ਦੁਨੀਆਂ ਵਿੱਚ
ਮੈਂ ਬਚਿਆ ਹੋਇਆ
ਕਿਸੇ ਹੋਣ ਵਾਲੇ ਯੁੱਧ ਵਿੱਚੋਂ
ਜਿਉਂਦਾ ਬਚ ਨਿਕਲ ਕੇ
ਮੈਂ ਆਪਣੀ ਅਹਿਮੀਅਤ ਨਾਲ
ਮਰਨਾ ਚਾਹੁੰਦਾ ਹਾਂ
ਕਿ ਮਰਨ ਦੇ
ਆਖਰੀ ਪਲਾਂ ਤਕ
ਅਨੰਤਕਾਲ ਤਕ ਜਿਉਣ ਦੀ
ਕਾਮਨਾ ਕਰਾਂ
ਕਿ ਚਾਰ ਫੁੱਲ ਨੇ
ਤੇ ਦੁਨੀਆਂ ਹੈ......।

## ਖ਼ੁਦ 'ਚ ਖ਼ੁਦਾ

ਤੂੰ ਅੰਤ 'ਚ
ਤੂੰ ਅਨੰਤ 'ਚ
ਤੂੰ ਜੀਵ 'ਚ
ਤੂੰ ਜੰਤ 'ਚ
ਖ਼ੁਦ ਦੀ ਭਾਲ
ਖ਼ੁਦਾ ਤੀਕ
ਖ਼ੁਦਾ ਦੀ ਤਲਾਸ਼
ਖ਼ੁਦ ਤੀਕ
ਕੀ ਇਹੋ ਜੀਵਨ?
ਕੀ ਜੀਵਨ ਪਿਆਸ ?
ਆਸ ਨਿਰਾਸ਼
ਜੀਵਨ ਧਰਵਾਸ
ਅਰਥ ਚ ਛੁਪਿਆ
ਬ੍ਰਹਮ ਸੰਸਾਰ
ਜਿਸ ਦਾ ਅੰਤ ਨਾ
ਪਾਰਾਵਾਰ
ਖ਼ੁਦਾ ਬਣਕੇ
ਖ਼ੁਦੀ 'ਚ ਲੁਕਿਆ
ਲੱਭਣਾ ਪੈਂਦਾ
ਜੀਵਨ ਸਾਰ।

## ਸਾਂਝ

ਕੁੱਝ ਤਾਂ ਹੈ
ਜੋ ਤੇਰਾ ਮੇਰਾ ਸਾਂਝਾ ਹੈ।
ਕੁੱਝ ਤਾਂ ਹੈ
ਜੋ ਮੇਰੇ ਕੋਲੋਂ ਬਾਂਝਾ ਹੈ।
ਇਵੇਂ ਤਾਂ ਨੀਂ
ਤੂੰ ਅਰਥ ਬਣਿਆ
ਮੇਰੇ ਸ਼ਬਦਾਂ ਦਾ
ਮਨ ਬਨੇਰੇ ਕੋਈ
ਦੀਵਾ ਭਾਵ ਦਾ ਬਲ਼ਦਾ ਹੈ,
ਕਦੀ ਕਦੀ
ਇਕਲਾਪੀ ਰੂਹ ਦੀ ਰੌਸ਼ਨੀ
ਕਦੀ ਕਦੀ
ਵਿਲਕਦੀ ਰੂਹ ਦਾ ਚਾਨਣ
ਕਦੀ ਕਦੀ



ਸੰਤਾਪੀ ਰੂਹ ਦਾ ਸਕੂਨ ਬਣੇਂ
ਕਦੀ ਕਦੀ
ਮੈਂ ਹੀਰ ਤੂੰ ਰਾਂਝਾ ਹੈਂ
ਐਵੇਂ ਨੀ ਮਰਦ,
ਔਰਤ ਦੇ
ਸੰਸਾਰੀ ਕੋਸ਼ ਫੋਲੀਦੇ
ਅਦੇਹ ਦੇ ਅਰਥਾਂ ਤੋਂ
ਜਗ ਬਾਂਝਾ ਹੈ
ਕੁੱਝ ਤਾਂ ਹੈ
ਜੋ ਤੇਰਾ ਮੇਰਾ ਸਾਂਝਾ ਹੈ।

## ਦੋ ਰੁੱਖ਼

ਅਸ਼ਾਂਤ ਮਨ ਦੇ ਸੁੰਨੇ ਵਿਹੜੇ
ਦੋ ਰੁੱਖ ਤੇਰੇ
ਦੋ ਰੁੱਖ਼ ਮੇਰੇ
ਚਿਤ ਦਾ ਪੰਛੀ ਉੱਡ-ਉੱਡ ਜਾਵੇ
ਨੀਲੀ ਛਤਰੀ ਦੂਰ ਦਰਾਡੇ
ਖ਼ਾਕੀ ਧਰਤੀ ਲਾਗੇ ਲਾਗੇ
ਕਿੱਥੇ ਬੈਠੇ ਦਾਣਾ ਖਾਵੇ
ਚਿਤਮਣੀ ਖਿਆਲਾਂ ਨੂੰ ਲਾਵੇ।
ਜੀਵਨ ਦਾ ਇਹ ਮੌਸਮ ਕੇਹਾ
ਇਕ ਰੁੱਤ ਆਵੇ
ਇਕ ਰੁੱਤ ਜਾਵੇ
ਪਤਝੜ 'ਚ ਚਾਹੇ ਫੁੱਲਾਂ ਦੀ ਆਮਦ
ਕਦੀ ਬਸੰਤ ਚ ਕਿਰ ਕਿਰ ਜਾਵੇ!
ਕਦੀ ਵੈਰਾਗੀ,
ਕਦੀ ਤਿਆਗੀ
ਕਦੀਂ ਅਰਜਨ ਰਣ ਜਿੱਤਣਾ ਚਾਹੇ
ਕਦੀ ਕ੍ਰਿਸ਼ਣ ਦੇ ਰੱਥ ਤੇ ਬੈਠੇ
ਕਦੀ ਦੁਬਿਧਾ ਵਿੱਚ ਪਛਤਾਵੇ।
ਸਾਰੀਆਂ ਰੀਤਾਂ
ਰੁੱਤਾਂ, ਤਿੱਥਾਂ
ਜ਼ਨਮ ਮਰਨ ਦੇ ਝਗੜੇ ਝੇੜੇ
ਭੁੱਲ ਕੇ ਜੀਵਨ ਲਿਸ਼ਕਾਂ ਮਾਰੇ
ਕੁੱਝ ਸੁੱਖ ਤੇਰੇ ਕੁੱਝ ਦੁੱਖ ਮੇਰੇ
ਆ ਧੁੱਪੇ ਛਾਵੇਂ ਬਹੀਏ।
ਅਸ਼ਾਂਤ ਮਨ ਦੇ ਸੁੰਨੇ ਵਿਹੜੇ
ਦੋ ਰੁੱਖ ਤੇਰੇ
ਦੋ ਰੁੱਖ ਮੇਰੇ।

## ਕਵਿਤਾ

ਤੂੰ ਦਿਮਾਗ 'ਚ ਨਹੀਂ
ਦਿਲ 'ਚ ਜਿਉਂਦੀ
ਪ੍ਰਭਾਵ 'ਚ ਨਹੀਂ
ਭਾਵ 'ਚ ਜਿਉਂਦੀ
ਤੈਨੂੰ ਪਾਉਣਾ
ਰੱਬ ਨੂੰ ਧਿਆਉਣਾ
ਤੈਨੂੰ ਪਾਉਣਾ
ਵਕਤ ਨੂੰ ਸਿਉਣਾ
ਜਦ ਜਦ ਕਰਾਂ
ਗੰਢ ਤਰਪਾਈ
ਤੇਰੀ ਆਮਦ
ਸ਼ਬਦ ਸਮਾਈ
ਸੰਤੁਲਨ ਦੀ ਸੂਈ
ਇਕਰੂਪਤਾ ਦਾ ਧਾਗਾ
ਤੂੰ ਨਿਰਮਲ
ਤੂੰ ਨਿਰਛਲ
ਮਨ ਦੀ ਧਾਰਾ
ਤੈਨੂੰ ਪਾਉਣਾ
ਖ਼ੁਦ ਨੂੰ ਪਾਉਣਾ
ਸੰਤੁਲਨ 'ਚ ਸੋਚਣਾ
ਸੰਤੁਲਨ 'ਚ ਜੀਉਣਾ
ਤਾਂ ਹੀ ਤੂੰ ਜੀਵਨ ਬਣਦੀ
ਤਾਂ ਜੀਵਨ ਬਣਦੀ ਕਵਿਤਾ।

ਜੀਵਨੀ ਅੰਸ਼

# ਜਦੋਂ ਮੌਤ ਮੇਰੇ ਨਾਲ ਖਹਿਕੇ ਲੰਘੀ / ਭੋਲਾ ਸਿੰਘ ਸੰਘੇੜਾ



ਬੰਦਾ ਆਪਣੀ ਜ਼ਿੰਦਗੀ ਦੇ ਸਾਰੇ ਦਿਨਾਂ ਦਾ ਹਿਸਾਬ-ਕਿਤਾਬ ਨਹੀਂ ਰੱਖ ਸਕਦਾ। ਪਰ ਕੁਝ ਦਿਨ ਅਜਿਹੇ ਹੁੰਦੇ ਹਨ ਜੋ ਵਾਰ-ਵਾਰ ਚੇਤੇ ਆਉਂਦੇ ਰਹਿੰਦੇ ਹਨ। ਦੂਜੇ ਸ਼ਬਦਾਂ ਵਿਚ ਇੰਝ ਵੀ ਆਖਿਆ ਜਾ ਸਕਦਾ ਹੈ ਕਿ ਕੁਝ ਦਿਨ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਭੁਲਾਇਆ ਨਹੀਂ ਜਾ ਸਕਦਾ। ਅਜਿਹੇ ਦਿਨਾਂ ਵਿਚ ਮੇਰੀ ਜ਼ਿੰਦਗੀ ਵਿਚ, ਇਕ ਅਜਿਹਾ ਵੀ ਦਿਨ ਹੈ ਜਿਸ ਨੂੰ ਚੇਤੇ ਕਰਿਆਂ ਰੂਹ ਕੰਬ ਜਾਂਦੀ ਹੈ। ਸੋਚਦਾ ਹਾਂ ਉਸ ਦਿਨ ਕੁਝ ਵੀ ਹੋ ਸਕਦਾ ਸੀ। ਬਲਕਿ ਉਹ ਕੁਝ ਹੋ ਸਕਦਾ ਸੀ ਜਿਸ ਨੂੰ ਘੱਟੋ-ਘੱਟ ਮੇਰੇ ਪਰਿਵਾਰ ਦੇ ਮੈਂਬਰ ਨੇ ਕਦੇ ਵੀ ਭੁਲਾ ਨਹੀਂ ਸੀ ਸਕਣਾ । ਅੱਜ ਜਦੋਂ 'ਬਿਨਾਂ ਕੁਝ ਹੋਏ' ਨੂੰ ਚੇਤੇ ਕਰਕੇ ਰੂਹ ਕੰਬ ਉਠਦੀ ਹੈ ਜੇ ਇਹ 'ਸਾਰਾ ਕੁਝ' ਵਾਪਰ ਜਾਂਦਾ ਤਾਂ ਕੀ ਹੁੰਦਾ ? ਇਸ ਬਾਰੇ ਕਿਆਸ ਹੀ ਕੀਤਾ ਜਾ ਸਕਦਾ ਹੈ।

ਦੋਸਤੋ ਉਸ ਦਿਨ ਦੀ ਘਟਨਾ ਦੱਸਣ ਤੋਂ ਪਹਿਲਾਂ ਮੈਂ ਤੁਹਾਨੂੰ ਘਟਨਾ ਦੇ ਪਾਤਰਾਂ ਅਤੇ ਘਟਨਾ ਸਥਾਨ ਬਾਰੇ ਜਾਣਕਾਰੀ ਦੇਣੀ ਜ਼ਰੂਰੀ ਸਮਝਦਾ ਹਾਂ। ਕਾਰਨ ਇਹ ਹੈ ਕਿ ਇਹਨਾਂ ਦੀ ਜਾਣਕਾਰੀ ਬਿਨਾਂ, ਤੁਹਾਨੂੰ ਸਾਰੀ ਘਟਨਾ ਸਮਝਣ ਵਿਚ ਦਿੱਕਤ ਆਵੇਗੀ।

ਇਹ ਘਟਨਾ ਸਾਲ 1989-90 ਦੀ ਹੈ।

ਉਹਨਾਂ ਦਿਨਾਂ ਵਿਚ, ਜ਼ਮੀਨ ਦੀ ਵੰਡ-ਵੰਡਾਈ ਨੂੰ ਲੈ ਕੇ ਸਾਡੇ ਭਰਾਵਾਂ ਵਿਚ ਅਕਸਰ ਘੈਂਸ-ਘੈਂਸ ਚੱਲਦੀ ਰਹਿੰਦੀ ਸੀ। ਸਾਡੇ ਘਰੇਲੂ ਝਗੜਿਆਂ ਦਾ ਨਿਪਟਾਰਾ, ਮੇਰਾ ਭਣੋਈਆ ਗੁਰਜੰਟ ਸਿੰਘ ਸਿੱਧੂ ਹੀ ਕਰਦਾ ਹੁੰਦਾ ਸੀ। ਉਹ ਬਹੁਤ ਸਮਝਦਾਰ ਤੇ ਪੜ੍ਹਿਆ-ਲਿਖਿਆ ਬੰਦਾ ਸੀ। ਪਿੰਡ ਪੱਖੋ ਕਲਾਂ ਦੇ ਲੋਕਾਂ ਨੇ, ਉਸ ਨੂੰ ਇਕ ਤਰ੍ਹਾਂ ਸਰਬਸੰਮਤੀ ਨਾਲ, ਦੋ ਵਾਰ ਪੰਚਾਇਤ ਮੈਂਬਰ ਚੁਣਿਆ ਸੀ। ਜ਼ਮੀਨ ਦੇ ਕਨਾਲਾਂ-ਮਰਲਿਆ ਤੋਂ ਉਹ ਪੂਰੀ ਤਰਾਂ ਵਾਕਫ਼ ਸੀ। ਆਪਣੇ ਪਿੰਡ ਦੇ ਲੋਕਾਂ ਦੇ ਜ਼ਮੀਨ ਦੀ ਮਿਣਤੀ-ਗਿਣਤੀ ਦੇ ਜ਼ਿਆਦਾਤਰ ਮਸਲਿਆਂ ਨੂੰ ਉਹ ਹੀ ਹੱਲ ਕਰਦਾ ਹੁੰਦਾ ਸੀ। ਸਭ ਤੋਂ ਵੱਡੀ ਗੱਲ ਕਿ ਉਹ ਸਹੀ ਨੂੰ ਸਹੀ ਆਖਣ ਦੀ ਹਿੰਮਤ ਰੱਖਦਾ ਸੀ। ਫਿਰ ਸਾਡਾ ਤਾਂ ਉਹ ਪ੍ਰਾਹੁਣਾ ਸੀ, ਇਸ ਲਈ ਕਿਸੇ ਹੋਰ ਕੋਲ ਜਾਣ ਦਾ ਤਾਂ ਮਤਲਬ ਹੀ ਨਹੀਂ ਸੀ।

ਅਸੀਂ ਚਾਰ ਭਰਾ ਸਾਂ। ਮੈਂ ਸਭ ਤੋਂ ਛੋਟਾ ਹਾਂ। ਵੱਡਾ ਭਰਾ ਸੁਰਜੀਤ ਸਿੰਘ ਤਾਂ ਬਹੁਤ ਪਹਿਲਾਂ ਅਲਹਿਦਾ ਹੋ ਗਿਆ ਸੀ। ਬਾਕੀ ਸਾਡੇ ਤਿੰਨ ਭਰਾਵਾਂ ਦਾ ਕੰਮ-ਕਾਰ ਸਾਂਝਾ ਸੀ। ਸਾਡੀ ਜ਼ਮੀਨ ਦੋ ਥਾਵੇਂ ਹੈ। ਇਕ ਛੋਟਾ 8 ਕਿੱਲਿਆਂ ਦਾ ਨਿਆਈਂ ਵਾਲਾ ਟੱਕ ਹੈ ਜੋ ਘਰ ਤੋਂ ਡੇਢ ਕੁ ਕਿਲੋਮੀਟਰ ਦੇ ਫ਼ਾਸਲੇ ਤੇ ਹੈ। ਦੂਜਾ 50 ਕੁ ਕਿੱਲਿਆਂ ਦਾ ਵੱਡਾ ਟੱਕ ਪਿੰਡ ਸੰਘੇੜਾ ਤੋਂ 5 ਕਿਲੋਮੀਟਰ ਦੇ ਫ਼ਾਸਲੇ ਤੇ ਪਿੰਡ ਸੇਖਾ ਦੇ ਨਜ਼ਦੀਕ ਪੈਂਦਾ ਹੈ। ਸਾਡੇ ਖੇਤ ਤੋਂ ਪਿੰਡ ਸੇਖਾ ਨੇੜੇ ਪੈਂਦਾ ਹੈ। ਇਸ ਖੇਤਰ ਨੂੰ ਲੋਕਾਂ ਨੇ 'ਬੀੜ੍ਹ' ਦਾ ਨਾਂ ਦਿੱਤਾ ਹੋਇਆ ਹੈ।

ਪੰਜਾਬ ਵਿਚ ਇਹ ਦਹਿਸ਼ਤ ਦੇ ਦਿਨ ਸਨ। ਸ਼ਾਮ ਦੇ ਪੰਜ ਵਜੇ ਤੋਂ ਬਾਅਦ ਖੇਤਾਂ ਦੇ ਰਾਹਾਂ ਵਿਚ ਤਾਂ ਕੀ ਗਲੀਆਂ ਵਿਚ ਵੀ ਸੁੰਨ ਪਸਰ ਜਾਂਦੀ ਹੁੰਦੀ ਸੀ। ਉਹਨਾਂ ਦਿਨਾਂ ਵਿਚ ਮੇਰੇ ਪਿੰਡ ਦਾ ਇਕ ਨੌਜਵਾਨ ਇਸ ਲਹਿਰ ਦਾ ਹਿੱਸਾ ਬਣ ਗਿਆ ਸੀ। ਉਂਜ ਉਸ ਦਾ ਪੱਕਾ ਨਾਂ ਤਾਂ ਕੋਈ ਹੋਰ ਸੀ ਪਰ ਪਿੰਡ ਵਿਚ ਉਸ ਨੂੰ 'ਭੋਲਾ' ਕਹਿੰਦੇ ਸਨ। ਸਮਝ ਨਹੀਂ ਸੀ ਆਈ ਕਿ ਉਸ ਨੇ ਇਹ ਰਸਤਾ ਕਿਉਂ ਅਖਤਿਆਰ ਕਰ ਲਿਆ ਸੀ ਜਦੋਂ ਕਿ ਇਕ ਅਰਧ-ਸਰਕਾਰੀ ਮਹਿਕਮੇ ਵਿਚ ਉਸ ਦੀ ਨਿਯੁਕਤੀ ਵੀ ਹੋ ਗਈ ਸੀ। ਇਕ ਦਿਨ ਜਦ ਉਸ ਨੇ ਇਕ ਕਤਲ ਤੋਂ ਬਾਅਦ ਮਾਰਨ ਦੀ ਜ਼ਿੰਮੇਵਾਰੀ 'ਭੋਲਾ ਸਿੰਘ ਸੰਘੇੜਾ' ਦੇ ਨਾਂ ਹੇਠ ਲਈ ਤਾਂ ਮੇਰਾ ਮੱਥਾ ਠਣਕਿਆ। ਭੋਲੇ ਦਾ ਬਚਪਨ ਅਤੇ ਪਰਿਵਾਰਕ ਜੀਵਨ ਮੇਰੀਆਂ ਅੱਖਾਂ ਅੱਗੇ ਘੁੰਮ ਗਿਆ। ਉਹ ਮੇਰੇ ਨਾਲੋਂ ਛੋਟਾ ਸੀ। ਉਹ ਨਿਮਨ ਕਿਸਾਨੀ ਵਿਚੋਂ ਸੀ। ਜਿਹਨਾਂ ਦਿਨਾਂ ਵਿਚ ਸਾਡਾ ਪਰਿਵਾਰ ਪਿੰਡ ਵਿਚ ਅੰਦਰਲੇ ਘਰ ਰਹਿੰਦਾ ਸੀ, ਉਹਨਾਂ ਦਾ ਪਰਿਵਾਰ ਵੀ ਇਕ ਕਿਰਾਏ ਦੇ ਮਕਾਨ ਵਿਚ ਸਾਡੇ ਕੋਲ ਹੀ ਰਹਿੰਦਾ ਹੁੰਦਾ ਸੀ। ਉਸ ਦਾ ਪਿਤਾ ਚੰਦ ਸਿੰਘ ਸਾਬਕਾ ਫ਼ੌਜੀ ਸੀ। ਭੋਲੇ ਦੀ ਮਾਂ ਬਰਮਾ ਦੀ ਰਹਿਣ ਵਾਲੀ ਸੀ। ਪਿੰਡ ਵਿਚ ਇਸ ਪਰਿਵਾਰ ਨੂੰ 'ਬਰਮਣ ਕੇ' ਕਹਿੰਦੇ ਸਨ। ਮੈਂ ਉਸ ਨੂੰ ਚਾਚੀ ਆਖਦਾ ਹੁੰਦਾ ਸਾਂ। ਇਹ ਇਕ ਗੁਰਸਿੱਖ ਪਰਿਵਾਰ ਸੀ। ਚੰਦ ਸਿੰਘ ਗੁਰਬਾਣੀ ਦਾ ਬਹੁਤ ਵਧੀਆ ਪਾਠੀ ਸੀ। ਉਸ ਦੀ ਆਵਾਜ਼ ਵਿਲੱਖਣ, ਦਿਲਕਸ਼ ਤੇ ਮਿਠਾਸ ਭਰੀ ਸੀ। ਹੁਣ ਵੀ ਜਦ ਸਪੀਕਰ ਵਿਚ ਉਸ ਨਾਲ਼ ਬਿਲਕੁੱਲ ਮਿਲਦੀ-ਜੁਲਦੀ ਇਕ ਪਾਠੀ ਦੀ ਆਵਾਜ਼ ਕਦੇ-ਕਦਾਈਂ ਸੁਣਨ ਨੂੰ ਮਿਲਦੀ ਹੈ ਤਾਂ ਮੈਂ ਮੰਤਰ-ਮੁਗਧ ਹੋ ਕੇ ਬਾਣੀ ਸੁਣਨ ਲੱਗ ਜਾਂਦਾ ਹਾਂ। ਮੈਨੂੰ ਲੱਗਦੈ ਜਿਵੇਂ ਚਾਚਾ ਚੰਦ ਸਿੰਘ ਪਾਠ ਕਰ ਰਿਹਾ ਹੋਵੇ ਤੇ ਮੈਂ ਆਪਣੇ ਬਚਪਨ ਦਿਨਾਂ ਵਿਚ ਚਲਾ ਜਾਂਦਾ ਹਾਂ।

ਉਹਨਾਂ ਦਿਨਾਂ ਵਿਚ ਮੈਂ ਪਿੰਡ ਸੰਘੇੜਾ ਵਿਖੇ ਰਹਿੰਦਾ ਸਾਂ। ਭੋਲਾ ਸਿੰਘ ਦੇ ਖਾੜਕੂ ਸਫਾਂ ਵਿਚ ਰਲਣ ਤੋਂ ਬਾਅਦ ਕਦੇ-ਕਦਾਈਂ ਜਦ ਉਸ ਦੀ ਮਾਂ ਟੱਕਰਦੀ ਤਾਂ ਬੋਲਦੀ, " ਕੀ ਹਾਲ ਐ ਪੁੱਤਰ ਤੇਰਾ।"

ਮੇਰਾ ਹਾਲ ਪੁੱਛਦਿਆਂ ਹੀ ਉਹ ਅੱਖਾਂ ਭਰ ਲੈਂਦੀ। ਇੱਕੋ ਨਾਮ-ਰਾਸ਼ੀਏ ਹੋਣ ਕਰਕੇ ਮੇਰੇ ਮੱਥੇ ਲੱਗਦਿਆਂ ਜ਼ਰੂਰ ਉਸ ਨੂੰ ਆਪਣਾ ਪੁੱਤ 'ਭੋਲਾ' ਯਾਦ ਆਉਂਦਾ ਹੋਵੇਗਾ। ਮੈਨੂੰ

ਲੱਗਦਾ ਜਿਵੇਂ ਉਹ ਮੇਰੇ ਨਾਲ਼ ਰੱਜ ਕੇ ਗੱਲਾਂ ਕਰਨੀਆਂ ਚਾਹੁੰਦੀ ਹੋਵੇ। ਇਕ ਦੋ ਵਾਰ ਉਸ ਨੇ ਆਪਣੇ ਪੁੱਤ ਦੀ ਗੱਲ ਛੇੜੀ ਵੀ ਪਰ ਗੱਲ ਸ਼ੁਰੂ ਕਰਦਿਆਂ ਹੀ ਉਸ ਦਾ ਗੱਚ ਭਰ ਆਇਆ। ਉਹ ਅੱਖਾਂ ਪੂੰਝਦੀ ਅੱਗੇ ਤੁਰ ਗਈ।

ਇਕ ਦਿਨ ਮੈਂ ਗੁਰਜੰਟ ਸਿੰਘ ਨੂੰ ਜ਼ਮੀਨ ਦੀ ਵੰਡ-ਵੰਡਾਈ ਕਰਾਉਣ ਲਈ ਕਿਹਾ। ਉਸ ਨੇ ਹਾਮੀ ਭਰਦਿਆਂ ਆਪਣੇ ਆਉਣ ਦਾ ਦਿਨ ਨਿਸ਼ਚਤ ਕਰ ਦਿੱਤਾ।

ਚਾਰ ਕੁ ਦਿਨਾਂ ਬਾਅਦ ਸੁਵੱਖਤੇ ਹੀ, ਉਹ ਮੇਰੇ ਕੋਲ ਪਿੰਡ ਸੰਘੇੜਾ ਪਹੁੰਚ ਗਿਆ। ਰੋਟੀ-ਪਾਣੀ ਛਕ ਕੇ ਅਸੀਂ ਬੀੜ੍ਹ ਵਾਲੇ ਖੇਤ ਨੂੰ ਚਾਲੇ ਪਾ ਦਿੱਤੇ। ਓਦੋਂ ਮੇਰੇ ਕੋਲ ਬਜਾਜ ਚੇਤਕ ਸਕੂਟਰ ਹੁੰਦਾ ਸੀ। ਖੇਤ ਜਾਣ ਲੱਗਿਆਂ ਮੈਂ ਆਮ ਕਰਕੇ ਸਾਧਾਰਨ ਕੱਪੜੇ ਪਹਿਨਦਾ ਸਾਂ। ਉਸ ਦਿਨ ਵੀ ਕੁੜਤੇ- ਪਜਾਮੇ ਨਾਲ, ਸਿਰ 'ਤੇ ਪਰਨਾ ਲਪੇਟ ਲਿਆ ਸੀ। ਪਰਨਾ ਵੀ ਪੀਲੇ ਰੰਗ ਦਾ। ਇਹ ਜੂਨ ਦਾ ਮਹੀਨਾ ਸੀ। ਕਣਕਾਂ ਵੱਢਣ-ਕੱਢਣ ਦਾ ਕੰਮ ਨਿੱਬੜ ਗਿਆ ਸੀ। ਜ਼ਮੀਨ ਦੀ ਵੰਡ-ਵੰਡਾਈ ਕਰਦਿਆਂ ਸਾਨੂੰ ਸਾਰਾ ਦਿਨ ਨਿਕਲ ਗਿਆ। ਸ਼ਾਮ ਨੂੰ ਪੰਜ ਕੁ ਵਜੇ ਅਸੀਂ ਖੇਤੋਂ ਚਾਲੇ ਪਾ ਦਿੱਤੇ।

ਖੇਤ ਬੈਠਿਆਂ ਤਾਂ ਪਤਾ ਨਾ ਲੱਗਿਆ ਪਰ ਜਦ ਥੋੜ੍ਹੀ ਕੁ ਦੂਰ ਆਏ ਤਾਂ ਬੜਾ ਭੈਅ ਆਉਣ ਲੱਗਿਆ। ਸੁੰਨਮ-ਸੁੰਨਾ ਰਾਹ। ਖੇਤਾਂ ਵੱਲ ਨਜ਼ਰ ਮਾਰਿਆਂ ਦੂਰ-ਦੂਰ ਤੱਕ ਕੋਈ ਬੰਦਾ ਦਿਖਾਈ ਨਹੀਂ ਸੀ ਦੇ ਰਿਹਾ। ਮੇਰੀ ਨਜ਼ਰ ਰਾਹ ਵਿਚ ਆਉਂਦੇ 'ਟੱਲੇ' (ਡੇਰੇ) ਦੇ ਦਰਖਤਾਂ ਦੇ ਝੁੰਡ ਵੱਲ ਗਈ। ਇਹ ਉਹ ਅਸਥਾਨ ਹੈ ਜਿੱਥੇ ਕਿਸੇ ਸਮੇਂ ਇਕ ਸੰਤ ਰਿਹਾ ਕਰਦਾ ਸੀ। ਟੱਲੇ ਦੇ ਆਲੇ-ਦੁਆਲੇ ਦੇ ਖੇਤਾਂ ਵਾਲਿਆਂ ਦੀ ਇਸ ਸਥਾਨ ਪ੍ਰਤੀ ਬਹੁਤ ਸ਼ਰਧਾ ਹੈ। ਇਸ ਦੇ ਕੋਲ ਦੀ ਲੰਘ ਰਿਹਾ ਰਾਹੀ, ਸਿਰ ਨਿਵਾ ਕੇ ਜਾਂਦਾ ਹੈ। ਅੱਜ ਕੱਲ੍ਹ ਏਥੇ ਇਕ ਸ਼ਾਨਦਾਰ ਗੁਰਦੁਆਰਾ ਹੈ ਜਿੱਥੇ ਹਰ ਮਹੀਨੇ ਦਸਵੀਂ ਵਾਲੇ ਦਿਨ, ਮੇਰੇ ਪਿੰਡ ਦੇ ਲੋਕ ਨਤਮਸਤਕ ਹੋਣ ਲਈ ਆਉਂਦੇ ਹਨ।

ਟੱਲੇ ਵੱਲ ਨਜ਼ਰ ਜਾਂਦਿਆਂ ਹੀ ਮੇਰੇ ਜ਼ਹਿਨ ਵਿਚ ਇਕ ਮੋਟਰ (ਟਿਊਬਵੈਲ) ਦਾ ਖ਼ਿਆਲ ਆਇਆ। ਇਹ ਟੱਲੇ ਦੇ ਪਰਲੇ ਪਾਸੇ ਸੀ। ਅੱਜ ਕੱਲ੍ਹ ਇਹ ਮੋਟਰ ਇਸ ਕਰਕੇ ਚਰਚਾ ਵਿਚ ਸੀ ਕਿ ਭੋਲਾ ਸਿੰਘ ਸੰਘੇੜਾ ਵੇਲੇ-ਕੁਵੇਲੇ ਇਸ ਮੋਟਰ 'ਤੇ ਆਉਂਦਾ ਜਾਂਦਾ ਸੀ।

ਇਕ ਡਰ ਮੇਰੀਆਂ ਸੋਚਾਂ 'ਤੇ ਕਾਬਜ਼ ਹੋ ਗਿਆ।

ਮੋਟਰ ਦਾ ਖ਼ਿਆਲ ਆਉਂਦਿਆਂ ਹੀ ਮੇਰੇ ਠੀਕਰੀਵਾਲਾ ਨਿਵਾਸੀ, ਕਵੀ ਸੁਰਜੀਤ ਸਿੰਘ ਦਿਹੜ ਦੀ ਗੱਲ ਚੇਤੇ ਆ ਗਈ।

ਇਕ ਦਿਨ ਮੈਂ ਸਕੂਟਰ 'ਤੇ ਬਰਨਾਲਾ ਤੋਂ ਸੰਘੇੜਾ ਵੱਲ ਨੂੰ ਜਾ ਰਿਹਾ ਸੀ। ਮੈਂ ਦੇਖਿਆ ਠੀਕਰੀਵਾਲਾ ਚੌਕ ਕੋਲ ਸੁਰਜੀਤ ਸਿੰਘ ਦਿਹੜ ਖੜ੍ਹਾ ਹੈ। ਜਿਉਂ ਹੀ ਮੈਂ ਉਹ ਦੇ ਕੋਲ ਗਿਆ, ਉਸ ਨੇ ਹੱਥ ਦੇ ਕੇ ਰੁੱਕਣ ਦਾ ਇਸ਼ਾਰਾ ਕੀਤਾ। ਮੈਂ ਉਸ ਦੇ ਕੋਲ ਜਾ ਕੇ ਸਕੂਟਰ ਰੋਕ ਦਿੱਤਾ ਤੇ ਫਤਿਹ ਬੁਲਾਈ।

ਉਹ ਬੋਲਿਆ, ''ਐਂ ਨੀ ਛੋਟੇ ਵੀਰ ...ਪਹਿਲਾਂ ਸਟੈਂਡ 'ਤੇ ਲਾ ਏਹਨੂੰ ਇਕ ਪਾਸੇ ਕਰਕੇ ...ਤੂੰ ਤਾਂ ਭੱਜੂੰ-ਭੱਜੂੰ ਕਰਦੈਂ।''

ਮੈਂ ਸੋਚਿਆ ਜ਼ਰੂਰ ਕੋਈ ਖਾਸ ਗੱਲ ਹੋਵੇਗੀ। ਸੜਕ ਤੋਂ ਪਾਸੇ ਨੂੰ ਹੋ ਸਕੂਟਰ ਸਟੈਂਡ 'ਤੇ ਲਾ ਲਿਆ।

''ਯਾਰ ਭੋਲਾ ਸਿਆਂ ! ਸੱਚੀ ਗੱਲ ਐ, ਪਹਿਲਾਂ ਤਾਂ ਮੈਂ ਇਕ ਦਿਨ ਅਖ਼ਬਾਰ 'ਚ ਪੜ੍ਹਕੇ ਡਰ ਗਿਆ, ਮਖਿਆ ਆਹ ਕੀ ਭਾਣਾ ਵਰਤ ਗਿਆ ...ਉਂ ਮੈਨੂੰ ਯਕੀਨ ਹੈਗਾ ਸੀ, ਬਈ ਉਹ ਨਹੀਂ ਹੋਵੇਗਾ ...ਫੇਰ ਐਧਰੋਂ ਓਧਰੋਂ ਪਤਾ ਕਰਿਆ ...ਮੈਨੂੰ ਤਾਂ ਓਦੋਂ ਸੁਖ ਦਾ ਸਾਹ ਆਇਆ ਜਦੋਂ ਪਤਾ ਲੱਗਿਆ ਬਈ ਏਹ 'ਭੋਲਾ ਸਿੰਘ ਸੰਘੇੜਾ' ਕੋਈ ਹੋਰ ਮੁੰਡੈ।'' ਦਿਹੜ ਨੇ ਇਕੋ ਸਾਹੇ ਗੱਲ ਆਖ ਦਿੱਤੀ।

''ਦਿਹੜ ਸਾਬ੍ਹ ਮੈਨੂੰ ਵੀ ਲੱਗਿਆ ਸੀ, ਬਈ ਕਿਤੇ ਪੁਲੀਸ ਵਾਲੇ ਮੈਨੂੰ ਈ ਨਾ ਘੜੀਸੀ ਜਾਣ।'' ਮੈਂ ਕਿਹਾ।

''ਓ ਤਾਂ ਤੇਰੀ ਗੱਲ ਠੀਕ ਐ ਪਰ ਏਹਨਾਂ ਨੂੰ ਸਾਰੀ ਸੀ. ਆਈ. ਡੀ. ਹੁੰਦੀ ਐ...ਹਾਂ ਉਲਝਾਉਣ ਦੇ ਲਈ ਕੁੱਛ ਵੀ ਕਰ ਸਕਦੇ ਨੇ ...ਮੈਂ ਤਾਂ ਤੈਨੂੰ ਤਾਂ ਰੋਕਿਐ ... ਮੇਰੀ ਗੱਲ ਧਿਆਨ ਨਾਲ ਸੁਣ।'' ਕਹਿਕੇ ਉਹ ਨੇ ਆਲੇ- ਦੁਆਲੇ ਨਿਗਾਹ ਮਾਰੀ।

''ਦੇਖ ਭੋਲਾ ਸਿਆਂ ਜੇ ਕਦੇ ਕੋਈ ਪੁਲੀਸ ਵਾਲਾ ਰੋਕ ਕੇ ਆਖੇ, ਤੇਰਾ ਨਾਂ ਕੀ ਐ...ਐਵੇਂ ਨਾ ਕਹਿ ਦੇਵੀਂ ਮੈਂ ਭੋਲਾ ਸਿੰਘ ਸੰਘੇੜਾ ਹਾਂ ...ਤੂੰ ਕਹੀਂ ਮੈਂ ਮਾਸਟਰ ਭੋਲਾ ਸਿੰਘ ਹਾਂ...ਏਹਨਾਂ ਦਾ ਕੀ ਪਤੈ, ਤੜਕੇ ਨੂੰ ਐਂ ਈ ਕਹਿ ਦੇਣਗੇ, ਭੁਲੇਖੇ ਨਾਲ ਮਾਰਿਆ ਗਿਆ ...ਫੇਰ ਕੀਹਦੀ ਮਾਂ ਨੂੰ ਮਾਸੀ ਕਹਾਂਗੇ ... ਹੈਂ, ਕੀ ਆਂਹਦੈ ।''

ਸੁਰਜੀਤ ਸਿੰਘ ਦਿਹੜ ਠੀਕ ਕਹਿੰਦਾ ਸੀ। ਇਹ ਗੱਲ ਤਾਂ ਕਦੇ ਕਦੇ ਮੈਂ ਖ਼ੁਦ ਵੀ ਚਿਤਾਰਕੇ ਪ੍ਰੇਸ਼ਾਨ ਹੋ ਜਾਂਦਾ ਸਾਂ। ਜਿਸ ਦਿਨ ਭੋਲਾ ਸਿੰਘ ਸੰਘੇੜਾ ਦੇ ਨਾਂ ਹੇਠ ਜ਼ਿੰਮੇਵਾਰੀ ਵਾਲਾ ਬਿਆਨ ਅਖ਼ਬਾਰ ਵਿਚ ਪੜ੍ਹਿਆ ਸੀ ਪ੍ਰੇਸ਼ਾਨੀ ਤਾਂ ਮੈਨੂੰ, ਓਸੇ ਦਿਨ ਤੋਂ ਹੋਣ ਲੱਗ ਪਈ ਸੀ। ਉਸ ਦਿਨ ਸਾਰੀ ਰਾਤ ਨੀਂਦ ਨਹੀਂ ਸੀ ਆਈ। ਲੱਗਦਾ ਸੀ ਪੁਲੀਸ ਵਾਲਿਆਂ ਨੇ ਮੇਰੇ ਘਰ ਦਾ ਦਰਵਾਜ਼ਾ ਖੜਕਾਇਆ ਕਿ ਖੜਕਾਇਆ। ਕਦੇ-ਕਦੇ ਮੈਂ ਸੋਚਦਾ ਭੋਲਾ ਸਿੰਘ ਨੇ ਮੇਰੇ ਵਾਲਾ ਨਾਂ ਕਿਉਂ ਉਜਾਗਰ ਕੀਤਾ ਹੈ ਜਦੋਂ ਕਿ ਉਸ ਦਾ ਅਸਲੀ ਨਾਂ ਤਾਂ ਹੋਰ ਹੈ। ਉਹ ਆਪਣੇ ਅਸਲੀ ਨਾਂ ਪਿੱਛੇ 'ਭੋਲਾ' ਵੀ ਲਿਖ ਸਕਦਾ ਸੀ। ਜਦੋਂ ਕਿ ਘੱਟੋ-ਘੱਟ ਬਰਨਾਲਾ ਦੇ ਸਾਹਿਤਕਾਰਾਂ ਵਿਚ ਮੇਰਾ, ਭੋਲਾ ਸਿੰਘ ਸੰਘੇੜਾ ਨਾਂ ਕੁਝ ਨਾ ਕੁਝ ਤਾਂ ਪਹਿਲਾਂ ਹੀ ਚੱਲਦਾ ਸੀ। ਇਹ ਗੱਲ ਤਾਂ ਭੋਲਾ ਸਿੰਘ ਨੂੰ ਵੀ ਜ਼ਰੂਰ ਪਤਾ ਹੋਵੇਗੀ।

ਟੱਲਾ ਲੰਘਦਿਆਂ ਮੇਰੀ ਨਜ਼ਰ ਆਪ-ਮੁਹਾਰੇ ਮੋਟਰ ਵੱਲ ਚਲੀ ਗਈ। ਉਧਰ ਦੇਖਦਿਆਂ ਹੀ ਮੇਰੀਆਂ ਮਾਨਿਓ

ਗਈਆਂ। ਮੋਟਰ ਵੱਲ ਨੂੰ ਜਾ ਰਹੀ ਪਹੀ ਤੇ ਸਾਡੇ ਵੱਲ ਆ ਰਿਹਾ ਇਕ ਮੋਟਰਸਾਈਕਲ ਨਜ਼ਰੀਂ ਪਿਆ। ਮੇਰਾ ਮੱਥਾ ਠਣਕਿਆ ; ਸ਼ਾਇਦ ਭੋਲਾ ਸਿੰਘ ਨਾ ਹੋਵੇ। ਮੈਂ ਗਹਿਰੀਆਂ ਸੋਚਾਂ ਵਿਚ ਡੁੱਬ ਗਿਆ। ਅਜੇ ਤੱਕ ਮੈਂ ਗੁਰਜੰਟ ਸਿੰਘ ਨਾਲ ਭੋਲੇ ਦੇ ਮੋਟਰ 'ਤੇ ਆਉਣ ਬਾਰੇ ਕੋਈ ਜ਼ਿਕਰ ਨਹੀਂ ਸੀ ਕੀਤਾ। ਮੈਂ ਦੇਖਿਆ ਉਹ ਦੋ ਜਾਣੇ ਸਨ। ਮੋਟਰਸਾਈਕਲ ਤੇਜ਼ ਕਰਕੇ ਉਹ ਸਾਨੂੰ ਕਰੌਸ ਕਰ ਗਏ ਸਨ। ਉਹਨਾਂ ਦੀਆਂ ਸ਼ਰਟਾਂ ਹੇਠ ਛੁਪਾਈਆਂ ਸਟੇਨਗੰਨਾਂ ਸਾਨੂੰ ਆਪਣੀ ਹੋਂਦ ਜਤਾ ਗਈਆਂ ਸਨ।

ਡਰ ਦੇ ਇਹਨਾਂ ਪਲਾਂ ਨੇ ਗੁਰਜੰਟ ਸਿੰਘ ਨੂੰ ਵੀ ਆਪਣੀ ਜਕੜ ਵਿਚ ਲੈ ਲਿਆ ਸੀ। ਅਸੀਂ ਐਨੇ ਡਰ ਗਏ ਸਾਂ ਕਿ ਇਕ ਦੂਜੇ ਨਾਲ ਬੋਲਣਾ ਵੀ ਬੰਦ ਕਰਤਾ ਸੀ। ਦਰਅਸਲ ਉਹ ਵਕਤ ਗੱਲਾਂ ਕਰਨ ਦਾ ਹੈ ਈ ਨਹੀਂ ਸੀ। ਅਸੀਂ ਦੋਵੇਂ ਜ਼ਿੰਦਗੀ ਅਤੇ ਮੌਤ ਦੇ ਵਿਚਕਾਰ ਦੇ ਖੇਤਰ ਵਿਚ ਉਲਝੇ ਹੋਏ ਸਾਂ। ਦੋਵੇਂ, ਉਹਨਾਂ ਮੁੰਡਿਆਂ ਬਾਰੇ ਆਪੋ-ਆਪਣੇ ਲੱਖਣ ਲਾ ਰਹੇ ਸਾਂ। ਸਾਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਕੌਣ ਸਨ ? ਮੇਰੇ ਮਨ ਵਿਚ ਉਹਨਾਂ ਬਾਰੇ ਤਿੰਨ ਵਿਚਾਰ ਬਣ ਰਹੇ ਸਨ। ਉਹ ਜਾਂ ਤਾਂ ਪੁਲੀਸ ਵਾਲੇ ਹੋ ਸਕਦੇ ਸਨ ਜਾਂ ਫਿਰ ਪੁਲੀਸ ਕੈਟ। ਇਕ ਖ਼ਿਆਲ ਇਹ ਵੀ ਆਉਂਦਾ ਸੀ ਕਿ ਉਹ ਖਾੜਕੂ ਵੀ ਹੋ ਸਕਦੇ ਸਨ।

ਪੁਲੀਸ ਵਾਲੀ ਗੱਲ ਮਨ ਘੱਟ ਲੱਗਦੀ ਸੀ। ਕਾਰਨ ਇਹ ਸੀ ਕਿ ਸ਼ਾਮ ਦੇ ਸਮੇਂ, ਰੋਹੀ ਬੀਆਬਾਨ ਵਿਚ ਪੁਲੀਸ ਦੇ ਦੋ ਸ਼ੂਕੇ ਜਿਹੇ ਮੁੰਡਿਆਂ ਦਾ ਇਸ ਤਰ੍ਹਾਂ ਘੁੰਮਣਾ ਹਜ਼ਮ ਨਹੀਂ ਸੀ ਹੁੰਦਾ। ਉਹ ਵੀ ਅਜਿਹੀ ਥਾਂ ਜਿੱਥੇ ਖਾੜਕੂਆਂ ਦੇ ਆਉਣ-ਜਾਣ ਬਾਰੇ ਚਰਚਾ ਹੋਵੇ।

ਦੂਜੀ ਗੱਲ ਜੋ ਮਨ ਨੂੰ ਭਾਅ ਰਹੀ ਸੀ, ਉਹ ਉਹਨਾਂ ਦੇ ਪੁਲੀਸ ਕੈਟ ਹੋਣ ਦੀ ਸੀ। ਕਿਉਂਕਿ ਉਹਨਾਂ ਦੀਆਂ ਦਾਹੜੀਆਂ ਕੱਟੀਆਂ ਹੋਈਆਂ ਸਨ ਤੇ ਉਹ ਨਿਡਰਤਾ ਨਾਲ ਘੁੰਮ ਰਹੇ ਸਨ। ਹੋ ਸਕਦੈ ਉਹ ਆਪਣੇ ਸਾਥੀਆਂ ਦੀ ਨਜ਼ਰ ਵਿਚ ਖਾੜਕੂ ਹੋਣ ਪਰ ਅੰਦਰ ਖਾਤੇ ਪੁਲੀਸ ਲਈ ਕੰਮ ਕਰ ਰਹੇ ਹੋਣ।

ਤੀਜੀ ਗੱਲ ਉਹਨਾਂ ਦੇ ਖਾੜਕੂ ਹੋਣ ਦੀ ਵੀ ਮਨ ਨੂੰ ਜੱਚਦੀ ਸੀ। ਕਿਉਂਕਿ ਦਾਹੜੀਆਂ ਉਹਨਾਂ ਨੇ ਆਪਣੀ ਪਛਾਣ ਛੁਪਾਉਣ ਲਈ ਕਟਾਈਆਂ ਹੋ ਸਕਦੀਆਂ ਸਨ ਤੇ ਉਹ ਕਿਸੇ ਵੱਡੀ ਵਾਰਦਾਤ ਕਰਨ ਦੇ ਚੱਕਰ ਵਿਚ ਹੋਣ ਤੇ ਉਹ ਸਾਨੂੰ ਭੇਦ ਲੈਣ ਵਾਲੇ ਪੁਲੀਸ ਵਾਲੇ ਸਮਝਦੇ ਹੋਣ। ਉਹਨਾਂ ਦਿਨਾਂ ਵਿਚ ਖਾੜਕੂਆਂ ਵਿਚ ਬਹੁਤ ਨਿਡਰਤਾ ਸੀ ਤੇ ਪੁਲੀਸ ਨੂੰ ਟਿੱਚ ਜਾਣਦੇ ਸਨ।

ਸਾਡੇ ਅੱਗੇ ਰੇਲਵੇ ਲਾਈਨ ਸੀ। ਸਾਈਕਲ ਤੇ ਸਕੂਟਰ/ਮੋਟਰਸਾਈਕਲ ਵਾਲਿਆਂ ਨੂੰ ਲਾਈਨ ਦੇ ਤਿੰਨ ਪੁਲ਼ਾਂ ਹੇਠ ਦੀ ਲੰਘ ਕੇ ਪੱਟੜੀ 'ਤੇ ਚੜ੍ਹਨਾ ਪੈਂਦਾ ਸੀ। ਕਾਰਨ ਇਹ ਸੀ ਕਿ ਇਹ ਪੱਟੜੀ ਇਕ ਪਾਸੇ ਹੀ ਸਾਫ 'ਤੇ ਸੁਵਿਧਾਜਨਕ ਸੀ। ਉਹਨਾਂ ਮੁੰਡਿਆਂ ਨੇ ਪੱਟੜੀ 'ਤੇ ਚੜ੍ਹਨ ਦੀ ਬਜਾਏ ਮੋਟਰਸਾਈਕਲ ਖੱਬੇ ਪਾਸੇ ਕੱਚੇ ਰੇਤਲੇ ਰਸਤੇ ਪਾ ਕੇ ਤੇਜ਼ ਕਰ ਦਿੱਤਾ ਸੀ। ਮੈਂ ਪੁਲ਼ਾਂ ਹੇਠ ਦੀ ਲੰਘ ਪੱਟੜੀ 'ਤੇ ਚੜ੍ਹਾ ਲਿਆ ਸੀ। ਅੱਗੇ ਪੱਟੜੀ ਨੂੰ ਪਾਰ ਕਰਦਾ ਮੇਰੇ ਪਿੰਡ ਨੂੰ ਜਾਣ ਵਾਲਾ ਰਸਤਾ ਆਉਂਦਾ ਸੀ। ਮੈਂ ਦੇਖਿਆ ਉਹ ਪਿੰਡ ਨੂੰ ਜਾਣ ਦੀ ਬਜਾਏ ਪੱਟੜੀ 'ਤੇ ਚੜ੍ਹ ਗਏ ਸਨ। ਭਾਵ ਉਹ ਬਰਨਾਲਾ ਸ਼ਹਿਰ ਵੱਲ ਜਾਣ ਲੱਗੇ ਸਨ। ਉਹਨਾਂ ਨੇ ਮੋਟਰਸਾਈਕਲ ਦੀ ਰਫ਼ਤਾਰ ਹੌਲੀ ਕਰ ਲਈ ਸੀ। ਉਹ ਸਾਨੂੰ ਚੈੱਕ ਕਰ ਰਹੇ ਸਨ ਕਿ ਅਸੀਂ ਪਿੰਡ ਵੱਲ ਨੂੰ ਜਾਂਦੇ ਹਾਂ ਜਾਂ ਨਾ।

ਉਂਜ ਤਾਂ ਮੈਂ ਸੁਬ੍ਹਾ ਘਰੋਂ ਤੁਰਨ ਲੱਗਿਆਂ ਹੀ, ਇਹ ਮਿਥ ਕੇ ਤੁਰਿਆ ਸੀ ਕਿ ਆਉਂਦੇ ਹੋਏ ਬਰਨਾਲਾ ਵਿਚ ਦੀ ਹੁੰਦੇ ਹੋਏ ਆਵਾਂਗੇ। ਅਸੀਂ ਜਦੋਂ ਵੀ ਇਕੱਠੇ ਹੁੰਦੇ ਸਾਂ, ਮਹਿਫਲ ਜੰਮ ਜਾਂਦੀ ਸੀ। ਪਿੰਡ ਵਿਚ ਸ਼ਰਾਬ ਦਾ ਠੇਕਾ ਬੰਦ ਸੀ। ਜੋ ਬੰਦੇ ਚੋਰੀ-ਛੁਪੋਰੀ ਵੇਚਦੇ ਸਨ, ਓਥੋਂ ਖ਼ਰੀਦਣੀ ਵੀ ਖ਼ਤਰੇ ਤੋਂ ਖਾਲੀ ਨਹੀਂ ਸੀ। ਸ਼ਹਿਰ ਵਿਚ ਇਹ ਖ਼ਤਰਾ ਨਹੀਂ ਸੀ।

ਪਿੰਡ ਵੱਲ ਨੂੰ ਜਾਂਦੇ ਰਸਤੇ ਕੋਲ ਆ ਕੇ ਮੈਂ ਸਕੂਟਰ ਹੌਲੀ ਕਰ ਲਿਆ। ਮੈਂ ਦੁਚਿੱਤੀ ਵਿਚ ਪੈ ਗਿਆ; ਪਿੰਡ ਵੱਲ ਮੋੜਾਂ ਜਾਂ ਸਿੱਧਾ ਸ਼ਹਿਰ ਜਾਵਾਂ?

ਮੇਰੀ ਦੁਚਿੱਤੀ ਨੂੰ ਅਨੁਭਵ ਕਰਦਾ, ਗੁਰਜੰਟ ਸਿੰਘ ਬੋਲਿਆ, ''ਸਿੱਧਾ ਈ ਚੱਲ ।''

ਇਹ ਗੱਲ ਗੁਰਜੰਟ ਸਿੰਘ ਨੇ ਕਿਉਂ ਆਖੀ ਸੀ ? ਇਸ ਬਾਰੇ ਉਸਨੇ ਮੈਨੂੰ ਬਾਅਦ ਵਿਚ ਦੱਸਿਆ ਸੀ ਕਿ ਇਹ ਫੈਸਲਾ ਮੈਂ ਤਾਂ ਲਿਆ ਸੀ ਕਿ ਜੇ ਪਿੰਡ ਵਾਲੇ ਰਸਤੇ ਮੁੜ ਜਾਂਦੇ ਤਾਂ ਉਹਨਾਂ ਸਾਡੇ 'ਤੇ ਸ਼ੱਕ ਕਰਨੀ ਸੀ।

ਹੁਣ ਉਹ ਦੋਵੇਂ ਸਾਡੇ ਅੱਗੇ-ਅੱਗੇ ਸਨ ਤੇ ਅਸੀਂ ਪਿੱਛੇ-ਪਿੱਛੇ, ਜਿਵੇਂ ਕੁਝ ਸਮੇਂ ਬਾਅਦ ਹੋਣ ਵਾਲੀ ਮੌਤ ਦੀ ਕਾਰਵਾਈ ਦੀ ਉਡੀਕ ਵਿਚ ਕੋਈ ਠਠੰਬਰ ਜਾਂਦਾ ਹੈ, ਅਸੀਂ ਓਸੇ ਤਰ੍ਹਾਂ ਦੁਬਕੇ ਬੈਠੇ ਅੱਗੇ ਜਾ ਰਹੇ ਸਾਂ। ਅਜੇ ਵੀ ਇਕ ਦੂਜੇ ਨਾਲ ਕੋਈ ਸ਼ਬਦ ਸਾਂਝਾ ਨਹੀਂ ਸਾਂ ਕਰ ਰਹੇ। ਜਿਵੇਂ ਸਾਡੇ ਆਪਸ ਵਿਚ ਬੋਲਣ ਨਾਲ ਹੀ, ਸਾਡੇ ਉੱਤੇ ਗੋਲ਼ੀਆਂ ਦਾ ਮੀਂਹ ਵਰ੍ਹਨ ਵਾਲਾ ਹੋਵੇ।

ਮੋਟਰਸਾਈਕਲ 'ਤੇ ਪਿੱਛੇ ਬੈਠਾ ਮੁੰਡਾ ਕਦੀ-ਕਦੀ ਗਰਦਨ ਟੇਢੀ ਕਰਕੇ ਆਸੇ-ਪਾਸੇ ਦੇਖਣ ਲੱਗਦਾ। ਅਸਲ ਵਿਚ ਉਹ ਸਾਡੀ ਆਮਦ ਦੀ ਕਨਸੋਅ ਲੈ ਰਿਹਾ ਸੀ। ਦੋ ਕੁ ਕਿਲੋਮੀਟਰ ਦੇ ਫ਼ਾਸਲੇ ਤੇ ਰੇਲਵੇ ਲਾਈਨ ਨੂੰ ਕਰਾਸ ਕਰਦੀ ਇਕ ਸੜਕ ਸੀ। ਇਹ ਬਰਨਾਲਾ ਲੁਧਿਆਣਾ ਰੋਡ ਸੀ/ਹੈ। ਏਥੇ ਫਾਟਕ ਵੀ ਸੀ। ਅੱਜ ਕੱਲ੍ਹ ਏਥੇ ਪੁਲ਼ (ਫਲਾਈ ਓਵਰ) ਬਣ ਗਿਆ ਹੈ ਜਿਸ ਨੂੰ 'ਟਰਾਈਡੈਂਟ ਵਾਲਾ ਪੁਲ' ਕਹਿੰਦੇ ਹਨ।

ਮੈਂ ਦੇਖਿਆ, ਉਹਨਾਂ ਨੇ ਫਾਟਕ ਲੰਘ ਕੇ ਮੋਟਰਸਾਈਕਲ ਹੌਲੀ ਕਰ ਲਿਆ ਸੀ। ਸ਼ਾਇਦ ਉਹਨਾਂ ਨੂੰ ਸਾਡੇ ਪਿੰਡ ਵੱਲ ਮੁੜਨ ਦਾ ਸ਼ੱਕ ਹੋਵੇ। ਪਰ ਅਸੀਂ ਸੜਕ ਪਾਰ ਕਰਕੇ ਅੱਗੇ ਵੱਲ ਵਧ ਗਏ ਸਾਂ। ਉਹਨਾਂ ਫਿਰ ਮੋਟਰਸਾਈਕਲ ਦੀ ਸਪੀਡ ਵਧਾ ਦਿੱਤੀ ਸੀ।

ਮੇਰੇ ਦਿਮਾਗ਼ ਵਿਚ ਵਾਰ-ਵਾਰ ਇਹ ਸਵਾਲ ਆਉਣ ਲੱਗਿਆ ਕਿ ਹੁਣ ਕੀ ਹੋਵੇਗਾ ?

ਦਰਅਸਲ ਫੈਸਲੇ ਦੀ ਘੜੀ ਆ ਗਈ ਸੀ। ਜਾਂ ਓਸ ਪਾਰ ਜਾਂ ਓਸ ਪਾਰ। ਅੱਗੇ ਫਿਰ ਸ਼ਹਿਰ ਦਾ ਰੇਲਵੇ ਫਾਟਕ ਸੀ। ਇਸ ਨੂੰ 'ਸੇਖਾ ਫਾਟਕ' ਕਹਿੰਦੇ ਹਨ। ਸਾਡੇ ਖੱਬੇ ਪਾਸੇ ਇਹ ਸੜਕ ਪਿੰਡ ਸੇਖਾ ਨੂੰ ਜਾਂਦੀ ਸੀ ਤੇ ਸੱਜੇ ਵਾਲੀ ਦੋ ਸੜਕਾਂ ਵਿਚ ਫਟਦੀ ਸੀ । ਇਕ ਪੁਰਾਣੇ ਸਿਨਮੇ ਵੱਲ ਨੂੰ ਚਲੀ ਜਾਂਦੀ ਹੈ ਤੇ ਦੂਜੀ ਜੰਡਾਂ ਵਾਲੀ ਰੋਡ ਬਣ ਜਾਂਦੀ ਹੈ। ਏਸੇ ਸੜਕ ਤੋਂ ਫਟਦੀ ਇਕ ਗਲ਼ੀ ਵਿਚ ਓਮ ਪ੍ਰਕਾਸ਼ ਗਾਸੋ ਦਾ ਘਰ ਹੈ।

ਜਿਉਂ ਹੀ ਅਸੀਂ ਸੜਕ 'ਤੇ ਚੜ੍ਹੇ ਸਾਨੂੰ ਇਕ ਹੋਮ ਗਾਰਡ ਵਾਲੇ ਨੇ ਹੱਥ ਦੇ ਕੇ ਰੋਕ ਲਿਆ। ਮੈਂ ਇਕ ਪਾਸੇ ਹੋ ਸਕੂਟਰ ਸਟੈਂਡ ਤੇ ਲਾ ਦਿੱਤਾ ਤਾਂ ਜੋ ਉਹਨਾਂ ਨੂੰ ਯਕੀਨ ਹੋ ਜਾਵੇ ਕਿ ਅਸੀਂ ਭੱਜਣ ਵਾਲੇ ਨਹੀਂ। ਮੈਂ ਦੇਖਿਆ ਉਹ ਦੋਵੇਂ ਮੁੰਡੇ ਸੜਕ ਤੋਂ ਹਟਵੇਂ, ਇਕ ਪਾਸੇ ਖੜ੍ਹੇ ਸਭ ਕੁਝ ਦੇਖ ਰਹੇ ਸਨ।

''ਕਿੱਥੋਂ ਆਏ ਹੋ ? '' ਹੋਮਗਾਰਡ ਵਾਲਾ ਬੋਲਿਆ।

ਮੈਂ ਉਸ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ।

ਉਹਨਾਂ ਦਿਨਾਂ ਵਿਚ ਪ੍ਰੇਸ਼ਾਨੀ ਤੋਂ ਬਚਣ ਲਈ, ਸਰਕਾਰੀ ਮੁਲਾਜ਼ਮਾਂ ਨੇ ਆਪਣੇ ਦਫ਼ਤਰ ਦੇ ਮੁਖੀ ਵੱਲੋਂ ਸ਼ਨਾਖਤੀ ਕਾਰਡ ਬਣਾ ਲਏ ਸਨ। ਮੈਂ ਹੋਮਗਾਰਡ ਵਾਲੇ ਨੂੰ ਬਿਨਾਂ ਕੁਝ ਕਿਹਾਂ ਜੇਬ ਵਿਚੋਂ ਕੱਢ ਸਕੂਲ ਦੇ ਮੁਖੀ ਵੱਲੋਂ ਬਣਾਇਆ ਸ਼ਨਾਖਤੀ ਕਾਰਡ ਫੜਾ ਦਿੱਤਾ। ਫਿਰ ਡਰਾਈਵਿੰਗ ਲਾਇਸੰਸ ਵੀ, ਉਸ ਦੇ ਹਵਾਲੇ ਕਰ ਦਿੱਤਾ। ਉਹ ਨੇ ਸਰਸਰੀ ਨਿਗਾਹ ਮਾਰੀ ਤੇ ਕਾਰਡ ਮੈਨੂੰ ਵਾਪਸ ਕਰ, ਆਪਣੀ ਥਾਂ 'ਤੇ ਜਾ ਖੜ੍ਹਿਆ।

ਉਹਨਾਂ ਦੋਹਾਂ ਮੁੰਡਿਆਂ ਨੂੰ ਅਜੇ ਤਸੱਲੀ ਨਹੀਂ ਹੋਈ ਸੀ। ਸ਼ਾਇਦ ਉਹਨਾਂ ਨੇ ਹੋਮਗਾਰਡ ਵਾਲੇ ਨੂੰ ਤਲਾਸ਼ੀ ਲੈਣ ਲਈ ਕਿਹਾ ਹੋਵੇ। ਉਹਨਾਂ ਵਿੱਚੋਂ ਇਕ ਕਾਹਲੀ-ਕਾਹਲੀ ਸਾਡੇ ਵੱਲ ਆਇਆ ਤੇ ਆਪਣਾ ਹੱਥ ਮੇਰੇ ਵੱਲ ਕਰ ਦਿੱਤਾ। ਮੈਂ ਸ਼ਨਾਖਤੀ ਕਾਰਡ ਤੇ ਲਾਇਸੈਂਸ, ਉਸ ਦੇ ਹਵਾਲੇ ਕਰ ਦਿੱਤੇ। ਉਸਨੇ ਸਿਰ ਤੋਂ ਪੈਰਾਂ ਤੀਕ ਮੈਨੂੰ ਘੋਖਿਆ।

'' ਕੀ ਗੱਲ ਕੋਈ ਸ਼ੱਕ ਐ ? '' ਮੈਂ ਮੁੰਡੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਜ਼ਰਾ ਕੁ ਰੋਹਬ ਭਰੀ ਆਵਾਜ਼ ਵਿਚ ਸਵਾਲ ਕੀਤਾ।

ਉਸ ਨੇ ਮੇਰੀ ਗੱਲ ਦਾ ਕੋਈ ਉੱਤਰ ਨਾ ਦਿੱਤਾ। ਪਰ ਉਹ ਥੋੜ੍ਹਾ ਜਿਹਾ ਨਿਮੋਝੂਣਾ ਜ਼ਰੂਰ ਹੋ ਗਿਆ ਸੀ।

ਉਸ ਨੇ ਸਾਨੂੰ ਜਾਣ ਦਾ ਇਸ਼ਾਰਾ ਕੀਤਾ।

ਅਜੇ ਅਸੀਂ ਸੌ ਕੁ ਮੀਟਰ ਜਾ ਕੇ ਗਾਸੋ ਵਾਲੀ ਗਲ਼ੀ ਟੱਪੇ ਸਾਂ ਕਿ ਅੱਗਿਓਂ ਬੜੀ ਤੇਜ਼ੀ ਨਾਲ ਆਉਂਦੀਆਂ ਪੁਲੀਸ ਦੀਆਂ ਦੋ ਗੱਡੀਆਂ ਦਿਖਾਈ ਦਿੱਤੀਆਂ। ਮੂਹਰਲੀ ਬਖਤਰਬੰਦ ਗੱਡੀ ਸੀ ਤੇ ਪਿਛਲੀ ਜਿਪਸੀ।

ਬਖਤਰਬੰਦ ਗੱਡੀ ਨੇ ਸਾਡੇ ਸਕੂਟਰ ਦੇ ਬਿਲਕੁਲ ਸਾਹਮਣੇ ਆ ਇਕਦਮ ਬਰੇਕ ਮਾਰ ਦਿੱਤੇ। ਬਰੇਕ ਮਾਰਨ ਦੀ ਦੇਰ ਸੀ ਕਿ ਕਿ ਜਿਪਸੀ ਵਿਚ ਬੈਠੇ ਸਿਪਾਹੀਆਂ ਨੇ ਆਪਣੀਆਂ ਬੰਦੂਕਾਂ ਸੰਭਾਲਦਿਆਂ ਛਾਲਾਂ ਮਾਰ ਦਿੱਤੀਆਂ।

ਜਿਉਂ ਹੀ ਮੈਂ ਸਕੂਟਰ ਨੂੰ ਬਰੇਕ ਮਾਰੇ, ਉਹਨਾਂ ਨੇ ਸਾਡੇ ਵੱਲ ਬੰਦੂਕਾਂ ਦੇ ਮੂੰਹ ਕਰ ਦਿੱਤੇ। ਉਹਨਾਂ ਨੇ ਵਾਇਰਲੈਸ ਸੈੱਟ ਦੀ ਆਵਾਜ਼ ਉੱਚੀ ਕਰ ਰੱਖੀ ਸੀ। ਸ਼ਾਇਦ ਇਸ ਕਰਕੇ ਕਿ ਸਾਰਿਆਂ ਨੂੰ ਨਾਲੋ-ਨਾਲ ਸਥਿਤੀ ਦੀ ਜਾਣਕਾਰੀ ਮਿਲਦੀ ਰਹੇ।

ਇਸ ਤੋਂ ਪਹਿਲਾਂ ਕਿ ਉਹ ਸਾਡੇ ਹੱਥ ਉੱਪਰ ਕਰਾਉਂਦੇ ਤੇ ਤਲਾਸ਼ੀ ਵਗੈਰਾ ਲੈਂਦੇ, ਵਾਇਰਲੈਸ ਵਿਚ ਆਵਾਜ਼ ਆਈ, '' ਜਾਣ ਦਿਓ... ਓ ਕੇ ਹੈ।''

ਆਵਾਜ਼ ਸੁਣਦਿਆਂ ਹੀ ਸਿਪਾਹੀ ਫਿਰ ਜਿਪਸੀ ਵਿਚ ਬੈਠ ਗਏ ਸਨ। ਉਹਨਾਂ ਸਾਨੂੰ ਜਾਣ ਦਾ ਇਸ਼ਾਰਾ ਕੀਤਾ। ਉਹਨਾਂ ਦੇ ਓਥੋਂ ਤੁਰਨ ਤੋਂ ਬਾਅਦ, ਮੈਂ ਸਕੂਟਰ ਅੱਗੇ ਤੋਰਿਆ।

ਸਪੱਸ਼ਟ ਹੈ ਕਿ ਉਹ ਪੁਲੀਸ ਵਾਲੇ ਮੁੰਡੇ ਸਾਨੂੰ ਸ਼ੱਕੀ ਸਮਝਦੇ ਹੋਏ ਖੇਤਾਂ ਵਿਚੋਂ ਹੀ ਪਿੱਛਾ ਕਰਨ ਲੱਗ ਗਏ ਸਨ। ਉਹਨਾਂ ਨੂੰ ਇਹ ਸ਼ੱਕ ਵੀ ਸੀ ਸਾਡੇ ਕੋਲ ਹਥਿਆਰ ਹਨ। ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਉਹ ਕਦੋਂ ਦੇ ਸਾਡੀ ਤਲਾਸ਼ੀ ਲੈ ਲੈਂਦੇ। ਏਹੀ ਡਰ ਕਾਰਨ ਹੀ, ਉਹ ਸਾਡੇ ਨੇੜੇ ਨਹੀਂ ਲੱਗ ਰਹੇ ਸਨ।

ਪੁਲੀਸ ਵਾਲਿਆਂ ਨੂੰ ਤਸੱਲੀ ਹੋਣ ਤੋਂ ਬਾਅਦ ਸਾਨੂੰ ਸੁੱਖ ਦਾ ਸਾਹ ਆਇਆ।

ਮੈਂ ਕਿਹਾ,'' ਦੇਖਿਆ ਐਵੇਂ ਹੀ ਮਾਰੇ ਜਾਣੇ ਸੀ ਅੱਜ ਤਾਂ ?''

''ਕਿਸਮਤ ਈ ਚੰਗੀ ਮੰਨ ... ਕੋਈ ਪੁੰਨ ਕੀਤਾ ਅੱਗੇ ਆ ਗਿਆ... ਏਸੇ ਕਰਕੇ ਮੈਂ ਤੈਨੂੰ ਓਦੋਂ ਪਿੰਡ ਨੂੰ ਮੁੜਨ ਨਹੀਂ ਸੀ ਦਿੱਤਾ ...ਜੇ ਮੁੜ ਜਾਂਦੇ ਇਹਨਾਂ ਨੂੰ ਸ਼ੱਕ ਪੱਕੀ ਹੋ ਜਾਣੀ ਸੀ।'' ਗੁਰਜੰਟ ਸਿੰਘ ਬੋਲਿਆ।

ਮੈਂ ਕਿਹਾ, '' ਕਮਾਲ ਐ ਇਹਨਾਂ ਨੂੰ ਖਾੜਕੂਆਂ ਦੀ ਪਹਿਚਾਣ ਈ ਨਹੀਂ?''

''ਮੈਨੂੰ ਤਾਂ ਏਹ ਹੋਰ ਕਿਸੇ ਜ਼ਿਲ੍ਹੇ ਦੇ ਲੱਗੇ।'' ਗੁਰਜੰਟ ਸਿੰਘ ਦੀ ਆਵਾਜ਼ ਪਹਿਲਾਂ ਨਾਲੋਂ ਉੱਚੀ ਹੋ ਗਈ ਸੀ।

ਮੈਂ ਕਿਸੇ ਅਕਹਿ ਖੁਸ਼ੀ ਵਿਚ ਸਕੂਟਰ 'ਸੰਧੂ ਪੱਤੀ' ਦੇ ਠੇਕੇ ਕੋਲ ਜਾ ਖੜ੍ਹਾਇਆ।

**98147-87506**

# ਅਮਰਜੀਤ ਕਸਕ ਦੀਆਂ ਕਵਿਤਾਵਾਂ



## ਕਿੰਜ ਲੱਗਦਾ ਹੋਣਾ ਧਰਤੀ ਨੂੰ

ਕਵਿਤਾ ਰਚ ਕੇ
ਬੜੀ ਵਾਰ ਮੁਸਕਰਾਇਆ ਹਾਂ ਮੈਂ

ਕਈ ਵਾਰ ਅੰਗੜਾਈ ਭੰਨੀਂ
ਥੱਕਿਆ ਟੁੱਟਿਆ ਵੀ ਲੱਗਿਆ

ਨਵਜਾਤ ਵੱਲ ਵੇਖ
ਮੁਸਕਰਾਉਂਦੀ ਮਾਂ ਨੂੰ
ਵੇਖਿਆ ਹੈ ਮੈਂ

ਦਿਲ ਕਰਦਾ ਉੱਗ ਰਹੀ ਫਸਲ ਨੂੰ
ਲਗਾਤਾਰ ਵੇਖਾਂ
ਵੇਖਾਂ ਜਿੰਨਾ ਵੇਖ ਸਕਾਂ

ਲਿਟ ਜਾਵਾਂ
ਧਰਤੀ ਦੀ ਧੜਕਣ ਸੁਣਾਂ
ਕਿੰਜ ਲੱਗਦਾ ਹੋਣਾ ਧਰਤੀ ਨੂੰ!

## ਨੱਕਾ

ਤੁਰਦੇ ਹੋ
ਤੁਰਦੇ ਹੋ
ਖਾਈ ਆਉਂਦੀ ਹੈ ਰਸਤੇ ਵਿੱਚ
ਪਾਰ ਕਰ ਜਾਂਦੇ ਹੋ
ਆਉਂਦਾ ਹੈ ਪਹਾੜ
ਚੜ੍ਹਦੇ ਹੋ ਪੂਰੇ ਜ਼ੋਰ ਨਾਲ

ਰਾਹ ਵਿੱਚ ਕਿਤੇ ਕਿਸੇ ਪੱਥਰ ਨਾਲ
ਲੱਗਦੀ ਹੈ ਠੋਕਰ
ਪੀੜ ਪੀੜ ਹੋਏ ਪੈਰ ਝਟਕਦੇ
ਤੁਰ ਪੈਂਦੇ ਹੋ ਫਿਰ
ਵਾਰ ਵਾਰ ਹੁੰਦਾ ਇਹ ਸਭ
ਨਹੀਂ ਪਹੁੰਚਦੇ
ਪਹੁੰਚਣਾ ਚਾਹੁੰਦੇ ਹੋ ਜਿੱਥੇ

ਬੱਸ ਇੱਕ ਗੱਲ
ਸਮਝਣੋ ਰਹਿ ਜਾਂਦੀ ਇੱਥੇ
ਕਿ ਅਟਕਾਰ ਨੱਕਾ ਵੀ ਹੁੰਦੀ
ਵਗਦੇ ਖਾਲ ਵਿੱਚੋਂ
ਕਿਸੇ ਕਿਆਰੇ ਨੂੰ ਪਾਣੀ ਮੋੜਨ ਲਈ
ਲਾਇਆ ਨੱਕਾ

ਇੱਥੇ ਮੁੜਨਾ ਹੀ ਹੁੰਦਾ ਪਾਣੀ ਨੇ

ਵੇਖਣਾ ਬਣਦਾ
ਆਪਣੇ ਕਿਸਾਨ ਦਾ ਹੱਥ
ਕਿੱਧਰ ਮੋੜ ਰਿਹਾ ਸਾਨੂੰ
ਕਿੱਧਰ ਲੈ ਜਾਣਾ ਚਾਹੁੰਦਾ !

## ਖਾਲੀ ਥਾਵਾਂ ਭਰੋ ਵਾਲਾ ਵਰਕਾ

ਜ਼ਿੰਦਗੀ ਜਿਵੇਂ ਇੱਕ ਵਰਕਾ
ਖਾਲੀ ਥਾਵਾਂ ਭਰੋ ਲਿਖਕੇ
ਉਡਾ ਦਿੱਤਾ ਹੋਵੇ ਧਰਤੀ ਵੱਲ

ਕਦੇ ਕਿਸੇ ਦੇ ਹੱਥ ਆਉਂਦਾ
ਕਦੇ ਕਿਸੇ ਦੇ
ਸਭ ਆਪਣੀ ਆਪਣੀ
ਪਿਆਸ ਦੇਖਦੇ ਸ਼ਿਕਰੇ
ਸ਼ਿਕਾਰ ਕਰਦੇ ਖਾਲੀ ਥਾਵਾਂ ਦਾ

ਤੇਰੀ ਸਹੀ ਦੇ ਧਰਵਾਸ 'ਚ
ਸਹੀ ਮੰਨ ਲੈਂਦਾ ਮੈਂ ਵੀ
ਪਰ ਇਹ ਸਹੀ
ਸਹੀ ਨਹੀਂ ਹੁੰਦਾ
ਜਦੋਂ ਨਾਂਹ ਵਿੱਚ
ਸਿਰ ਮਾਰ ਦਿੰਦਾ ਤੂੰ
ਲੈ
ਹੁਣ ਸਭ ਖਾਲੀ ਥਾਵਾਂ ਵਿੱਚ
ਭਰ ਦਿੱਤਾ 'ਤੇਰਾ' ਨਾਂ
ਤੇ ਤੇਰੇ ਵੰਨੀ ਵਾਪਿਸ ਉਡਾ ਦਿੱਤਾ!

## ਮਾਰ ਹੀ ਬੈਠੇ ਚਿੱਠੀਆਂ

ਚਿੱਠੀ ਲੱਭ ਗਈ ਤੇਰੀ
ਫਾਇਲਾਂ ਫਰੋਲਦਿਆਂ
ਸਾਂਭ ਸਾਂਭ ਰੱਖੀ

ਚਿੱਠੀ ਨਾਲ ਭੇਜੀ
ਫੋਟੋ ਇੱਕ ਤੇਰੀ

ਦੂਰ ਪਾਣੀਓਂ ਪਾਰ
ਪਹਾੜ ਵੇਖ ਰਹੀ ਏਂ ਤੂੰ
ਜਿਵੇਂ ਕੋਈ ਜੋਗੀ
ਉਤਰ ਆਏਗਾ ਹੁਣੇ

ਲਿਖਤ ਵੇਖ ਰਿਹਾਂ ਮੈਂ ਤੇਰੀ
ਵਿੱਚ ਵਿੱਚ ਕੋਈ ਲਾਈਨ
ਦੂਜੀ ਵਾਰ ਚੇੜ੍ਹੀ
ਤੇ ਮਾਤਰਾਵਾਂ ਦਾ ਨ੍ਰਿੱਤ

ਇੱਕ ਸਿਹਾਰੀ
ਪਰਾਂਦਾ
ਕਿੱਕਲੀ ਪਾਉਂਦੀ ਮੁਟਿਆਰ ਦਾ

ਦਿਲ ਦਾ ਆਕਾਰ ਬਣਾਉਂਦੀ
ਇੱਕ ਟਿੱਪੀ

ਕਿਸੇ ਵਾਕ ਪਿੱਛੇ
ਅਸੀਮ ਖਲਾਅ 'ਚ ਜਾਂਦੀਆਂ
ਬਿੰਦੀਆਂ
ਅਣਕਹਿਆ ਕਹਿੰਦੀਆਂ

ਹੁਣ ਤਾਂ ਅਸੀਂ
ਮਾਰ ਹੀ ਬੈਠੇ ਚਿੱਠੀਆਂ।

## ਕਵਿਤਾਵਾਂ / ਜੋਤ ਸਿੱਧੂ

### ਹਰ ਰੋਜ਼

ਤੇਰਾ ਧਿਆਨ ਕਰਦੀ ਹਾਂ
ਤੇਰੀ ਇਬਾਦਤ ਕਰਦੀ ਹਾਂ

ਤੇਰੇ ਕਦਮਾਂ ’ਚ ਸਿਰ ਝੁਕਾ
ਆਪਣੀ ਰੂਹ ਨੂੰ
ਆਪਣੀ ਹਸਤੀ ਨੂੰ
ਤੇਰੇ ਅੱਗੇ ਝੁਕਾ ਦਿੰਨੀ ਹਾਂ

ਮੈਨੂੰ ਆਪਣੇ ਛੋਟੇਪਨ
ਦਾ ਅਹਿਸਾਸ ਹੁੰਦਾ ਹੈ

ਆਪਣੇ ਆਪ ਵਿੱਚ ਝੁਰਦੀ ਹਾਂ
ਆਪਣੇ ਆਪ ਨੂੰ ਕੋਸਦੀ ਹਾਂ

ਅਚਾਨਕ ਮੇਰੀਆਂ ਅੱਖਾਂ ’ਚ ਤੇਰੇ
ਵਿਛੋੜੇ ਦੇ ਅੱਥਰੂ ਆ ਕੇ,
ਮੇਰੀਆਂ ਆਸਾਂ ਨੂੰ
ਮੇਰੀਆਂ ਸੱਧਰਾਂ ਨੂੰ
ਪਾਣੀ ਬਣਾ ਵਹਾ ਦਿੰਦੇ ਨੇ

ਮੈਂ ਹਲਕੀ ਹੋ ਕੇ
ਦੁਨੀਆਦਾਰੀ ’ਚ
ਰੁਝ ਜਾਂਦੀ ਹਾਂ।

### ਮੁਹੱਬਤ ਦਾ ਇੱਕ ਹੋਰ ਰੰਗ

ਅਸਮਾਨ ਵੱਲ ਵੇਖਦੀ ਹਾਂ,
ਰੂੰ ਜਿਹੀ ਬੱਦਲੀ
ਮੇਰੀ ਵੱਲ ਤੱਕਦੀ ਨਜ਼ਰ ਆਉਂਦੀ ਹੈ

ਲੱਗਦਾ
ਜਿਵੇਂ ਭਰੀ ਪਈ ਹੈ
ਵਿਛੋਹ ਨਾਲ
ਲੋਚਦੀ ਡੁੱਲ੍ਹ ਜਾਣਾ
ਗਵਾ ਦੇਣਾ ਆਪਣਾ ਆਪ
ਮਿਟਾ ਦੇਣਾ ਸਭ ਕੁਝ।

ਉਡੀਕਦੀ ਹੈ,



ਪਿਆਰੇ ਨੂੰ ਛੂਹ ਕੇ ਆਇਆ
ਹਵਾ ਦਾ ਬੁੱਲਾ
ਓਹਦੇ ਨਾਲ ਜਦ ਖਹੇਗਾ
ਉਹ ਵਰ੍ਹ ਜਾਵੇਗੀ
ਮਹਿਬੂਬ ਦੀਆਂ ਪੈੜਾਂ ’ਚ

ਮੇਰਾ ਜੀਅ ਕਰਦਾ
ਓਦਰੀ ਜਿਹੀ ਨੂੰ ਘੁੱਟ ਕੇ ਸੀਨੇ ਲਾ
ਲਵਾਂ ਕਲਾਵੇ ਸਮੇਟ
ਉਹਦੀਆਂ ਸਾਰੀਆਂ ਪੀੜਾਂ
ਹਲਕੀ ਕਰ ਦਿਆਂ
ਉੱਡਣ ਦਵਾਂ ਖੁੱਲ੍ਹੇ ਅਸਮਾਨ ਵਿੱਚ
ਤਾਂ ਜੋ ਮਾਣ ਸਕੇ
ਮੁਹੱਬਤ ਦਾ ਹਰ ਰੰਗ।

ਸੋਚਦੀ ਹਾਂ
ਜੇ ਮਸੀਹਾ ਹੁੰਦੀ
ਬਦਲ ਸਕਦੀ ਉਹਦੀ ਹੋਣੀ
ਤਾਂ ਬਦਲ ਦਿੰਦੀ।

### ਡਰ

ਜਦ ਵੀ ਉਹ
ਮੈਨੂੰ ਗੁੱਸੇ ਹੁੰਦਾ ਹੈ
ਮੈਂ ਡਰ ਜਾਂਦੀ ਹਾਂ
ਜਦ ਵੀ ਉਹ
ਮੈਨੂੰ ਪਿਆਰ ਨਾਲ ਬੋਲਦਾ ਹੈ
ਮੈਂ ਫੇਰ ਵੀ ਡਰ ਜਾਂਦੀ ਹਾਂ
ਜਦ ਉਹ ਪੁੱਛਦਾ ਹੈ ਕਿ
ਤੈਨੂੰ ਡਰ ਕਿਉਂ ਲੱਗਦਾ ਹੈ ??

ਮੈਂ ਜਵਾਬ ਦੇਣ ਵੇਲੇ
ਵੀ ਡਰ ਜਾਂਦੀ ਹਾਂ

ਮੈਨੂੰ ਆਪਣੇ
ਅੰਦਰ ਦੀ ਔਰਤ ਨੂੰ,
ਉਹਦੇ ਨਾਲ
ਮਿਲਾਉਣ ਤੋਂ ਡਰ ਲੱਗਦਾ ਹੈ

### ਛੋਹ

ਤੇਰੀ ਆਮਦ ਦਾ ਅਹਿਸਾਸ
ਪੋਲੇ ਪੋਲੇ ਪੈਰੀਂ
ਮੇਰੇ ਕੰਨਾਂ ’ਚ ਕੁਝ ਕਹਿ ਕੇ
ਹਵਾ ਦਾ ਬੁੱਲਾ ਬਣ
ਕੁਦਰਤ ’ਚ ਰਲ ਸਾਰੀ
ਖਲਕਤ ਨੂੰ ਮਹਿਕਾ ਦਿੰਦਾ ਹੈ

ਮੈਂ ਸੁੰਨ ਜਿਹੀ ਹੋ
ਕਦੇ ਆਪਣੇ
ਕੰਨਾ ’ਚ ਪੈਂਦੀ ਗੂੰਜ ਨੂੰ
ਮਹਿਸੂਸ ਕਰਦੀ ਹਾਂ

ਕਦੇ ਤੇਰੀ ਮਹਿਕ ਨੂੰ
ਤਰ੍ਹਾਂ-ਤਰ੍ਹਾਂ ਦੇ
ਰੰਗਾਂ ’ਚ ਬਦਲਦਾ
ਦੇਖਦੀ ਹਾਂ ....
ਸਤਰੰਗੀ ਪੀਂਘ ਵਾਂਗੂੰ।

### ਤੈਨੂੰ ਮਿਲਣ ਵਾਂਗ

ਸੂਰਜ ਨੂੰ ਤੱਕਦੀ ਹਾਂ
ਤੂੰ ਚੇਤੇ ਆਉਂਦਾ ਹੈਂ
ਨਹੀਂ ਦੇਖ ਪਾਉਂਦੀ
ਉਹਦੀਆਂ ਅੱਖਾਂ ਵਿੱਚ
ਮਹਿਸੂਸ ਕਰ ਪਾਉਂਦੀ ਹਾਂ
ਰੂਹ ਦਾ ਚਾਨਣ
ਅੱਖਾਂ ਵਿਚਲੀ ਤਪਸ਼
ਬੁੱਕਲ ਦਾ ਨਿੱਘ
ਖਿੜਨ ਲਗਦੀ ਹਾਂ ਫੁੱਲ ਵਾਂਗ
ਭਰ ਜਾਨੀ ਹਾਂ ਨੂਰ ਨਾਲ
ਸੂਰਜ ਨੂੰ ਤੱਕਣਾ
ਤੈਨੂੰ ਮਿਲਣ ਵਾਂਗਰਾ ਹੁੰਦਾ ਹੈ !!

## ਮੌਨ

ਖ਼ਲਾਅ ਵਿਚਲੇ
ਮੌਨ ਅੱਖਰਾਂ ਨੂੰ
ਪੜ੍ਹੀਏ

ਪੱਤੇ-ਪੱਤੇ ਤੇ
ਉੱਕਰਿਆ
ਹਵਾ ਦਾ ਖ਼ਤ
ਵਾਚੀਏ

ਫੁੱਲਾਂ ਤੇ ਸੂਰਜ ਦਾ
ਸੰਵਾਦ ਸੁਣੀਏ

ਮਧੂਮੱਖੀ ਨੂੰ
ਸ਼ਹਿਦ ਬਣਾਉਂਦਿਆਂ
ਤੱਕੀਏ

ਪੰਛੀਆਂ ਦੀ
ਪਰਵਾਜ਼ ਵਿਚਲੀ
ਰਮਜ਼ ਪਛਾਣੀਏ

ਅਸੰਖ ਨਾਦਾਂ ਦੀ
ਗੂੰਜ ਅੰਦਰਲੀ
ਚੁੱਪ ਪਲੋਸੀਏ

ਹਵਾ ਦੇ
ਵਰਕਿਆਂ ਤੇ
ਲਿਖ ਹੋਵੇ
ਅਬੋਲ ਗਾਥਾ....!

## ਦਰਸ਼ਕ

ਕਿੰਨਾ ਕੁਝ
ਤੱਕਦੀਆਂ ਨੇ ਅੱਖਾਂ

ਨਿੱਕੀ ਰੁੱਤੇ
ਜਾਮਨੀ ਫੁੱਲ ਚੁੱਗਣੇ



ਗੁਲਾਬੀ ਰੁੱਤੇ
ਚਿੱਟੇ ਵਾਲ ਵਾਹੁਣੇ

ਬਸੰਤ ਵੇਲੇ
ਸੁੱਕੇ ਪੱਤੇ ਪਲੋਸਣਾ

ਪੱਤਝੜਾਂ ਵਿੱਚ
ਫੁੱਲਾਂ ਦੀ ਆਸ

ਸ਼ੋਰ ਵਿੱਚ
ਚੁੱਪ ਹੰਢਾਉਣੀ

ਚੁੱਪ ਵਿੱਚ
ਸ਼ੋਰ ਤੋਂ
ਤ੍ਰਭਕ ਪੈਣਾ

ਬੇੜੀਆਂ ਵਿੱਚ ਬੱਝੀ
ਬੇੜੀ ਦੀ ਛਟਪਟਾਹਟ

ਪਿੰਜਰੇ ਦੇ ਪੰਛੀ ਦੀ
ਪਰਵਾਜ਼ ਵਿਚਲੀ ਤੜਪ

ਕਿੰਨਾ ਕੁਝ
ਤੱਕਦੀਆਂ ਨੇ ਅੱਖਾਂ....!

## ਹਾਂ/ਨਹੀਂ

ਮੇਰੇ 'ਹਾਂ' ਤੇ 'ਨਹੀਂ' ਸ਼ਬਦ
ਰਲਗੱਡ ਹੋ ਗਏ ਹਨ

'ਹਾਂ' ਬੋਲਦੇ-ਬੋਲਦੇ
ਮੂੰਹੋਂ 'ਨਹੀਂ' ਨਿਕਲ ਜਾਂਦਾ ਹੈ
ਤੇ 'ਨਹੀਂ' ਬੋਲਣ ਲੱਗਿਆਂ
'ਹਾਂ' ਆਣ ਖਲੋਂਦਾ ਹੈ

ਇਸ ਘੁੰਮਣਘੇਰੀ 'ਚ ਘੁੰਮਦੀ
ਗੁਥੱਮਗੁੱਥਾ ਹੋਏ ਅਹਿਸਾਸਾਂ ਨੂੰ
ਛੁਡਾਉਂਦੀ
ਰਲਗੱਡ ਹੋਏ ਸ਼ਬਦਾਂ ਦੇ
ਅਰਥਾਂ ਨੂੰ ਫੜਨ ਦੀ ਕੋਸ਼ਿਸ਼ ਵਿੱਚ
ਰੋਜ਼ ਫੁੱਟੜ ਹੁੰਦੀ

ਆਪਣਾ-ਆਪ ਕਿਰਨ ਤੋਂ ਪਹਿਲਾਂ
'ਹਾਂ' ਨੂੰ 'ਹਾਂ'
ਤੇ 'ਨਹੀਂ' ਨੂੰ 'ਨਹੀਂ' ਕਹਿਣ ਦਾ
ਹੌਸਲਾ ਜੁਟਾਉਂਦੀ।

## ਥਕਾਨ

ਅਰਾਮ-ਕੁਰਸੀ 'ਤੇ
ਅਰਾਮ ਕਰਦਿਆਂ
ਮਹਿਸੂਸ ਕਰ ਰਹੀ ਹਾਂ
ਹੱਡ-ਭੰਨਵੀਂ ਥਕਾਨ


ਸਰਪਟ ਦੌੜਦੀਆਂ
ਫੁੱਲ ਕੇ ਨੀਲੀਆਂ ਪੈ ਗਈਆਂ
ਦਿਮਾਗ ਦੀਆਂ ਨਸਾਂ

ਸਮਝੌਤਿਆਂ ਪਿੱਛੇ ਭੱਜਦਾ
ਹਫ਼ ਗਿਆ ਮਨ

ਆਪਣੇ-ਆਪ ਦਾ
ਸਿਰਾ ਲੱਭਦੀ
ਗੁਆਚ ਗਈ
ਕਾਲੇ ਜੰਗਲ ਵਿੱਚ

ਮੈਂ
ਅਰਾਮ-ਕੁਰਸੀ 'ਤੇ
ਬੈਠਿਆਂ ਵੀ
ਥੱਕ ਕੇ
ਚੂਰ ਹੋ ਗਈ ਹਾਂ।

## ਕਵਿਤਾਵਾਂ / ਸੁਦਰਸ਼ਨ ਗਾਸੋ



### ਮੈਂ ਧਾਰਮਿਕ ਬਣਨ ਲੱਗਿਆ

ਮੇਰੇ ਸੁਪਨਿਆਂ ਮੇਰੇ ਸਾਹਾਂ
ਮੇਰੇ ਰਾਹਾਂ ਦੀ ਤਾਬੀਰ
ਮੇਰੀ ਧਰਮ ਪਤਨੀ ਕਹਿੰਦੀ
ਇਸ ਉਮਰ ਵਿੱਚ
ਕੁਝ ਧਰਮ ਕਰਮ ਦੀ
ਗੱਲ ਕਰਿਆ ਕਰ !
ਮੈਂ ਅੰਮ੍ਰਿਤ ਵੇਲੇ
ਉੱਠਣ ਸਾਰ ਧਰਤੀ ਮਾਂ ਨੂੰ
ਨਮਸਕਾਰਦੀ ਹਾਂ ਪ੍ਰਨਾਮ ਕਰਦੀ ਹਾਂ

ਆਪਣੇ ਦੋਹਾਂ ਹੱਥਾਂ ਨੂੰ ਜੋੜ ਕੇ
ਉਹਨਾਂ ਦੇ ਤਿੰਨਾਂ ਹਿੱਸਿਆਂ
ਨੂੰ ਪ੍ਰਨਾਮ ਕਰਦੀ ਹਾਂ
ਕਹਿੰਦੀ ਪਹਿਲੇ ਹਿੱਸੇ ਵਿੱਚ
ਲਕਸ਼ਮੀ ਦਾ ਵਾਸ ਹੁੰਦਾ ਹੈ
ਮੱਧ ਵਿੱਚ ਸਰਸਵਤੀ
ਦਾ ਵਾਸ ਹੁੰਦਾ ਹੈ
ਤੇ ਹੱਥ ਦੇ ਹੇਠਲੇ ਹਿੱਸੇ ਵਿੱਚ
ਰੱਬ ਦਾ ਵਾਸ ਮੰਨਿਆ ਗਿਆ ਹੈ
ਤੂੰ ਵੀ ਐਂ ਹੀ ਕਰਿਆ ਕਰ
ਉਸਦੇ ਪ੍ਰੇਮ-ਪੂਰਵਕ ਸੁਝਾਅ ਤੇ
ਕਰਨ ਲੱਗਿਆ ਅਮਲ
ਕਿ ਕੀ ਵੇਖਦਾ ਹਾਂ
ਮੈਨੂੰ ਹੱਥ ਦੇ ਸਾਰੇ ਹਿੱਸਿਆਂ ਵਿੱਚ
ਹੀ ਦਿਸਣ ਲੱਗੀ ਉਸੇ ਦੀ ਸੂਰਤ
ਸੋਹਣੀ ਤੇ ਸੁੰਦਰ ਮੂਰਤ
ਮੈਂ ਉਸੇ ਮੂਰਤ ਨੂੰ
ਪ੍ਰਨਾਮ ਕਰ ਲਿਆ
ਤੇ ਰੱਖ ਦਿੱਤਾ ਉਸਦਾ ਦਿਲ
ਤੇ ਕਿਹਾ ਤੇਰੇ ਕਹੇ ਦਾ
ਪਾਲਣ ਕਰਨ ਲੱਗਿਆਂ ਹਾਂ
ਮੈਂ ਧਾਰਮਿਕ ਬਣਨ ਲੱਗਿਆ ਹਾਂ।

### ਕ੍ਰਿਸ਼ਮਾ

ਕ੍ਰਿਸ਼ਮਾ ਤਾਂ
ਸਪਰਸ਼ ਵਿੱਚ ਹੀ ਹੈ
ਚਾਹੇ ਤੂੰ ਨਜ਼ਰਾਂ ਨਾਲ ਸਪਰਸ਼ ਕਰੇਂ
ਚਾਹੇ ਹੱਥਾਂ ਦੀਆਂ ਪੰਖੜੀਆਂ ਨਾਲ
ਜਦੋਂ ਵੀ ਇਹ ਕ੍ਰਿਸ਼ਮਾ ਵਾਪਰਦਾ ਹੈ
ਮੈਂ ਗਾਉਣ ਲੱਗਦਾ ਹਾਂ
ਮੁਸਕਰਾਉਣ ਲੱਗਦਾ ਹਾਂ
ਕਾਇਆ ਦਾ ਕੰਵਲ ਖਿੜ ਉੱਠਦਾ ਹੈ
ਜਿਵੇਂ ਸੂਰਜ ਦੀਆਂ ਕਿਰਨਾਂ
ਦੇ ਸਪਰਸ਼ ਨਾਲ
ਧਰਤੀ ਗਾਉਣ ਲੱਗਦੀ ਹੈ
ਮੁਸਕਰਾਉਣ ਲੱਗਦੀ ਹੈ
ਤੇ ਮਹਿਕਾਂ ਦੀ ਬਹਾਰ ਵਿੱਚ
ਨਹਾਉਣ ਲੱਗਦੀ ਹੈ.

### ਕਿੱਡਾ ਵੱਡਾ ਦਿਲ

ਸੂਰਜ
ਹਰ ਰੋਜ਼ ਆਉਂਦਾ ਹੈ
ਕੁੱਲ ਦੁਨੀਆਂ ਨਾਲ ਮੁਲਾਕਾਤ ਕਰਨ
ਭਰ ਜਾਂਦਾ ਹੈ ਹਰੇਕ ਦੇ ਅੰਦਰ
ਜ਼ਿੰਦਗੀ ਜਿਉਣ ਦਾ ਚਾਅ
ਫੜਾ ਦਿੰਦਾ ਹੈ ਹਰੇਕ ਆਦਮੀ
ਪੰਛੀ ਤੇ ਪਰਿੰਦੇ ਨੂੰ
ਆਪਣੀ ਉਂਗਲ ਤੇ ਤੋਰ ਦਿੰਦਾ ਹੈ
ਜੀਵਨ ਦੇ ਰਾਹਾਂ ਤੇ
ਆਦਿ-ਪੁਰਸ਼ : ਪੂਰਨ -ਪੁਰਸ਼ !
ਪੂਰਨ -ਖੁਸ਼ ਇਖ਼ਲਾਕ !
ਤੇ ਸ਼ਾਮ ਨੂੰ ਹਰ ਰੋਜ
ਹਰੇਕ ਦੇ ਚਿਹਰੇ ਅੰਦਰ
ਇੱਕ ਸੂਰਜ ਰੱਖ ਕੇ
ਚਲਿਆ ਜਾਂਦਾ ਹੈ
ਲੰਮਿਆਂ ਪੈਂਡਿਆਂ ਉੱਤੇ
ਫੇਰ ਸਵਖਤੇ ਆ ਹਾਜ਼ਰ ਹੁੰਦੈ
ਦੁਨੀਆ ਦੇ ਪਰਿਵਾਰ ਨੂੰ ਸਾਂਭਣ
ਕਿੱਡਾ ਵੱਡਾ ਦਿਲ ਰੱਖਦਾ ਹੈ
ਸੂਰਜ!

## ਕਵਿਤਾਵਾਂ / ਲਖਵਿੰਦਰ ਮੁਖ਼ਾਤਿਬ

### ਉਡੀਕ ਦੀ ਭਾਸ਼ਾ ਨਹੀਂ ਹੁੰਦੀ

ਤਾਰੇ ਗਿਣਦਾ ਹਾਂ
ਅੰਬਰ ਮਿਣਦਾ ਹਾਂ
ਧਰਤ ਗਾਹੁੰਦਾ ਹਾਂ
ਵਹਿੰਦੇ ਪਾਣੀਆਂ ਨੂੰ
ਨਿਹਾਰਦਾ ਹਾਂ
ਹਵਾਵਾਂ ਛੂਹੰਦਾ ਹਾਂ
ਵਾਸਤੇ ਪਾਉਂਦਾ
ਬਹਾਰ ਦੀ ਰੁੱਤ ਨੂੰ
ਰੁਕ ਜਾਣ ਲਈ
ਆਪਣੇ ਹੀ ਸ਼ੀਸ਼ੇ ਵਰਗੇ
ਟੁੱਟਦੇ ਜਿਸਮ ਨੂੰ ਮੋਢਾ ਦਿੰਦਾ ਹਾਂ
ਕੋਮਲ ਫੁੱਲਾਂ ਵਰਗੀ
ਕੁਮਲਾਉਂਦੀ ਰੂਹ ਨੂੰ
ਹੱਲਾਸ਼ੇਰੀ ਦਿੰਦਾ ਹਾਂ
ਏਨਾ ਰੁੱਝਿਆ ਰਹਿੰਦਾ ਹਾਂ
ਤੇਰੀ ਉਡੀਕ ਵਿੱਚ
ਖ਼ਬਰ ਹੀ ਨਹੀਂ ਹੁੰਦੀ
ਤੇਰੇ ਆਉਣ ਦੀ!

### ਕਦੇ ਵੀ ਸਾਰਾ ਨਹੀਂ ਵਿਛੜਦੇ

ਤੈਨੂੰ ਗਿਆਂ
ਭਾਵੇਂ ਮੁੱਦਤ ਹੋ ਗਈ
ਪਰ
ਤੇਰੀਆਂ ਗੱਲਾਂ
ਅਜੇ ਤੀਕ ਵੀ ਮੁੱਕੀਆਂ ਨਹੀਂ
ਹੁਣ ਸਮਝ ਆਈ
ਵਿਛੜਨ ਵਾਲ਼ੇ
ਕਦੇ ਵੀ ਸਾਰਾ ਨਹੀਂ ਵਿਛੜਦੇ!



# ਕਹਾਣੀ / ਬੰਦ ਦਰਵਾਜ਼ੇ / ਪਰਮਜੀਤ ਮਾਨ



"ਕੌਣ ਹੈ ---? ਕੌਣ ਹੈ ---? ਕੌਣ ਹੈ ਮੇਰੇ ਕਮਰੇ ਅੰਦਰ ---? ਕਿਉਂ ਆਏ ਹੋ ਮੇਰੇ ਕਮਰੇ 'ਚ --- ਕਿੰਨੀ ਵਾਰ ਕਿਹਾ ਹੈ ਮੈਨੂੰ ਡਿਸਟਰਬ ਨਾ ਕਰੋ --- ਕਿਉਂ ਤੰਗ ਕਰਦੇ ਹੋ ਮੈਨੂੰ।"

"ਪਤਾ ਨਹੀਂ ਕੀ ਸਮਝਦੇ ਨੇ ਆਪਣੇ ਆਪ ਨੂੰ। ਕੋਈ ਸੁਣਦਾ ਹੀ ਨਹੀਂ --- ਨਫ਼ਰਤ ਹੈ ਮੈਨੂੰ ਸਭ ਨਾਲ --- ਇਸ ਦੁਨੀਆਂ ਨਾਲ --- ਕੋਈ ਹਮਦਰਦੀ ਨਹੀਂ ਚਾਹੀਦੀ ਮੈਨੂੰ --- ਜਾਓ -- ਦਫ਼ਾ ਹੋ ਜਾਓ ਮੇਰੇ ਕਮਰੇ 'ਚੋ।"

ਉਸ ਦੇ ਕਮਰੇ ਵਿਚੋਂ ਉੱਚੀਆਂ ਤੇ ਚੀਕ ਚੀਕ ਕੇ ਬੋਲਣ ਦੀਆਂ ਅਵਾਜ਼ਾਂ ਆਈਆਂ। ਉਹ ਪੂਰੇ ਗੁੱਸੇ ਵਿੱਚ ਸੀ ਤੇ ਚਿਹਰਾ ਭਖਿਆ ਹੋਇਆ। ਹੱਥ ਵਿੱਚ ਚਾਰ ਕੁ ਫੁਟ ਦੀ ਸੋਟੀ ਨੁਮਾ ਇੱਕ ਖੂੰਡੀ। ਖੂੰਡੀ ਨੂੰ ਉਹ ਚਾਰ-ਚੁਫੇਰੇ ਇਸ ਤਰਾਂ ਘੁਮਾ ਰਿਹਾ ਸੀ ਜਿਵੇਂ ਕਿਸੇ ਨੂੰ ਕੁੱਟਣਾ ਚਾਹ ਰਿਹਾ ਹੋਵੇ।

ਥੋੜੀ ਦੇਰ ਬਾਅਦ ਉਹ ਸ਼ਾਂਤ ਹੋ ਗਿਆ। ਸੋਚਣ ਲੱਗਾ, "ਕੀ ਸੱਚ-ਮੁੱਚ ਹੀ ਮੇਰੇ ਕਮਰੇ 'ਚ ਕੋਈ ਆਇਆ ਸੀ? ਕਿਤੇ ਮੈਨੂੰ ਐਵੇਂ ਭੁਲੇਖਾ ਤਾਂ ਨਹੀਂ ਲੱਗਾ?"

"ਨਹੀਂ - ਇਹ ਕਿਸ ਤਰਾਂ ਹੋ ਸਕਦਾ ਹੈ, ਜ਼ਰੂਰ ਕੋਈ ਸੀ। ਮੇਰਾ ਸ਼ੱਕ ਗਲਤ ਨਹੀਂ ਹੋ ਸਕਦਾ। ਮੈਂ ਮਹਿਸੂਸ ਕੀਤਾ, ਕੋਈ ਮੇਰੇ ਕਮਰੇ ਵਿਚ ਦਾਖ਼ਲ ਹੋਇਆ ਸੀ। ਇਕ ਵਾਰ ਮੇਰੀ ਖੂੰਡੀ ਕਿਤੇ ਵੱਜੀ ਸੀ। ਜ਼ਰੂਰ ਕਮਰੇ ਵਿੱਚ ਆਉਣ ਵਾਲੇ ਨੂੰ ਹੀ ਵੱਜੀ ਹੋਵੇਗੀ ਪਰ ਉਦੋਂ ਮੈਂ ਧਿਆਨ ਨਹੀਂ ਦਿੱਤਾ। ਇਕ ਹਲਕੀ 'ਹਾਏ' ਨੁਮਾ ਚੀਖ ਨਿਕਲੀ ਸੀ ਜੋ ਮੇਰੇ ਆਪਣੇ ਰੋਲੇ ਵਿੱਚ ਹੀ ਗੁੰਮ ਹੋ ਗਈ।"

ਰਜਨੀ ਦੇਵੀ ਪ੍ਰੇਸ਼ਾਨ ਸੀ, "ਹਾਏ ਮੇਰਿਆ ਰੱਬਾ, ਜਿਸ ਦਾ ਡਰ ਸੀ ਉਹੀ ਫੇਰ ਹੋ ਗਿਆ।"

ਦਿੱਲੀ-ਗੁੜਗਾਉਂ ਰੋਡ। ਇੱਕ ਕਾਫੀ ਵੱਡਾ ਫਾਰਮ। ਫਾਰਮ ਵਿਚ ਬਣੀ ਆਲੀਸ਼ਾਨ ਕੋਠੀ। ਕੋਠੀ ਦੀ ਦਿੱਖ ਦੱਸਦੀ ਹੈ ਕਿ ਇਹ ਫਾਰਮ ਹਾਊਸ ਕਿਸੇ ਬਹੁਤ ਅਮੀਰ ਆਦਮੀ ਦਾ ਹੈ। ਇਸ ਇਲਾਕੇ ਵਿੱਚ, ਇਸ ਤਰ੍ਹਾਂ ਦੇ ਫਾਰਮ ਹਾਊਸ ਆਮ ਆਦਮੀ ਦੇ ਹੋ ਵੀ ਨਹੀਂ ਸਕਦੇ।

ਪਹਿਲਾਂ ਇਸ ਕੋਠੀ ਵਿੱਚੋਂ ਕਦੇ ਰੌਲਾ ਜਾਂ ਉੱਚੀ ਬੋਲਣ ਦੀ ਆਵਾਜ਼ ਨਹੀਂ ਸੀ ਆਇਆ ਕਰਦੀ। ਇਹ ਪਿਛਲੇ ਕੁਝ ਅਰਸੇ ਤੋਂ ਹੀ ਹੋਇਆ ਹੈ। ਅਚਾਨਕ ਕੋਈ ਜ਼ੋਰ-ਜ਼ੋਰ ਦੀ ਚਿਲਾਉਣ ਲੱਗ ਪੈਂਦਾ ਹੈ। ਆਵਾਜ਼ ਔਰਤ ਦੀ ਵੀ ਨਹੀਂ ਕਿ ਕਿਸੇ ਔਰਤ ਉੱਪਰ ਕੋਈ ਜ਼ੁਲਮ ਹੋ ਰਿਹਾ ਹੋਵੇ। ਬੱਚੇ ਜਾਂ ਬੁੱਢੇ ਦੀ ਵੀ ਨਹੀਂ ਲੱਗਦੀ। ਨੌਜਵਾਨ ਰਿਸ਼ਟ-ਪੁਸ਼ਟ ਆਦਮੀ ਦੀ ਆਵਾਜ਼ ਹੈ। ਆਖਰ ਕੌਣ ਹੈ ਇਹ? ਕਿਉਂ ਇਸ ਤਰ੍ਹਾਂ ਅਚਾਨਕ ਚਿਲਾਉਣਾ ਸ਼ੁਰੂ ਕਰ ਦਿੰਦਾ ਹੈ। ਕੀ ਤਕਲੀਫ ਹੈ ਇਸ ਨੂੰ?

ਉਧਰ ਸਰੀਤਾ ਆਪਣੇ ਕਮਰੇ ਵਿੱਚ ਵਾਪਿਸ ਆ ਕੇ ਬਿਸਤਰ ਉੱਪਰ ਪੁੱਠੀ ਲੇਟੀ ਹੋਈ ਸੀ। ਮੂੰਹ ਸਿਰ੍ਹਾਣੇ ਵਿੱਚ ਦਿੱਤਾ ਹੋਇਆ। ਉਹ ਹੁਬਕੀਆਂ ਭਰ-ਭਰ ਰੋ ਰਹੀ ਸੀ। ਰੋਣ ਦੀ ਆਵਾਜ਼ ਐਨੀ ਕੁ ਉੱਚੀ ਕਿ ਕਮਰੇ ਤੋਂ ਬਾਹਰ ਵੀ ਸੁਣਾਈ ਦੇ ਰਹੀ ਸੀ। ਬਿਸਤਰ ਉੱਪਰ ਉਸ ਦਾ ਪੂਰਾ ਸਰੀਰ ਹਿੱਲ ਰਿਹਾ ਸੀ। ਕੰਬ ਰਿਹਾ ਸੀ।

ਅਜੇ ਦਸ ਦਿਨ ਪਹਿਲਾਂ ਹੀ ਸਰੀਤਾ ਇਸ ਕੋਠੀ ਵਿੱਚ ਆਈ ਸੀ। ਝਿੜਕਾਂ ਉਸ ਨੂੰ ਦੂਸਰੇ ਦਿਨ ਹੀ ਪੈ ਚੁੱਕੀਆਂ ਸਨ ਪਰ ਅੱਜ ਤਾਂ ਹੱਦ ਹੀ ਹੋ ਗਈ। ਖੂੰਡੀ ਦੀ ਮਾਰ ਵੀ ਪੈ ਗਈ। ਹਰਬੰਸ ਦੀ ਖੂੰਡੀ ਉਸ ਦੀ ਬਾਂਹ ਤੇ ਵੱਜੀ ਸੀ। ਉਹ ਮਨ ਹੀ ਮਨ ਆਪਣੇ ਆਪ ਨੂੰ ਕੋਸਣ ਲੱਗੀ, "ਨਹੀਂ ਚਾਹੀਦੀ ਇਸ ਤਰ੍ਹਾਂ ਦੀ ਨੌਕਰੀ। ਨਹੀਂ ਰੁਕਣਾ ਹੈ ਏਥੇ। ਕਿਸ ਲਈ ਰੁਕਣਾ ਹੈ, ਝਿੜਕਾਂ ਤੇ ਮਾਰ ਖਾਣ ਲਈ।" ਉਸ ਨੇ ਫੈਸਲਾ ਕੀਤਾ ਕਿ ਕੱਲ੍ਹ ਹੀ ਉਹ ਆਪਣੇ ਸ਼ਹਿਰ ਵਾਪਸ ਚਲੀ ਜਾਵੇਗੀ।

ਪੌੜੀਆਂ ਵਿੱਚੋਂ ਕਿਸੇ ਦੇ ਆਉਣ ਦੀ ਪੈੜ ਚਾਲ। ਮਾਲਕਣ ਰਜਨੀ ਦੇਵੀ ਉੱਪਰ ਆਈ ਤੇ ਸਰੀਤਾ ਦੇ ਬਿਸਤਰ ਕੋਲ ਆ ਕੇ ਖੜ੍ਹੀ ਹੋ ਗਈ। ਸਰੀਤਾ ਉਸੇ ਤਰਾਂ ਪਈ ਰਹਿੰਦੀ ਹੈ। ਰਜਨੀ ਦੇਵੀ ਦੀ ਨਿਗਾਹ ਹੁਣ ਸਰੀਤਾ ਦੀ ਖੱਬੀ ਬਾਂਹ 'ਤੇ ਮੋਢੇ ਕੋਲ ਪੈ ਚੁੱਕੇ ਨੀਲ ਉੱਪਰ ਟਿਕੀ ਹੋਈ। ਉਹ ਥੋੜ੍ਹਾ ਜਿਹਾ ਝੁਕੀ ਤੇ ਆਪਣਾ ਸੱਜਾ ਹੱਥ ਪੋਲਾ ਜਿਹਾ ਸਰੀਤਾ ਦੇ ਮੌਰਾਂ ਉੱਪਰ ਟਿਕਾ ਦਿੱਤਾ। ਸਰੀਤਾ ਥੋੜ੍ਹਾ ਜਿਹਾ ਸੁਕੜੀ ਤੇ ਫਿਰ ਰੋਣ ਲੱਗ ਪਈ।

ਰਜਨੀ ਦੇਵੀ ਬਿਸਤਰ ਉੱਪਰ ਹੀ ਸਰੀਤਾ ਦੇ ਨਾਲ ਸਟਕ ਕੇ ਬੈਠ ਗਈ। ਉਹ ਪਿਆਰ ਤੇ ਹਮਦਰਦੀ ਵਜੋਂ ਸਰੀਤਾ ਦੇ ਮੌਰਾਂ ਨੂੰ ਪਲੋਸਣ ਲੱਗੀ। ਸਰੀਤਾ ਉਸੇ ਤਰ੍ਹਾਂ ਮੂਧੇ-ਮੂੰਹ ਲੇਟੀ ਹੁਬਕੀ-ਹੁਬਕੀ ਰੋਂਦੀ ਰਹੀ। ਰਜਨੀ ਦੇਵੀ ਚੁੱਪ-ਚਾਪ ਉਸ ਦੇ ਮੌਰਾਂ ਨੂੰ ਪਲੋਸਦੀ ਰਹੀ ਤੇ ਸਰੀਤਾ ਨੂੰ ਮਨ ਹੌਲਾ ਕਰਨ ਦਿੱਤਾ। ਹੌਲੀ-ਹੌਲੀ ਸਰੀਤਾ ਚੁੱਪ ਹੋ ਗਈ। ਹੁਣ ਕਮਰੇ ਵਿੱਚ ਚੁੱਪੀ ਛਾਈ ਹੋਈ ਸੀ।

ਰਜਨੀ ਦੇਵੀ ਨੇ ਆਪਣਾ ਸੱਜਾ ਹੱਥ ਸਰੀਤਾ ਦੇ ਸਿਰ ਉੱਪਰ ਲਿਜਾ ਕੇ ਚੁੱਪ ਨੂੰ ਤੋੜਿਆ, "ਤੇਰੇ ਮੋਢੇ ਤੇ ਵੱਡਾ ਨੀਲ ਬਣ ਗਿਆ ਹੈ ਮੇਰੀ ਬੱਚੀ। ਲੱਗਦਾ ਹੈ ਹਰਬੰਸ ਨੇ ਜ਼ੋਰ ਦੀ ਸੋਟੀ ਮਾਰੀ ਹੈ। ਪਰ ਬੇਟੀ ਸੱਚ ਜਾਣੀ, ਇਹ ਪੀੜ ਤੇਰੇ ਨਾਲੋਂ ਵੀ ਵੱਧ ਮੈਂ ਮਹਿਸੂਸ ਕਰ ਰਹੀ ਹਾਂ। ਪਿਛਲੇ ਤਿੰਨ ਮਹੀਨਿਆਂ ਤੋਂ ਮੈਂ ਅੰਦਰ ਹੀ ਅੰਦਰ ਰੋ ਰਹੀ ਹਾਂ। ਹਰਬੰਸ ਨੇ ਆਪਣੀ ਜੋ ਹਾਲਤ ਬਣਾ ਲਈ ਹੈ, ਉਹ ਮੇਰੇ ਤੋਂ ਬਰਦਾਸ਼ਤ ਨਹੀਂ ਹੋ ਰਹੀ। ਕੋਸ਼ਿਸ ਕਰ ਰਹੀ ਹਾਂ ਕਿ ਮੇਰਾ ਇਕਲੌਤਾ ਬੇਟਾ ਕਿਸੇ ਤਰ੍ਹਾਂ

ਇਸ ਇਕਾਂਤ ਵਿੱਚੋਂ ਬਾਹਰ ਆਵੇ। ਕਿਸੇ ਨਾਲ ਗੱਲਬਾਤ ਕਰੇ, ਆਪਣਾ ਦੁੱਖ ਫਰੋਲੇ। ਉਸ ਦੇ ਮਨ ਦਾ ਬੋਝ ਕੁਝ ਹਲਕਾ ਹੋਵੇ। ਪਰ ਉਹ ਸਿੱਧੇ ਮੂੰਹ ਬੋਲਦਾ ਹੀ ਨਹੀਂ ਤੇ ਨਾ ਕਿਸੇ ਨਾਲ ਗੱਲ ਕਰਦਾ ਹੈ। ਜ਼ਿਆਦਾ ਕੋਸ਼ਿਸ ਕਰੋ ਤਾਂ ਉੱਚੀ-ਉੱਚੀ ਚਿਲਾਉਣ ਲੱਗਦਾ ਹੈ। ਗੁੱਸੇ ਹੁੰਦਾ ਹੈ, ਸੋਟੀ ਚੁੱਕ ਲੈਂਦਾ ਹੈ।''

''ਬੇਟੀ ਦੂਰ ਨੇੜੇ ਦੇ ਰਿਸ਼ਤੇਦਾਰ, ਦੋਸਤ-ਮਿੱਤਰ ਤੇ ਕਈ ਹੋਰ ਸੱਜਣ ਵੀ ਆਏ ਪਰ ਇਸ ਨੇ ਕਿਸੇ ਨਾਲ ਗੱਲ ਨਹੀਂ ਕੀਤੀ। ਜਦੋਂ ਵੀ ਦੱਸਦੀ ਹਾਂ ਕਿ ਤੈਨੂੰ ਕੋਈ ਮਿਲਣ ਆਇਆ ਹੈ ਤਾਂ ਇਸ ਦਾ ਇਕੋ ਜਵਾਬ ਹੁੰਦਾ ਹੈ, 'ਮੈਂ ਕਿਸੇ ਨੂੰ ਨਹੀਂ ਮਿਲਣਾ, ਸਭ ਨੂੰ ਕਹਿ ਦਿਉ ਮੈਨੂੰ ਮਿਲਣ ਨਾ ਆਇਆ ਕਰਨ, ਮੇਰਾ ਕੋਈ ਨਹੀਂ ਹੈ, ਮੈਂ ਵੀ ਕਿਸੇ ਦਾ ਕੁਝ ਨਹੀਂ ਲੱਗਦਾ। ਕਿਉਂ ਮੈਨੂੰ ਤੰਗ ਕਰਦੇ ਹੋ।' ਬੱਸ ਹਮੇਸ਼ਾਂ ਇਸ ਤਰਾਂ ਦੀਆਂ ਗੱਲਾਂ ਕਰਦਾ ਹੈ।''

ਸਰੀਤਾ ਹੁਣ ਉੱਠ ਕੇ ਬੈਠ ਚੁੱਕੀ ਸੀ ਪਰ ਚੁੱਪ ਸੀ। ਬੋਲਦੀ ਬੋਲਦੀ ਰਜਨੀ ਦੇਵੀ ਵੀ ਚੁੱਪ ਹੋ ਗਈ। ਚਿਹਰਾ ਉਦਾਸ, ਖਾਲੀ ਜਿਹੀਆਂ ਅੱਖਾਂ, ਜਿਵੇਂ ਉਸ ਦੇ ਲਏ ਸਾਰੇ ਸੁਪਨੇ ਉਸ ਦੀਆਂ ਨਜ਼ਰਾਂ ਸਾਹਵੇਂ ਹੀ ਦਮ ਤੋੜ ਰਹੇ ਹੋਣ। ਉਹ ਚਾਹੁੰਦੀ ਹੋਈ ਵੀ ਉਹਨਾਂ ਨੂੰ ਬਚਾ ਨਹੀਂ ਪਾ ਰਹੀ। ਬੈਠੀ ਬੈਠੀ ਉਹ ਥੋੜਾ ਜਿਹਾ ਹਿੱਲੀ। ਪਾਸਾ ਜਿਹਾ ਮਾਰ ਕੇ ਥੋੜਾ ਠੀਕ ਹੋ ਕੇ ਬੈਠੀ ਤੇ ਫਿਰ ਬੋਲਣਾ ਸ਼ੁਰੂ ਕੀਤਾ।

''ਬੇਟੀ ਮੇਰੀ ਹਰ ਕੋਸ਼ਿਸ ਬੇਕਾਰ ਸਾਬਤ ਹੋਈ। ਫਿਰ ਮੈਂ ਸੋਚਿਆ ਕਿ ਅਗਰ ਕੋਈ ਆਪਣੀ ਜਾਣ-ਪਹਿਚਾਣ ਦੇ ਘੇਰੇ ਤੋਂ ਬਾਹਰੋਂ, ਖ਼ਾਸ ਕਰਕੇ ਜੇ ਕੋਈ ਲੜਕੀ ਹੋਵੇ ਤਾਂ ਸ਼ਾਇਦ ਇਹ ਢੰਗ ਨਾਲ ਪੇਸ਼ ਆਵੇ। ਮੈਂ ਇਹ ਵੀ ਸਮਝਦੀ ਸੀ ਕਿ ਲੜਕੀ ਜ਼ਰੂਰ ਪੰਜਾਬੀ ਹੋਵੇ। ਇਸੇ ਲਈ ਮੈਂ ਸਿਰਫ ਪੰਜਾਬੀ ਅਖ਼ਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਸੀ। ਪਰ ਹੁਣ ਮੈਂ ਦੇਖ ਰਹੀ ਹਾਂ ਕਿ ਮੇਰੀ ਇਸ ਕੋਸ਼ਿਸ ਦਾ ਵੀ ਕੋਈ ਫ਼ਾਇਦਾ ਨਹੀਂ ਹੋਣ ਲੱਗਾ।''

''ਮੈਂ ਤਾਂ ਆਖ਼ਰ ਇੱਕ ਮਾਂ ਹਾਂ, ਸਭ ਕੁਝ ਝੱਲੀ ਜਾਂਦੀ ਹਾਂ। ਪਰ ਕਿਸੇ ਵੀ ਬਿਗਾਨੇ ਲਈ ਇਹ ਸਭ ਕੁਝ ਝੱਲਣਾ ਬੜਾ ਔਖਾ ਹੈ। ਇਸ ਹਾਲਤ ਵਿੱਚ ਮੈਂ ਇਸ ਨੂੰ ਛੱਡ ਵੀ ਨਹੀਂ ਸਕਦੀ, ਮਾਂ ਜੁ ਹੋਈ। ਛੱਡ ਕੇ ਜਾਵਾਂ ਵੀ ਕਿੱਥੇ। ਇਸ ਦੇ ਬਿਨਾ ਦੁਨੀਆਂ ਵਿੱਚ ਮੇਰਾ ਹੈ ਵੀ ਕੌਣ, ਕੋਈ ਵੀ ਤਾਂ ਨਹੀਂ। ਤੇ ਮੇਰੇ ਬਿਨਾਂ ਹੁਣ ਇਸ ਦਾ ਵੀ ਕੋਈ ਨਹੀਂ।''

ਸਰੀਤਾ ਚੁੱਪ ਚਾਪ ਸਭ ਕੁਝ ਸੁਣਦੀ ਰਹੀ। ਰਜਨੀ ਦੇਵੀ ਨੇ ਆਪਣੇ ਪਰਸ ਵਿੱਚੋਂ ਕੁਝ ਨੋਟ ਕੱਢੇ ਤੇ ਮੇਜ਼ ਤੇ ਰੱਖ ਕੇ ਬੋਲੀ, ''ਮੈਂ ਸਮਝਦੀ ਹਾਂ ਐਸੀ ਹਾਲਤ ਵਿੱਚ ਤੇਰੇ ਲਈ ਇੱਥੇ ਰਹਿਣਾ ਮੁਸ਼ਕਿਲ ਹੋਵੇਗਾ। ਲੈ ਬੇਟੀ, ਆਹ ਤੇਰੀ ਇੱਕ ਮਹੀਨੇ ਦੀ ਤਨਖਾਹ ਤੇ ਨਾਲ ਪੰਜ ਸੌ ਰੁਪਿਆ ਵਾਪਸ ਜਾਣ ਦਾ ਕਿਰਾਇਆ।'' ਐਨਾ ਕਹਿ ਰਜਨੀ ਦੇਵੀ ਉੱਠ ਖਲੋਤੀ ਤੇ ਕਮਰੇ ਤੋਂ ਬਾਹਰ ਵੱਲ ਤੁਰ ਪਈ। ਸਰੀਤਾ ਨੇ ਮੂੰਹ ਉਠਾ ਕੇ ਦੇਖਿਆ, ਮਾਲਕਣ ਦੀਆਂ ਅੱਖਾਂ ਵਿੱਚ ਪਾਣੀ ਤੈਰਨ ਲੱਗ ਪਿਆ ਸੀ।

ਸਰੀਤਾ ਬਿਸਤਰ ਉੱਪਰ ਹੀ ਕੱਠੀ ਜਿਹੀ ਹੋਈ ਬੈਠੀ ਸੀ। ਕਦੀ ਉਹ ਮੇਜ਼ ਉੱਪਰ ਪਏ ਨੋਟਾਂ ਵੱਲ ਵੇਖਦੀ, ਕਦੇ ਲੌਬੀ ਦੇ ਪਾਰ ਸਾਹਮਣੇ ਵਾਲੇ ਕਮਰੇ ਦੇ ਦਰਵਾਜ਼ੇ ਵੱਲ।

ਦਰਵਾਜ਼ਾ - ਜਿਸ ਅੰਦਰ ਹਰਬੰਸ ਨੇ ਆਪਣੇ ਆਪ ਨੂੰ ਕੈਦ ਕਰ ਰੱਖਿਆ ਸੀ। ਚਾਹ ਰੋਟੀ ਜਾਂ ਕੋਈ ਚੀਜ਼ ਦੇਣ ਤੋਂ ਬਿਨਾਂ ਕੋਈ ਉਸ ਦੇ ਕਮਰੇ ਵਿੱਚ ਨਹੀਂ ਸੀ ਜਾ ਸਕਦਾ। ਅਗਰ ਕੋਈ ਜਾਂਦਾ ਤਾਂ ਉਹ ਟੁੱਟ ਕੇ ਪੈ ਜਾਂਦਾ। ਵੈਸੇ ਉਹ ਚਾਹ ਰੋਟੀ ਦੇਣ ਗਏ ਨਾਲ ਵੀ ਗੱਲ ਨਹੀਂ ਸੀ ਕਰਦਾ। ਰੋਟੀ ਦੇਣ ਵਾਲਾ ਮੇਜ਼ ਤੇ ਰੋਟੀ ਰੱਖ, ਆਪਣੀ ਗੱਲ ਕਹਿ ਚੁੱਪ-ਚਾਪ ਵਾਪਸ ਆ ਜਾਂਦਾ। ਸਰੀਤਾ ਨੇ ਮਹਿਸੂਸ ਕੀਤਾ ਸੀ ਹਰਬੰਸ ਕੋਈ ਸਵਾਲ ਨਹੀਂ ਸੀ ਕਰਦਾ।

ਕਮਰੇ ਦੀ ਇੱਕ ਇੱਕ ਚੀਜ਼ ਤੇ ਇੱਕ ਇੱਕ ਕੋਨੇ ਤੋਂ ਉਹ ਪਹਿਲਾਂ ਤੋਂ ਹੀ ਵਾਕਿਫ ਸੀ। ਖੂੰਡੀ ਦੇ ਸਹਾਰੇ ਉਹ ਕਮਰੇ ਅੰਦਰ ਹੀ ਟਹਿਲਦਾ ਰਹਿੰਦਾ, ਹੱਦ ਕਦੇ ਲੌਬੀ ਵਿੱਚ ਆਉਂਦਾ। ਸਾਰੀ ਲੌਬੀ ਦਾ, ਥੱਲੇ ਉੱਤਰ ਰਹੀਆਂ ਪੌੜੀਆਂ ਦਾ, ਉਸ ਨੂੰ ਹਰ ਚੀਜ ਦਾ ਪਤਾ ਸੀ। ਆਖਰ ਇਹ ਉਸ ਦਾ ਘਰ ਸੀ। ਕਮਰੇ ਅੰਦਰ ਜਾ ਕੇ ਫਿਰ ਦਰਵਾਜ਼ਾ ਢੋਅ ਲੈਂਦਾ।

ਸਰੀਤਾ ਅਜੇ ਵੀ ਉਸੇ ਤਰ੍ਹਾਂ ਕੱਠੀ ਜਿਹੀ ਹੋਈ ਆਪਣੇ ਬੈੱਡ ਤੇ ਬੈਠੀ ਸੀ। ਕਿੰਨੇ ਹੀ ਖ਼ਆਲ ਮਨ ਵਿਚੋਂ ਦੀ ਲੰਘ ਚੁੱਕੇ ਸਨ। ਇੱਕ ਆਮ ਪਰਿਵਾਰ ਦੀ ਲੜਕੀ ਨੂੰ ਬਾਪ ਦੇ ਅਚਾਨਕ ਗੁਜ਼ਰ ਜਾਣ ਤੇ ਕਾਲਜ ਦੀ ਪੜ੍ਹਾਈ ਵਿੱਚੇ ਹੀ ਛੱਡਣੀ ਪਈ। ਇੱਕ ਛੋਟਾ ਭਰਾ ਵੀ, ਜੋ ਅਜੇ ਹਾਈ ਸਕੂਲ ਵਿੱਚ ਪੜ੍ਹਦਾ ਸੀ। ਇੱਕ ਮਾਂ ਸੀ। ਬਾਪ ਦੇ ਹੁੰਦੇ ਕੋਈ ਫ਼ਿਕਰ ਨਹੀਂ ਸੀ। ਬਾਪ ਦੀ ਨੌਕਰੀ ਨਾਲ ਵਧੀਆ ਗੁਜ਼ਾਰਾ ਚੱਲੀ ਜਾਂਦਾ। ਬਾਪ ਦੇ ਗੁਜ਼ਰ ਜਾਣ ਮਗਰੋਂ ਆਮਦਨ ਦਾ ਕੋਈ ਸਾਧਨ ਨਹੀਂ ਸੀ ਰਹਿ ਗਿਆ।

ਸਰੀਤਾ ਨੇ ਪੜ੍ਹਾਈ ਛੱਡ ਕੇ ਨੌਕਰੀ ਕਰਨ ਦਾ ਮਨ ਬਣਾਇਆ। ਉਹ ਆਪਣੇ ਛੋਟੇ ਭਰਾ ਨੂੰ ਪੜ੍ਹਾਉਣਾ ਚਾਹੁੰਦੀ ਸੀ। ਸੋਚਿਆ ਆਪ ਉਹ ਨੌਕਰੀ ਵੀ ਕਰੇਗੀ ਤੇ ਪ੍ਰਾਈਵੇਟ ਤੌਰ ਤੇ ਪੜ੍ਹਾਈ ਵੀ ਜਾਰੀ ਰੱਖੇਗੀ। ਅੱਗੇ ਦੇਖੀ ਜਾਏਗੀ।

ਪਿਛਲੇ ਦਿਨੀਂ ਉਸ ਨੇ ਆਹ ਨੌਕਰੀ ਦਾ ਇਸ਼ਤਿਹਾਰ ਪੜ੍ਹਿਆ ਸੀ। ''ਇੱਕ ਅਮੀਰ ਔਰਤ ਨੂੰ ਕਿਸੇ ਖ਼ਾਸ ਕੰਮ ਲਈ ਪੜ੍ਹੀ ਲਿਖੀ ਤੇ ਹਿੰਮਤੀ ਪੰਜਾਬੀ ਲੜਕੀ ਦੀ ਲੋੜ। ਲੜਕੀ ਕੰਮ ਲਈ ਰਾਜ਼ੀ ਹੋਵੇ ਤਾਂ ਤਨਖਾਹ ਕਿੰਨੀ ਵੀ ਹੋ ਸਕਦੀ ਹੈ। ਜਲਦੀ ਸੰਪਰਕ ਕਰੋ।''

ਇਸ਼ਤਿਹਾਰ ਦੇ ਹੇਠਾਂ ਹੀ ਇਸ ਜਗ੍ਹਾ ਦਾ ਪਤਾ ਸੀ। ਸਰੀਤਾ ਹਿੰਮਤ ਕਰਕੇ ਐਨੀ ਦੂਰ ਆ ਗਈ ਸੀ। ਮਾਂ ਨੇ ਮਨਾ ਵੀ ਕੀਤਾ। ਉਹ ਬੇਟੀ ਨੂੰ ਘਰ ਤੋਂ ਐਨੀ ਦੂਰ ਭੇਜਣ ਲਈ ਤਿਆਰ ਨਹੀਂ ਸੀ। ਪਰ ਸਰੀਤਾ ਨੇ ਇਸ ਕੰਮ ਨੂੰ ਚੈਲਿੰਜ਼ ਮੰਨ

ਕੇ ਲਿਆ। ਅਮੀਰ ਔਰਤ ਐਡਾ ਕਿਹੜਾ ਔਖਾ ਕੰਮ ਦੇਵੇਗੀ ਜੋ ਮੈਂ ਨਹੀਂ ਕਰ ਸਕਦੀ।

ਸਭ ਕੁਝ ਜਿਉਂ ਦਾ ਤਿਉਂ ਸਰੀਤਾ ਦੀਆਂ ਅੱਖਾਂ ਅੱਗੇ ਘੁੰਮ ਗਿਆ। ਫਿਰ ਰਜਨੀ ਦੇਵੀ ਦੀਆਂ ਤਰਲੇ ਭਰੀਆਂ ਗੱਲਾਂ, "ਮੈਂ ਇੱਕ ਮਾਂ ਹਾਂ ------।" ਵੀ ਉਸ ਦੇ ਕੰਨਾ ਵਿੱਚ ਗੂੰਜਣ ਲੱਗੀਆਂ।

ਸਰੀਤਾ ਦਿਲ ਕਰੜਾ ਕਰ ਕੇ ਫਿਰ ਆਪਣੇ ਆਪ ਨਾਲ ਗੱਲਾਂ ਕਰਨ ਲੱਗੀ, "ਇਹ ਨੌਕਰੀ ਸੱਚ ਮੁੱਚ ਚੈਲਿੰਜ਼ ਹੀ ਹੈ। ਮੈਂ ਐਨੀ ਛੇਤੀ ਛੱਡ ਕੇ ਨਹੀਂ ਜਾਵਾਂਗੀ। ਹਰਬੰਸ ਦੇ ਮਨ ਅੰਦਰ ਜਰੂਰ ਕੁਝ ਹੈ, ਜਿਸ ਦੀ ਉਸ ਨੇ ਢਿੱਡ ਅੰਦਰ ਹੀ ਗੰਢ ਮਾਰ ਲਈ ਹੈ। ਗੰਢ ਵੀ ਐਸੀ ਕਿ ਫਿਰ ਦਿਲ ਅਤੇ ਮਨ ਦੇ ਸਾਰੇ ਦਰਵਾਜ਼ੇ ਬੰਦ ਕਰ ਲਏ ਜਾਂ ਹੋ ਗਏ। ਪਰ ਕਿੰਨਾ ਚਿਰ ਆਖਰ ਇੱਕ ਦਿਨ ਤਾਂ ਇਹ ਦਰਵਾਜ਼ੇ ਖੋਲ੍ਹਣੇ ਹੀ ਪੈਣਗੇ। ਇੱਕ ਵਾਰ ਗੰਢ ਖੁੱਲ ਗਈ, ਦਰਵਾਜ਼ੇ ਆਪਣੇ ਆਪ ਖੁੱਲ੍ਹ ਜਾਣਗੇ। ਉਸ ਦੀ ਇਹ ਗੰਢ ਖੁੱਲੇ, ਮੈਨੂੰ ਇੱਕ ਕੋਸ਼ਿਸ਼ ਹੋਰ ਕਰਨੀ ਚਾਹੀਦੀ ਹੈ।"

ਸਰੀਤਾ ਬੈੱਡ ਤੋਂ ਉੱਠੀ, ਵਾਸ਼-ਰੂਮ ਵਿੱਚ ਗਈ, ਅੱਖਾਂ 'ਤੇ ਪਾਣੀ ਮਾਰਿਆ ਤੇ ਮੂੰਹ ਹੱਥ ਧੋ ਕੇ ਆਪਣੇ ਆਪ ਨੂੰ ਫਰੈਸ਼ ਕੀਤਾ। ਮੇਜ਼ 'ਤੇ ਪਏ ਨੋਟ ਚੁੱਕੇ ਤੇ ਪੌੜੀਆਂ ਤੋਂ ਹੇਠਾਂ ਉਤਰ ਗਈ।

ਰਜਨੀ ਦੇਵੀ ਉਦਾਸ ਮੁਦਰਾ ਵਿੱਚ ਬੈਠੀ ਕੁਝ ਸੋਚ ਰਹੀ ਸੀ। ਇਹ ਆਲੀਸ਼ਾਨ ਫਾਰਮ-ਹਾਊਸ ਕੋਈ ਉਜਾੜ ਜਿਹਾ ਜਾਪ ਰਿਹਾ ਸੀ। ਉਹ ਕਦੀ ਰੱਬ ਨੂੰ ਉਲਾਂਭੇ ਦੇਣ ਲੱਗਦੀ ਤੇ ਕਦੀ ਕਿਸਮਤ ਤੇ ਝੁਰਨ ਲੱਗ ਪੈਂਦੀ। ਸਰੀਤਾ ਕੁਝ ਪਲ ਰਜਨੀ ਦੇਵੀ ਵੱਲ ਵੇਖਦੀ ਰਹੀ। ਫਿਰ ਪੈਸੇ ਰਜਨੀ ਦੇਵੀ ਦੀ ਝੋਲੀ ਵਿੱਚ ਰੱਖ ਕੇ ਬੋਲੀ, "ਅੰਟੀ ਜੀ ਮੈਂ ਇੱਕ ਕੋਸ਼ਿਸ਼ ਹੋਰ ਕਰਨਾ ਚਾਹੁੰਦੀ ਹਾਂ।"

ਰਜਨੀ ਦੇਵੀ ਦੇ ਮਨ ਨੂੰ ਅਸੀਮ ਖੁਸ਼ੀ ਹੋਈ। ਉਹ ਦੇਖ ਰਹੀ ਸੀ, ਸਰੀਤਾ ਦੇ ਮੂੰਹੋਂ ਇਹ ਸ਼ਬਦ ਅਚਾਨਕ ਨਹੀਂ ਸਨ ਨਿੱਕਲੇ। ਉਸ ਦੇ ਚਿਹਰੇ ਉੱਪਰ ਮਜ਼ਬੂਤ ਇਰਾਦੇ ਦੀ ਝਲਕ ਸਾਫ਼ ਦਿਖਾਈ ਦੇ ਰਹੀ ਸੀ। ਰਜਨੀ ਦੇਵੀ ਦੇ ਚਿਹਰੇ ਉੱਪਰ ਵੀ ਰੌਣਕ ਪਰਤ ਆਈ। ਉਸ ਮਮਤਾ ਦਾ ਪ੍ਰਗਟਾਵਾ ਕਰਦਿਆਂ ਸਰੀਤਾ ਨੂੰ ਹਿੱਕ ਨਾਲ ਘੁੱਟ ਲਿਆ। ਫਿਰ ਸਰੀਤਾ ਨੂੰ ਆਪਣੇ ਕੋਲ ਬਿਠਾ ਕੇ ਹੁਣ ਤੱਕ ਦੀ ਸਾਰੀ ਕਹਾਣੀ ਖੋਲ੍ਹ ਕੇ ਬਿਆਨ ਕਰਨ ਲੱਗੀ।

ਬੇਟੀ, ਹਰਬੰਸ ਦੇ ਪਿਤਾ ਜੀ ਦਾ ਆਪਣਾ ਵੱਡਾ ਕਾਰੋਬਾਰ ਸੀ। ਕਾਰੋਬਾਰ ਦੇ ਮਾਮਲੇ ਵਿਚ ਉਹ ਅਕਸਰ ਬੰਬਈ ਤੇ ਗੋਆ ਵੀ ਜਾਂਦੇ ਰਹਿੰਦੇ। ਉਹ ਹਮੇਸ਼ਾਂ ਸਮੁੰਦਰ ਕਿਨਾਰੇ ਕਿਸੇ ਵੱਡੇ ਹੋਟਲ ਵਿਚ ਠਹਿਰਦੇ। ਬਹੁਤ ਵਾਰੀ ਮੈਨੂੰ ਤੇ ਹਰਬੰਸ ਨੂੰ ਵੀ ਨਾਲ ਜਾਂਦੇ। ਹੋਟਲ ਦੇ ਕਮਰੇ ਵਿਚੋਂ ਹਰਬੰਸ ਬਾਹਰ ਸਮੁੰਦਰ ਅਤੇ ਸਮੁੰਦਰ ਵਿੱਚ ਉੱਠਦੀਆਂ ਲਹਿਰਾਂ ਨੂੰ ਦੇਖਦਾ। ਸਮੁੰਦਰ ਵਿੱਚ ਖੜ੍ਹੇ ਜਹਾਜ਼ਾਂ ਨੂੰ ਦੇਖਦਾ। ਕਈ ਵਾਰ ਸ਼ਾਮ ਦੇ ਟਾਇਮ ਮੇਰੇ ਨਾਲ ਸਮੁੰਦਰ ਕਿਨਾਰੇ ਘੁੰਮਣ ਵੀ ਜਾਂਦਾ। ਕੋਈ ਜਹਾਜ਼ ਬੰਦਰਗਾਹ ਵੱਲ ਦਾਖਲ ਹੋ ਰਿਹਾ, ਕੋਈ ਬਾਹਰ ਨਿੱਕਲ ਖੁੱਲੇ ਸਮੁੰਦਰ ਵੱਲ ਜਾ ਰਿਹਾ ਹੁੰਦਾ। ਕੋਈ ਆ ਰਿਹਾ ਕੋਈ ਜਾ ਰਿਹਾ, ਉਸ ਨੂੰ ਜਹਾਜ਼ ਬੜੇ ਚੰਗੇ ਲੱਗਦੇ। ਉਸ ਦਾ ਜੀਅ ਕਰਦਾ ਉਹ ਵੀ ਜਹਾਜ਼ ਵਿਚ ਜਾ ਚੜੇ ਤੇ ਦੂਰ ਸਮੁੰਦਰ ਵਿਚ ਘੁੰਮ ਕੇ ਆਵੇ। ਸਾਰੇ ਸਮੁੰਦਰ ਘੁੰਮ ਕੇ ਦੇਖੇ ਪਰ ਉਹ ਤਾਂ ਅਜੇ ਛੋਟਾ ਸੀ। ਕਦੀ ਉਸ ਦਾ ਜੀਅ ਕਰਦਾ ਕਿ ਉਹ ਪਾਣੀ ਵਿਚ ਜਾ ਵੜੇ ਪਰ ਮੈਂ ਉਸ ਨੂੰ ਰੋਕ ਦਿੰਦੀ। ਉਸ ਨੂੰ ਬਚਪਨ ਤੋਂ ਹੀ ਸਮੁੰਦਰ ਨਾਲ ਬਹੁਤ ਲਗਾਵ ਹੋ ਗਿਆ ਸੀ।

ਸਕੂਲ ਤੋਂ ਬਾਅਦ ਕਾਲਜ ਦੀ ਪੜ੍ਹਾਈ ਖਤਮ ਹੋ ਗਈ। ਉਸ ਦੇ ਪਿਤਾ ਜੀ ਉਸ ਨੂੰ ਆਪਣੇ ਕਾਰੋਬਾਰ ਵਿਚ ਪਾਉਣਾ ਚਾਹੁੰਦੇ ਸੀ ਪਰ ਹਰਬੰਸ ਜਹਾਜ਼ੀ ਜ਼ਿੰਦਗੀ ਵਿੱਚ ਜਾਣ ਦਾ ਮਨ ਬਣਾ ਚੁੱਕਾ ਸੀ।

ਅਸੀਂ ਸੋਚਦੇ ਸਾਡਾ ਆਪਣਾ ਕਾਰੋਬਾਰ ਹੀ ਐਨਾ ਜ਼ਿਆਦਾ ਹੈ ਕਿ ਇੱਕਲੇ ਤੋਂ ਸੰਭਾਲ ਨਹੀਂ ਹੋਣਾ। ਕੀ ਜ਼ਰੂਰਤ ਹੈ ਕਿਸੇ ਹੋਰ ਦੀ ਨੌਕਰੀ ਕਰਨ ਦੀ। ਘਰ ਤੋਂ ਦੂਰ ਅੱਠ ਨੌ ਮਹੀਨੇ ਸਮੁੰਦਰਾਂ ਵਿਚ ਘੁੰਮਦਾ ਰਹੇ, ਮੈਂ ਤਾਂ ਬਿਲਕੁਲ ਹੀ ਨਹੀਂ ਸੀ ਚਾਹੁੰਦੀ। ਮੈਂ ਤਾਂ ਇਕ ਦਿਨ ਲਈ ਵੀ ਉਸ ਤੋਂ ਦੂਰ ਨਹੀ ਸੀ ਹੋਣਾ ਚਾਹੁੰਦੀ। ਪਰ ਹਰਬੰਸ ਨੇ ਸਾਡੀ ਗੱਲ ਨਹੀਂ ਸੀ ਮੰਨੀ। ਹਰਬੰਸ ਦਾ ਮਨ ਜਹਾਜ਼ੀ ਜ਼ਿੰਦਗੀ ਵਿੱਚ ਸੀ ਤੇ ਉਸ ਨੇ ਆਪਣੇ ਮਨ ਦੀ ਗੱਲ ਮੰਨੀ। ਉਹ ਇੱਕ ਅਕੈਡਮੀ ਵਿੱਚ ਕੈਡਿੱਟ ਭਰਤੀ ਹੋ ਗਿਆ। ਟਰੇਨਿੰਗ ਕੀਤੀ ਤੇ ਫਿਰ ਜਹਾਜ਼ ਵਿੱਚ ਚਲਾ ਗਿਆ। ਹੁਣ ਉਹ ਜਹਾਜ਼ ਦਾ ਡੈੱਕ-ਅਫਸਰ ਸੀ।

ਅਚਾਨਕ ਹਰਬੰਸ ਦੇ ਪਿਤਾ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ। ਕਰੋੜਾਂ ਦਾ ਕਾਰੋਬਾਰ ਤੇ ਵੱਡੀ ਜਾਇਦਾਦ ਨੂੰ ਸੰਭਾਲਣਾ ਹੁਣ ਹਰਬੰਸ ਤੇ ਮੇਰੇ ਜਿੰਮੇ ਸੀ। ਘਰ ਵਿੱਚ ਅਸੀਂ ਦੋਵੇਂ ਹੀ ਜੀਅ ਸਾਂ। ਵੈਸੇ ਕਦੀ-ਕਦੀ ਪ੍ਰੀਤੀ ਵੀ ਸਾਡੇ ਕੋਲ ਰਾਤ ਕੱਟ ਜਾਇਆ ਕਰਦੀ ਸੀ।

"ਅੰਟੀ ਜੀ ਪ੍ਰੀਤੀ ਕੌਣ ?" ਸਰੀਤਾ ਨੇ ਜਗਿਆਸਾ ਵੱਸ ਪੁੱਛਿਆ।

ਪ੍ਰੀਤੀ, ਮਹਿਤਾ ਸਾਹਿਬ ਦੀ ਇਕਲੌਤੀ ਬੱਚੀ ਹੈ। ਮਹਿਤਾ ਸਾਹਿਬ ਵੱਡੇ ਬਿਜ਼ਨੈਸਮੈਨ ਹਨ ਤੇ ਸਾਡੇ ਪਰਿਵਾਰਕ ਦੋਸਤ ਵੀ। ਹਰਬੰਸ ਅਤੇ ਪ੍ਰੀਤੀ ਦਾ ਪਿਆਰ ਕਾਲਜ ਦੇ ਦਿਨਾਂ ਵਿਚ ਹੀ ਸ਼ੁਰੂ ਹੋ ਗਿਆ ਸੀ। ਉਹ ਇੱਕ ਦੂਜੇ ਨੂੰ ਬਹੁਤ ਚਾਹੁੰਦੇ ਸਨ। ਕਾਲਜ ਤੋਂ ਬਾਅਦ ਜਦ ਹਰਬੰਸ ਜਹਾਜ਼ਾਂ ਵਿਚ ਗਿਆ, ਪ੍ਰੀਤੀ ਨੇ ਵੀ ਰੋਕਿਆ ਸੀ ਪਰ ਇਸ ਮਾਮਲੇ 'ਚ ਉਸ ਨੇ ਪ੍ਰੀਤੀ ਦੀ ਗੱਲ ਵੀ ਨਹੀਂ ਸੀ ਮੰਨੀ। ਇਹ ਉਸ ਦੇ ਪਿਆਰ ਦਾ ਅਸਰ ਸੀ ਜਾਂ ਉਸ ਦੀ ਦਲੀਲ ਦਾ ਕਿ ਪ੍ਰੀਤੀ ਨਾਰਾਜ਼ ਨਹੀਂ ਸੀ ਹੋਈ।

ਜਹਾਜ਼ੀ ਜ਼ਿੰਦਗੀ ਵਿੱਚ ਜਾ ਕੇ ਉਸ ਨੂੰ ਪ੍ਰੀਤੀ ਹੋਰ ਵੀ ਵੱਧ ਯਾਦ ਆਉਣ ਲੱਗੀ। ਆਪਣੀ ਕੈਬਿਨ ਵਿਚ ਬੈਠਾ ਉਹ ਪ੍ਰੀਤੀ ਬਾਰੇ ਹੀ ਸੋਚਦਾ ਰਹਿੰਦਾ। ਲੰਬੀਆਂ-ਲੰਬੀਆਂ ਚਿੱਠੀਆਂ

ਲਿਖਦਾ। ਖਿਆਲਾਂ ਵਿੱਚ, ਸੁਪਨੇ ਵਿੱਚ... ਬੱਸ ਪ੍ਰੀਤੀ ਹੀ ਪ੍ਰੀਤੀ ਸੀ। ਉਸ ਦੀ ਸੋਚ ਪ੍ਰੀਤੀ ਦੁਆਲੇ ਹੀ ਘੁੰਮਦੀ ਰਹਿੰਦੀ। ਇਹ ਸਭ ਗੱਲਾਂ ਉਹ ਆਪ ਹੀ ਮੈਨੂੰ ਦੱਸ ਦਿੰਦਾ ਸੀ।

ਪਿਤਾ ਜੀ ਦੀ ਮੌਤ ਤੋਂ ਬਾਅਦ ਮੈਂ ਹਰਬੰਸ ਨੂੰ ਘਰ ਬੁਲਾ ਲਿਆ। ਪ੍ਰੀਤੀ ਵੀ ਇਹੋ ਚਾਹੁੰਦੀ ਸੀ। ਬਹੁਤ ਵਾਰੀ ਹੁਣ ਪ੍ਰੀਤੀ ਰਾਤ ਨੂੰ ਸਾਡੇ ਘਰ ਹੀ ਰੁਕ ਜਾਂਦੀ। ਮਹਿਤਾ ਸਾਹਿਬ ਤੇ ਮੈਂ ਇਹਨਾਂ ਗੱਲਾਂ ਦਾ ਕਦੀ ਬੁਰਾ ਨਹੀਂ ਸੀ ਮਨਾਇਆ। ਅਸੀਂ ਸਮਝਦੇ ਸੀ ਦੋਵੇਂ ਸਮਝਦਾਰ ਹਨ ਤੇ ਸ਼ਾਦੀ ਤੋਂ ਬਾਅਦ ਵੀ ਇਕੱਠੇ ਹੀ ਰਹਿਣਾ ਹੈ।

ਇੱਕ ਵਾਰ ਪ੍ਰੀਤੀ ਤੇ ਹਰਬੰਸ ਕਿਸੇ ਪਾਰਟੀ ਤੋਂ ਵਾਪਸ ਆ ਰਹੇ ਸਨ। ਕਾਰ ਹਰਬੰਸ ਚਲਾ ਰਿਹਾ ਸੀ। ਅਚਾਨਕ ਕਾਰ ਦਾ ਜਬਰਦਸਤ ਐਕਸੀਡੈਂਟ ਹੋ ਗਿਆ। ਦੋਵਾਂ ਨੂੰ ਸੱਟਾਂ ਵੱਜੀਆਂ। ਪ੍ਰੀਤੀ ਨੂੰ ਕੋਈ ਗੰਭੀਰ ਚੋਟ ਨਹੀਂ ਸੀ ਆਈ। ਉਹ ਵਾਲ-ਵਾਲ ਬਚ ਗਈ। ਹਰਬੰਸ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਉਸ ਦੇ ਬਹੁਤ ਜਿਆਦਾ ਸੱਟਾਂ ਸਨ। ਦੋਵਾਂ ਨੂੰ ਹੀ ਹਸਪਤਾਲ ਪਹੁੰਚਾਇਆ ਗਿਆ।

ਮੇਰੇ ਲਈ ਇਹ ਖਬਰ ਇਸ ਤਰਾਂ ਸੀ, ਜਿਵੇਂ ਸਿਰ ਤੇ ਕੋਈ ਬੰਬ ਫਟ ਗਿਆ ਹੋਵੇ। ਹੰਝੂ ਰੋਕਿਆਂ ਵੀ ਨਹੀਂ ਸੀ ਰੁਕ ਰਹੇ। ਪਹਿਲਾਂ ਅਚਾਨਕ ਪਤੀ ਤੁਰ ਗਿਆ, ਅੱਜ ਇਕਲੌਤਾ ਬੇਟਾ ਬੁਰੀ ਤਰਾਂ ਜਖਮੀ ਤੇ ਹਸਪਤਾਲ ਵਿੱਚ। ਤੂੰ ਸਮਝ ਸਕਦੀ ਹੈਂ ਮੇਰੀ ਕੀ ਹਾਲਤ ਹੋਵੇਗੀ। ਰੱਬ ਹੀ ਰੁੱਸ ਗਿਆ ਲੱਗਦਾ ਸੀ। ਪਰ ਉਸੇ ਰੱਬ ਅੱਗੇ ਹੱਥ ਜੋੜ ਕੇ ਆਪਣੇ ਪੁੱਤਰ ਲਈ ਦੁਆਵਾਂ ਵੀ ਮੰਗ ਰਹੀ ਸਾਂ।

ਥੋੜ੍ਹੀ ਮੱਲਮ ਪੱਟੀ ਤੋਂ ਬਾਅਦ ਪ੍ਰੀਤੀ ਨੂੰ ਛੁੱਟੀ ਮਿਲ ਗਈ। ਹਰਬੰਸ ਨੂੰ ਕਈ ਦਿਨ ਹਸਪਤਾਲ ਵਿੱਚ ਰਹਿਣਾ ਪਿਆ। ਪ੍ਰੀਤੀ ਨੂੰ ਭਾਵੇਂ ਛੁੱਟੀ ਮਿਲ ਗਈ ਪਰ ਉਹ ਹਸਪਤਾਲ ਵਿੱਚ ਹਰਬੰਸ ਕੋਲ ਹੀ ਰਹੀ। ਸਿਰਫ ਇੱਕ ਦਿਨ ਘਰ ਗਈ ਤੇ ਕੁਝ ਘੰਟਿਆਂ ਬਾਅਦ ਹੀ ਵਾਪਸ ਹਰਬੰਸ ਕੋਲ ਆ ਗਈ। ਹਰਬੰਸ ਨੇ ਆਪਣੀਆਂ ਸੱਟਾਂ ਦੀ ਕੋਈ ਪਰਵਾਹ ਨਹੀਂ ਸੀ ਕੀਤੀ। ਪ੍ਰੀਤੀ ਦੀ ਹੋਂਦ ਤੇ ਨੇੜਤਾ ਨੇ ਸਾਰੇ ਦਰਦ ਭੁਲਾ ਦਿੱਤੇ। ਹਰਬੰਸ ਦੇ ਸਾਰੇ ਜ਼ਖ਼ਮ ਹੌਲੀ-ਹੌਲੀ ਰਾਜ਼ੀ ਹੋ ਗਏ ਸਿਰਫ ਅੱਖਾਂ ਉੱਪਰੋਂ ਪੱਟੀਆ ਅਜੇ ਨਹੀਂ ਸੀ ਲੱਥੀਆਂ। ਸਭ ਨੂੰ ਅੱਖਾਂ ਉੱਪਰੋਂ ਪੱਟੀਆਂ ਲੱਥਣ ਦਾ ਬੇਸਬਰੀ ਨਾਲ ਇੰਤਜ਼ਾਰ ਸੀ।

ਇਕ ਦਿਨ ਡਾਕਟਰਾਂ ਨੇ ਮੈਨੂੰ ਇਕੱਲੀ ਨੂੰ ਆਪਣੇ ਕੋਲ ਬੁਲਾਇਆ। ਕੁਝ ਚਿਰ ਹਰਬੰਸ ਬਾਰੇ ਬਾਰੇ ਗੱਲਾਂ ਕੀਤੀਆਂ। ਫਿਰ ਡਾਕਟਰਾਂ ਨੇ ਮੇਰੇ ਤੋਂ ਹੁਣ ਤੱਕ ਛੁਪਾਇਆ ਸੱਚ ਮੈਨੂੰ ਦੱਸਿਆ। ਉਹਨਾਂ ਦੱਸਿਆ ਕਿ ਇਹ ਪੱਟੀਆਂ ਤਾਂ ਐਵੇਂ ਮਨ ਟਿਕਾਉਣ ਲਈ ਹਨ, ਸੱਚ ਇਹ ਹੈ ਕਿ ਹਰਬੰਸ ਦੀਆਂ ਅੱਖਾਂ ਦੀ ਨਜ਼ਰ ਚਲੀ ਗਈ ਹੈ।

"ਹਰਬੰਸ ਅੰਨ੍ਹਾ ਹੋ ਚੁੱਕਾ ਹੈ !" ਇਹ ਜਾਣ ਕੇ ਇੱਕ ਵਾਰ ਤਾਂ ਮੇਰੀ ਦੁਨੀਆਂ ਹੀ ਹਿੱਲ ਗਈ। ਸਾਰਾ ਸਰੀਰ ਜਿਵੇਂ ਮਿੱਟੀ ਬਣ ਗਿਆ। ਫਿਰ ਥੋੜਾ ਸੰਭਲੀ, ਹਿੰਮਤ ਇਕੱਠੀ ਕੀਤੀ ਤੇ ਡਾਕਟਰਾਂ ਨੂੰ ਕਿਹਾ, "ਇਹ ਗੱਲ ਅਜੇ ਹਰਬੰਸ ਨੂੰ ਨਾ ਹੀ ਦੱਸੀ ਜਾਵੇ।"

ਹਰਬੰਸ ਨੂੰ ਘਰ ਲਿਆਉਣ ਦੀ ਤਿਆਰੀ ਹੋ ਗਈ। ਦੱਸਿਆ ਗਿਆ ਕਿ ਸਭ ਠੀਕ ਹੈ। ਅੱਖਾਂ ਦੀ ਪੱਟੀ ਕੁਝ ਦਿਨਾਂ ਬਾਅਦ ਉਤਾਰ ਦਿੱਤੀ ਜਾਵੇਗੀ। ਸਾਰੇ ਘਰ ਆ ਗਏ। ਪ੍ਰੀਤੀ ਵੀ ਹਰਬੰਸ ਦੇ ਨਾਲ ਹੀ ਘਰ ਆ ਗਈ। ਤੀਸਰੇ ਦਿਨ ਕਿਸੇ ਤਰਾਂ ਪ੍ਰੀਤੀ ਨੂੰ ਪਤਾ ਲੱਗ ਗਿਆ ਕਿ ਹਰਬੰਸ ਹੁਣ ਵੇਖ ਨਹੀਂ ਸਕੇਗਾ। ਉਹ ਅੰਨ੍ਹਾ ਹੋ ਚੁੱਕਾ ਹੈ। ਪ੍ਰੀਤੀ ਨੂੰ ਬਹੁਤ ਵੱਡਾ ਝਟਕਾ ਲੱਗਿਆ। ਉਹ ਇਕਦਮ ਸੁੰਨ-ਡੁੰਨ ਜਿਹੀ ਹੋ ਗਈ। ਪਰ ਇਹ ਗੱਲ ਉਸ ਨੇ ਵੀ ਆਪਣੇ ਆਪ ਤੱਕ ਰੱਖੀ। ਮੈਨੂੰ ਕੁਝ ਵੀ ਜਾਹਰ ਨਹੀਂ ਹੋਣ ਦਿੱਤਾ। ਅਗਲੇ ਦਿਨ ਮੈਨੂੰ ਐਨਾ ਹੀ ਕਿਹਾ, "ਮੰਮੀ ਜੀ ਮੈਨੂੰ ਸਿਰ 'ਚ ਦਰਦ ਹੋ ਰਿਹਾ ਹੈ। ਮੈਂ ਕੁਝ ਦੇਰ ਲਈ ਘਰ ਜਾ ਰਹੀ ਹਾਂ। ਸ਼ਾਮ ਤੱਕ ਜਾਂ ਹੱਦ ਕੱਲ ਨੂੰ ਮੁੜ ਆਵਾਂਗੀ।"

ਪ੍ਰੀਤੀ ਘਰ ਚਲੀ ਗਈ। ਉਸ ਸ਼ਾਮ ਉਹ ਵਾਪਿਸ ਨਹੀਂ ਆਈ। ਦੂਸਰੇ ਦਿਨ ਵੀ ਨਹੀਂ ਆਈ। ਪ੍ਰੀਤੀ ਦੇ ਘਰ ਫ਼ੋਨ ਕਰਨ 'ਤੇ ਅੱਗੋਂ ਦੱਸਿਆ ਗਿਆ, ਪ੍ਰੀਤੀ ਦੀ ਤਬੀਅਤ ਠੀਕ ਨਹੀਂ। ਤੀਸਰਾ ਦਿਨ, ਚੌਥਾ ਤੇ ਫਿਰ ਪੰਜਵਾਂ ਦਿਨ ਵੀ ਲੰਘ ਗਿਆ।

ਹਰਬੰਸ ਬਹੁਤ ਪ੍ਰੇਸ਼ਾਨ ਸੀ। ਪ੍ਰੀਤੀ ਹੀ ਉਸ ਨੂੰ ਖਾਣਾ ਖਵਾਉਂਦੀ ਸੀ। ਬਾਥਰੂਮ ਵੀ ਪ੍ਰੀਤੀ ਹੀ ਲੈ ਕੇ ਜਾਂਦੀ ਸੀ। ਪਿਆਰ ਨਾਲ ਮਲ ਮਲ ਕੇ ਨਵਾਉਂਦੀ। ਪੂਰਾ ਖਿਆਲ ਰੱਖਦੀ ਕਿਤੇ ਅੱਖਾਂ ਦੀਆਂ ਪੱਟੀਆਂ ਗਿੱਲੀਆਂ ਨਾ ਹੋ ਜਾਣ। ਹਰਬੰਸ ਨੂੰ ਆਪਣਾ ਦੁੱਖ ਯਾਦ ਹੀ ਨਹੀਂ ਸੀ।

ਪ੍ਰੀਤੀ ਦੇ ਘਰ ਵਾਰ ਵਾਰ ਫ਼ੋਨ ਕੀਤੇ ਗਏ ਪਰ ਹਰ ਵਾਰ ਇਹੀ ਜਵਾਬ ਮਿਲਦਾ ਕਿ ਪ੍ਰੀਤੀ ਦੀ ਤਬੀਅਤ ਠੀਕ ਨਹੀਂ। ਹਰਬੰਸ ਨੂੰ ਪ੍ਰੀਤੀ ਦੀ ਬਹੁਤ ਯਾਦ ਆ ਰਹੀ ਸੀ। ਗੁੱਸਾ ਵੀ ਆ ਰਿਹਾ ਸੀ। ਪੰਜ ਦਿਨ ਹੋ ਗਏ, ਮੁੜ ਕੇ ਕਿਉਂ ਨਹੀਂ ਆਈ। ਉਹ ਇੰਝ ਤੜਫ ਰਿਹਾ ਸੀ, ਜਿਵੇਂ ਜਲ ਬਿਨ ਮੱਛਲੀ। ਉਸ ਨੂੰ ਇਹ ਵੀ ਗੁੱਸਾ ਸੀ ਕਿ ਉਹ ਫੋਨ ਤੇ ਗੱਲ ਨਹੀਂ ਸੀ ਕਰ ਰਹੀ।

ਖ਼ੈਰ, ਅਗਲੇ ਦਿਨ ਪ੍ਰੀਤੀ ਆਈ। ਉਹ ਬਿਲਕੁਲ ਠੀਕ-ਠਾਕ ਲੱਗਦੀ ਸੀ। ਕੁਝ ਚਿਰ ਮੇਰੇ ਕੋਲ ਬੈਠੀ ਰਹੀ ਤੇ ਫਿਰ ਉੱਪਰ ਹਰਬੰਸ ਦੇ ਕਮਰੇ ਵਿੱਚ ਚਲੀ ਗਈ। ਮੈਂ ਵੀ ਨਾਲ ਗਈ। ਕਦੇ ਇਸ ਘਰ ਤੇ ਇਸ ਕਮਰੇ ਦੀ ਹਰ ਚੀਜ਼ ਉਸ ਨੂੰ ਪਿਆਰੀ ਲੱਗਦੀ ਸੀ, ਆਪਣੀ ਲੱਗਦੀ ਸੀ। ਪਰ ਅੱਜ ਜਿਵੇਂ ਉਸ ਨੂੰ ਸਭ ਕੁਝ ਓਪਰਾ-ਓਪਰਾ ਲੱਗਿਆ।

ਹਰਬੰਸ ਨੂੰ ਜਦ ਪਤਾ ਲੱਗਾ ਕਿ ਪ੍ਰੀਤੀ ਆਈ ਹੈ, ਇਕ ਵਾਰ ਤਾਂ ਉਸ ਨੂੰ ਚਾਅ ਚੜ੍ਹ ਗਿਆ। ਉਹ ਗਿਲਾ ਕਰਨ ਲੱਗਾ, "ਪ੍ਰੀਤੀ ਤੂੰ ਇੰਨੇ ਦਿਨ ਕਿਉਂ ਨਹੀਂ ਆਈ? ਕਿੱਥੇ

ਰਹੀ? ਫ਼ੋਨ ਵੀ ਨਹੀਂ ਕੀਤਾ। ਤੇਰਾ ਕੱਲੀ ਦਾ ਜੀਅ ਕਿਵੇਂ ਲੱਗਾ। ਕੀ ਸੱਚਮੁੱਚ ਤੇਰੀ ਤਬੀਅਤ ਐਨੀ ਖ਼ਰਾਬ ਸੀ।"

ਪ੍ਰੀਤੀ ਚੁੱਪ ਬੈਠੀ ਰਹੀ, ਕੁਝ ਵੀ ਨਹੀਂ ਬੋਲੀ। ਹਰਬੰਸ ਨੇ ਹੀ ਫਿਰ ਬੋਲਣਾ ਸ਼ੁਰੂ ਕੀਤਾ, "ਪ੍ਰੀਤੀ ਤੂੰ ਬੋਲਦੀ ਕਿਉਂ ਨਹੀਂ। ਤੂੰ ਦੂਰ ਕਿਉਂ ਬੈਠ ਗਈ। ਮੇਰੇ ਕੋਲ ਆ ਕੇ ਕਿਉਂ ਨਹੀ ਬੈਠਦੀ। ਤੈਨੂੰ ਪਤੈ, ਮੈਂ ਤੇਰੇ ਬਿਨਾਂ ਕਿੰਨਾ ਇਕੱਲਾ ਮਹਿਸੂਸ ਕਰ ਰਿਹਾ ਸੀ।"

"ਹਰਬੰਸ ਮੈਨੂੰ ਸਿਰਦਰਦ ਸੀ, ਹੁਣ ਮੈਂ ਠੀਕ ਹਾਂ। ਬਾਕੀ ਮੈਂ ਏਥੇ ਠੀਕ ਬੈਠੀ ਹਾਂ, ਤੈਨੂੰ ਵੀ ਆਰਾਮ ਦੀ ਜ਼ਰੂਰਤ ਹੈ। ਤੈਨੂੰ ਹੁਣ ਵੱਧ ਤੋਂ ਵੱਧ ਆਰਾਮ ਕਰਨਾ ਚਾਹੀਦਾ ਹੈ।"

"ਇਹ ਕੀ ਖੁਸ਼ਕ ਤੇ ਫੋਕੀਆਂ ਜਿਹੀਆਂ ਗੱਲਾਂ ਕਰੀ ਜਾਨੀ ਐਂ।" ਹਰਬੰਸ ਉੱਠ ਕੇ ਖੜਾ ਹੋ ਗਿਆ। ਸ਼ਾਇਦ ਚਾਹੁੰਦਾ ਹੋਵੇ ਕਿ ਉਹ ਖ਼ੁਦ ਪ੍ਰੀਤੀ ਦੇ ਕੋਲ ਜਾ ਕੇ ਬੈਠੇ।

ਪ੍ਰੀਤੀ ਨੇ ਵਿੱਚੋਂ ਹੀ ਟੋਕ ਦਿੱਤਾ, "ਵੇਖ ਹਰਬੰਸ, ਤੈਨੂੰ ਪਤਾ ਹੈ ਤੂੰ ਵੇਖ ਨਹੀਂ ਸਕਦਾ। ਤੈਨੂੰ ਸਹਾਰੇ ਦੀ ਲੋੜ ਹੈ। ਉੱਠ ਕੇ ਤੁਰਨ ਦੀ ਕੋਸ਼ਿਸ ਨਾ ਕਰ, ਹੋਰ ਸੱਟ ਨਾ ਖਾ ਲਵੀਂ।"

ਪ੍ਰੀਤੀ ਦੇ ਬੋਲਾਂ ਵਿਚ ਕੋਈ ਮਿਠਾਸ ਜਾਂ ਪਿਆਰ ਨਹੀਂ ਸੀ। ਕੋਈ ਅਪਣਾ-ਪਣ ਨਹੀਂ। ਖ਼ੁਸ਼ਕ, ਸਾਦੇ, ਰੁੱਖੇ ਤੇ ਨੀਰਸ ਜਿਹੇ ਸ਼ਬਦ। ਮੈਨੂੰ ਬਹੁਤ ਝਟਕਾ ਲੱਗਿਆ ਕਿ ਪ੍ਰੀਤੀ ਨੇ ਆਹ ਕੀ ਕਹਿ ਦਿੱਤਾ। ਮੈਂ ਦੇਖ ਰਹੀ ਸੀ ਹਰਬੰਸ ਵੀ ਸੁੰਨ ਜਿਹਾ ਹੋ ਗਿਆ ਸੀ।

'ਤੈਨੂੰ ਪਤਾ ਹੈ ਤੂੰ ਵੇਖ ਨਹੀਂ ਸਕਦਾ !' ਸ਼ਾਇਦ ਇਹ ਸ਼ਬਦ ਹਰਬੰਸ ਦੇ ਗੋਲੀ ਦੀ ਤਰ੍ਹਾਂ ਵੱਜੇ ਹੋਣ। ਮੈਂ ਕੁਝ ਬੋਲਣਾ ਚਾਹਿਆ ਪਰ ਉਸ ਵਕਤ ਮੈਥੋਂ ਕੁਝ ਵੀ ਬੋਲ ਨਾ ਹੋਇਆ।

"ਪ੍ਰੀਤੀ – ਲੱਗਦੈ ਹੋਰ ਸੱਟ ਤਾਂ ਵੱਜ ਚੁੱਕੀ, ਇਸ ਤੋਂ ਵੱਧ ਹੋਰ ਕੀ ਵੱਜੂ।" ਹਰਬੰਸ ਨੇ ਬੜੇ ਦੁਖੀ ਮਨ ਨਾਲ ਇਹ ਸ਼ਬਦ ਕਹੇ। ਪ੍ਰੀਤੀ ਦੇ ਸ਼ਬਦਾਂ ਤੋਂ ਉਸ ਨੂੰ ਅਹਿਸਾਸ ਹੋ ਗਿਆ ਕਿ ਉਹ ਅੰਨ੍ਹਾਂ ਹੋ ਚੁੱਕਾ ਹੈ। ਉਸ ਨੂੰ ਹੁਣ ਹਮੇਸ਼ਾਂ ਸਹਾਰੇ ਦੀ ਲੋੜ ਪਵੇਗੀ। ਜ਼ਿੰਦਗੀ ਵਿੱਚ ਹਨੇਰਾ ਛਾ ਚੁੱਕਾ ਹੈ। ਪ੍ਰੀਤੀ ਦੀਆਂ ਗੱਲਾਂ ਦਾ ਮਤਲਬ ਸਾਫ਼ ਸੀ ਕਿ ਇਹ ਹਨੇਰਾ ਹੁਣ ਉਸ ਨੂੰ ਇਕੱਲੇ ਨੂੰ ਹੀ ਢੋਣਾ ਪੈਣਾ ਹੈ।

ਬੇਟੀ ਮੈਂ ਦੇਖ ਰਹੀ ਸੀ ਹਰਬੰਸ ਦਾ ਚਿਹਰਾ ਗਮਗੀਨ ਤੇ ਬਹੁਤ ਉਦਾਸ ਸੀ। ਪ੍ਰੀਤੀ ਨੇ ਕੁਝ ਚਿਰ ਓਪਰੀਆਂ ਤੇ ਬੇ-ਮਤਲਬ ਜਿਹੀਆਂ ਗੱਲਾਂ ਕੀਤੀਆਂ। ਹਰਬੰਸ ਚੁੱਪ ਰਿਹਾ, ਜਿਵੇਂ ਉਸ ਨੂੰ ਕਿਸੇ ਨਾਲ ਹੁਣ ਕੋਈ ਮਤਲਬ ਨਾ ਰਹਿ ਗਿਆ ਹੋਵੇ। ਪ੍ਰੀਤੀ ਉੱਠ ਖੜੋਤੀ ਤੇ ਅਸੀਂ ਦੋਵੇਂ ਕਮਰੇ ਤੋਂ ਬਾਹਰ ਆ ਗਈਆਂ। ਮੈਂ ਪ੍ਰੀਤੀ ਨੂੰ ਕਿਹਾ ਬੇਟੀ ਇਹ ਗੱਲ ਅਜੇ ਨਹੀਂ ਸੀ ਦੱਸਣੀ ਚਾਹੀਦੀ, ਪਰ ਉਹ ਚੁੱਪ ਰਹੀ।

ਥੱਲੇ ਆ ਕੇ ਪ੍ਰੀਤੀ ਕਹਿਣ ਲੱਗੀ, ਅੰਟੀ ਮੇਰੀ ਤਬੀਅਤ ਠੀਕ ਨਹੀਂ ਮੈਂ ਘਰ ਜਾ ਰਹੀ ਹਾਂ। 'ਅੰਟੀ' ਕਹਿਣ ਤੇ ਹੀ ਮੈਂ ਸਭ ਕੁਝ ਸਮਝ ਤਾਂ ਗਈ ਪਰ ਫਿਰ ਵੀ ਮੈਂ ਉਸ ਅੱਗੇ ਤਰਲੇ ਕੀਤੇ। "ਪ੍ਰੀਤੀ ਬੱਚੀ ਇਸ ਤਰ੍ਹਾਂ ਛੱਡ ਕੇ ਨਾ ਜਾਹ। ਅਜੇ ਵੀ ਆਸ ਹੈ, ਬਹੁਤ ਇਲਾਜ਼ ਹਨ, ਹਰਬੰਸ ਜ਼ਰੂਰ ਠੀਕ ਹੋ ਜਾਵੇਗਾ। ਇਸ ਵਕਤ ਉਸ ਨੂੰ ਕਿਸੇ ਇਲਾਜ਼ ਨਾਲੋਂ ਵੀ ਵੱਧ, ਤੇਰੀ ਜ਼ਰੂਰਤ ਹੈ। ਮੇਰੇ ਨਾਲੋਂ ਵੀ ਵੱਧ ਤੇਰੀ ਜ਼ਰੂਰਤ ਹੈ। ਤੂੰ ਹੀ ਉਸ ਦੀ ਜ਼ਿੰਦਗੀ ਹੈਂ, ਤੂੰ ਹੀ ਉਸ ਦਾ ਹੌਸਲਾ ਹੈਂ, ਤੂੰ ਹੀ ਉਸ 'ਨੂੰ ਹਨੇਰੇ 'ਚੋਂ ਵਾਪਸ ਰੋਸ਼ਨੀ ਵਿਚ ਲਿਆ ਸਕਦੀ ਹੈਂ। ਡਾਕਟਰਾਂ ਨੇ ਦੱਸਿਆ ਹੈ, ਦਾਨ ਕੀਤੀਆਂ ਅੱਖਾਂ ਨਾਲ ਹਰਬੰਸ ਫਿਰ ਤੋਂ ਵੇਖ ਸਕਦਾ ਹੈ। ਤੈਥੋਂ ਬਿਨਾਂ ਉਹ ਕਿਸੇ ਦੀ ਗੱਲ ਨਹੀਂ ਸੁਣੇਗਾ। ਉਹ ਸਿਰਫ ਤੇਰੀ ਗੱਲ ਮੰਨੇਗਾਂ। ਤੂੰ ਹੀ ਉਸ ਨੂੰ ਇਸ ਲਈ ਮਨਾ ਸਕਦੀ ਹੈ। ਆਪਾਂ ਰਲ-ਮਿਲ ਕੇ ਕੋਸ਼ਿਸ਼ ਕਰਾਂਗੇ।"

ਪਰ ਪ੍ਰੀਤੀ ਦਾ ਮਨ ਬਦਲ ਚੁੱਕਾ ਸੀ। "ਅੰਟੀ ਇਹ ਸਭ ਦਿਲ ਨੂੰ ਦਿਲਾਸਾ ਦੇਣ ਵਾਲੀਆ ਗੱਲਾਂ ਹਨ। ਨਿਗ੍ਹਾ ਵਾਪਿਸ ਆਉਣੀ ਹੁੰਦੀ ਤਾਂ ਰੱਬ ਹੁਣ ਹੀ ਕਿਉਂ ਹਰਬੰਸ ਦੀ ਨਿਗ੍ਹਾ ਲੈਂਦਾ।"

ਪ੍ਰੀਤੀ ਜਾ ਚੁੱਕੀ ਸੀ। ਮੈਂ ਉਦਾਸ ਬੈਠੀ ਸੀ। ਹਰਬੰਸ ਵੀ ਸਭ ਕੁਝ ਸਮਝ ਚੁੱਕਾ ਸੀ। ਉਸ ਨੇ ਉਸੇ ਦਿਨ ਪੱਟੀਆਂ ਲਾਹ ਕੇ ਪਰੇ ਵਗ੍ਹਾ ਮਾਰੀਆਂ। ਪ੍ਰੀਤੀ ਕੀ ਗਈ, ਉਸ ਨੂੰ ਦੁਨੀਆਂ ਨਾਲ ਹੀ ਨਫ਼ਰਤ ਹੋ ਗਈ। ਉਸੇ ਦਿਨ ਤੋਂ ਅੱਖਾਂ ਉਪਰ ਕਾਲੀਆਂ ਐਨਕਾਂ ਲਾ ਲਈਆਂ ਤੇ ਆਪਣੇ ਆਪ ਨੂੰ ਇਸ ਕਮਰੇ ਤੱਕ ਸੀਮਤ ਕਰ ਲਿਆ। ਹੁਣ ਜਿਵੇਂ ਇਹ ਕਾਲੀਆਂ ਐਨਕਾਂ ਹੀ ਉਸ ਦੀਆਂ ਸਾਥੀ ਹੋਣ।

ਪ੍ਰੀਤੀ ਤੇ ਹਰਬੰਸ ਦੀਆਂ ਜਿੰਨੀਆਂ ਵੀ ਗੱਲਾਂ ਉਹ ਜਾਣਦੀ ਸੀ, ਸਾਰੀਆਂ ਉਸ ਨੇ ਸਰੀਤਾ ਨੂੰ ਦੱਸੀਆਂ। ਜਦ ਕਿ ਇਸ ਤੋਂ ਪਹਿਲਾਂ ਸਰੀਤਾ ਨੂੰ ਕੁਝ ਵੀ ਨਹੀਂ ਸੀ ਦੱਸਿਆ ਗਿਆ।

ਸਰੀਤਾ ਦੀ ਸਮਝ ਵਿੱਚ ਕੁਝ-ਕੁਝ ਆਉਣ ਲੱਗਾ। ਉਸ ਨੂੰ ਹਰਬੰਸ ਨਾਲ ਹਮਦਰਦੀ ਹੋ ਗਈ। ਦਿਨ ਬੀਤਣ ਲੱਗੇ। ਉਹ ਵੀ ਕਾਫੀ ਕੁਝ ਸਮਝਣ ਲੱਗੀ। ਅਸਲ ਵਿੱਚ ਹਰਬੰਸ ਨੂੰ ਇਹ ਗੱਲ ਅੱਖਰਦੀ ਸੀ ਕਿ ਉਹ ਤਰਸ ਦਾ ਪਾਤਰ ਬਣ ਗਿਆ ਹੈ। ਲੋਕ ਉਸ ਨਾਲ ਤਰਸ ਭਾਵਨਾ ਵਾਲੀ ਗੱਲ ਕਰਦੇ ਹਨ।

ਹਰਬੰਸ ਦੀ ਚਾਹ ਰੋਟੀ ਸਰੀਤਾ ਹੀ ਦੇ ਕੇ ਆਉਂਦੀ ਸੀ। ਉਹ ਕਮਰੇ ਅੰਦਰ ਪਈ ਹਰ ਚੀਜ਼ ਨੂੰ ਧਿਆਨ ਨਾਲ ਦੇਖਦੀ। ਜਿਸ ਦਿਨ ਸਰੀਤਾ ਦੇ ਮੌਰਾਂ ਤੇ ਸੋਟੀ ਵੱਜ ਕੇ ਨੀਲ ਪੈ ਗਿਆ ਸੀ, ਉਸ ਦਿਨ ਤੋਂ ਬਾਅਦ ਹਰਬੰਸ ਨੇ ਕਦੀ ਰੌਲਾ ਨਹੀਂ ਸੀ ਪਾਇਆ। ਉਹ ਹੋਰ ਵੀ ਚੁੱਪ ਰਹਿਣ ਲੱਗ ਪਿਆ ਸੀ। ਸਰੀਤਾ ਨੇ ਉਸ ਨੂੰ ਦੁਬਾਰਾ ਮੌਕਾ ਵੀ ਨਹੀਂ ਸੀ ਦਿੱਤਾ। ਵੈਸੇ ਚਾਹ-ਰੋਟੀ ਤੋਂ ਬਿਨਾਂ ਵੀ, ਕਦੇ ਕਦਾਈਂ ਸਰੀਤਾ ਦਾ ਉਸ ਦੇ ਕਮਰੇ ਵਿੱਚ ਜਾਣਾ ਬਣਿਆ ਰਹਿੰਦਾ। ਕਿਸੇ ਵੀ ਚੀਜ਼ ਦੀ ਲੋੜ

ਲਈ ਉਹ ਆਵਾਜ਼ ਦਿੰਦਾ ਤਾਂ ਸਰੀਤਾ ਹੀ ਕਮਰੇ ਵਿੱਚ ਜਾਂਦੀ। ਕਈ ਵਾਰ ਉਹ ਖਿੜਕੀ ਕੋਲ ਖੜਾ, ਬਾਹਰ ਵੱਲ ਦੇਖਦਾ ਹੁੰਦਾ। ਕਦੀ ਬਾਥਰੂਮ ਗਿਆ ਹੁੰਦਾ। ਜਿਆਦਾ ਤਰ ਉਹ ਆਪਣਾ ਦਰਵਾਜ਼ਾ ਢੋਅ ਕੇ ਰੱਖਦਾ ਪਰ ਕਈ ਵਾਰ ਖੁੱਲ੍ਹਾ ਵੀ ਛੱਡ ਦਿੰਦਾ।

ਸਰੀਤਾ ਨੇ ਉਸ ਦੇ ਕਮਰੇ ਨੂੰ ਤੇ ਕਮਰੇ ਵਿੱਚ ਪਈਆਂ ਚੀਜ਼ਾਂ ਨੂੰ ਧਿਆਨ ਨਾਲ ਵੇਖਿਆ ਸੀ। ਕਾਫੀ ਖੁੱਲ੍ਹਾ ਡੁੱਲਾ ਤੇ ਵੱਡਾ ਕਮਰਾ। ਕਮਰੇ ਅੰਦਰ ਪਈ ਗਿਟਾਰ, ਕਿਤਾਬਾਂ, ਤਸਵੀਰਾਂ, ਕੰਧਾਂ ਉਪਰ ਲਟਕ ਰਹੀਆਂ ਪੇਟਿੰਗਜ਼ ਤੇ ਬਹੁਤ ਸਾਰੀਆਂ ਹੋਰ ਚੀਜ਼ਾ ਭਾਵੇਂ ਬੋਲ ਤਾਂ ਨਹੀਂ ਸੀ ਰਹੀਆਂ – ਪਰ ਉਹ ਬੜਾ ਕੁੱਝ ਦੱਸ ਰਹੀਆਂ ਸਨ। ਸਰੀਤਾ ਕਈ ਤਰ੍ਹਾਂ ਦੇ ਅੰਦਾਜ਼ੇ ਲਾਉਂਦੀ ਇਸ ਸਿੱਟੇ ਤੇ ਪਹੁੰਚੀ ਕਿ ਹਰਬੰਸ ਕੋਮਲ ਭਾਵਨਾਵਾਂ ਰੱਖਣ ਵਾਲਾ ਇਕ ਖੁਸ਼–ਮਿਜ਼ਾਜ਼ ਨੌਜਵਾਨ ਸੀ।

ਉਹ ਸਮਝ ਗਈ ਕਿ ਅਚਾਨਕ ਹੋਇਆ ਐਕਸੀਡੈਂਟ, ਉਸ ਦਾ ਅੰਨ੍ਹਾਂ ਹੋ ਜਾਣਾ, ਪ੍ਰੀਤੀ ਦਾ ਉਸ ਦੀ ਜ਼ਿੰਦਗੀ 'ਚੋਂ ਅਲੱਗ ਹੋ ਜਾਣਾ, ਇਹ ਅਜਿਹੇ ਸਦਮੇ ਸਨ ਜੋ ਹਰਬੰਸ ਬਰਦਾਸ਼ਤ ਨਹੀਂ ਕਰ ਸਕਿਆ। ਕੋਈ ਵੀ ਨਹੀਂ ਕਰ ਸਕਦਾ। ਹਰਬੰਸ ਨੂੰ ਪਿਆਰ ਅਤੇ ਹਮਦਰਦੀ ਦੀ ਲੋੜ ਹੈ। ਨਾਲੇ ਫਿਰ ਆਸ ਦੀ ਇਕ ਕਿਰਨ ਅਜੇ ਬਾਕੀ ਹੈ। ਹਰਬੰਸ ਅਪ੍ਰੇਸ਼ਨ ਲਈ ਰਾਜ਼ੀ ਹੋ ਜਾਵੇ ਤਾਂ ਕਿਸੇ ਦੀਆਂ ਦਾਨ ਕੀਤੀਆਂ ਹੋਈਆ ਅੱਖਾਂ ਨਾਲ ਉਹ ਫਿਰ ਤੋਂ ਵੇਖ ਸਕਦਾ ਹੈ। ਇਸ ਵਿੱਚ ਹਰਜ਼ ਵੀ ਕੀ ਹੈ। ਗੱਲ ਸਿਰਫ਼ ਐਨੀ ਹੈ ਕਿ ਉਸ ਨੂੰ ਦੁਨੀਆਂ ਨਾਲ ਹੀ ਨਫ਼ਰਤ ਹੋ ਗਈ ਹੈ। ਹੁਣ ਉਹ ਇਸ ਦੁਨੀਆਂ ਦਾ ਕੁਝ ਵੀ ਵੇਖਣਾ ਨਹੀਂ ਚਾਹੁੰਦਾ।

ਦਿਨ ਗੁਜ਼ਰਦੇ ਗਏ। ਹਰਬੰਸ ਨੇ ਇੱਕ ਦੋ ਵਾਰ ਕਿਸੇ ਗੱਲ ਤੇ ਸਰੀਤਾ ਨੂੰ ਥੋੜਾ ਝਿੜਕਿਆ ਜ਼ਰੂਰ ਪਰ ਇਸ ਤੋਂ ਵੱਧ ਕੁਝ ਨਹੀਂ। ਸਰੀਤਾ ਨੇ ਇਸ ਦਾ ਕੋਈ ਬੁਰਾ ਨਹੀਂ ਮਨਾਇਆ। ਸਰੀਤਾ ਉਸ ਦੇ ਕਮਰੇ 'ਚ ਜਾਂਦੀ ਤਾਂ ਹੁਣ ਹਰਬੰਸ ਅੱਗੋਂ ਬੋਲ ਕੇ ਪੁੱਛਦਾ "ਕੌਣ – ਸਰੀਤਾ?"

ਸਰੀਤਾ "ਹਾਂ।" ਵਿੱਚ ਜਵਾਬ ਦਿੰਦੀ ਤੇ ਚੁੱਪ ਹੋ ਜਾਂਦੀ। ਹੁਣ ਉਲਟਾ ਹਰਬੰਸ ਦੇ ਮਨ ਵਿੱਚ ਆਉਂਦਾ ਕਿ ਸਰੀਤਾ ਅੱਗੇ ਕੁਝ ਬੋਲਦੀ ਕਿਉਂ ਨਹੀਂ। ਉਹ ਚਾਹੁੰਦਾ ਸੀ ਸਰੀਤਾ ਉਸ ਨਾਲ ਕੋਈ ਗੱਲ ਕਰੇ। ਉਹ ਮਨ ਹੀ ਮਨ ਸਰੀਤਾ ਬਾਰੇ ਬਹੁਤ ਕੁਝ ਸੋਚਦਾ ਰਹਿੰਦਾ।

ਇੱਕ ਦਿਨ ਸਰੀਤਾ ਦੇ ਮਨ ਵਿੱਚ ਪਤਾ ਨਹੀਂ ਕੀ ਆਇਆ, ਉਹ ਹਰਬੰਸ ਦੇ ਕਮਰੇ ਵਿਚੋਂ ਗਿਟਾਰ ਚੁੱਕ ਲਿਆਈ। ਹਰਬੰਸ ਉਸ ਵਕਤ ਸੁੱਤਾ ਪਿਆ ਸੀ। ਉਹ ਆਪਣੇ ਕਮਰੇ ਵਿੱਚ ਆ ਕੇ ਬੈੱਡ 'ਤੇ ਬੈਠ ਗਈ। ਆਪਣੀਆਂ ਉਂਗਲੀਆਂ ਦੇ ਕੋਮਲ ਜਿਹੇ ਪੋਟਿਆਂ ਨਾਲ ਗਿਟਾਰ ਨੂੰ ਟੋਹਣ ਲੱਗੀ। ਉਸ ਨੂੰ ਵਜਾਉਣੀ ਤਾਂ ਨਹੀਂ ਸੀ ਆਉਂਦੀ, ਫਿਰ ਵੀ ਉਸ ਦਾ ਜੀਅ ਕੀਤਾ ਕਿ ਗਿਟਾਰ ਦੀਆਂ ਤਾਰਾਂ ਤੇ ਉਂਗਲਾ ਫੇਰੇ। ਕੋਈ ਮਿੱਠੀ ਜਿਹੀ ਆਵਾਜ਼ ਕਮਰੇ ਵਿੱਚ ਗੂੰਜੇ। ਫਿਰ ਉਸ ਨੇ ਸੋਚਿਆ ਕਿ ਹਰਬੰਸ ਦਾ ਪਤਾ ਨਹੀਂ ਕੀ ਰੀਐਕਸ਼ਨ ਹੋਵੇ। ਹੋ ਸਕਦੈ ਉਸ ਨੂੰ ਇਸ ਆਵਾਜ਼ ਨਾਲ ਵੀ ਨਫ਼ਰਤ ਹੋ ਗਈ ਹੋਵੇ ਤੇ ਉੱਠ ਕੇ ਰੌਲਾ ਹੀ ਪਾਉਣ ਲੱਗ ਪਵੇ। ਉਹ ਇਕ ਦਮ ਉੱਠੀ, ਹਰਬੰਸ ਦੇ ਕਮਰੇ ਵਿੱਚ ਗਈ ਤੇ ਗਿਟਾਰ ਵਾਪਿਸ ਰੱਖ ਦਿੱਤੀ। ਥੋੜਾ ਖੜਾਕ ਹੁੰਦੇ ਹੀ ਹਰਬੰਸ ਦੀ ਜਾਗ ਖੁੱਲ ਗਈ। ਉਹ ਇਕਦਮ ਉੱਠ ਕੇ ਬੈਠ ਗਿਆ ਤੇ ਚਿਲਾਇਆ, "ਕੌਣ ਹੈ ?"

"ਹੋ ਗਈ ਉਹੀ ਗੱਲ।" ਸਰੀਤਾ ਘਬਰਾ ਗਈ ਤੇ ਚੁੱਪ ਹੀ ਰਹੀ।

ਅੱਗੋਂ ਕੋਈ ਜਵਾਬ ਨਾ ਆਉਣ ਤੇ ਉਹ ਹੋਰ ਉੱਚੀ ਆਵਾਜ਼ 'ਚ ਬੋਲਿਆ, "ਮੈਂ ਪੁੱਛਦਾ ਹਾਂ ਕੌਣ ਹੈ?" ਉਹ ਫਿਰ ਵੀ ਚੁੱਪ ਚਾਪ ਸੁੰਗੜੀ ਜਿਹੀ ਕਮਰੇ ਦੇ ਇੱਕ ਕੋਨੇ ਵਿੱਚ ਖੜੀ ਹਰਬੰਸ ਵੱਲ ਵੇਖਦੀ ਰਹੀ।

ਉਹ ਬਿਸਤਰ ਤੋਂ ਉੱਠਿਆ, ਸਰ੍ਹਾਣੇ ਵਾਲੇ ਪਾਸੇ ਰੱਖੀ ਖੂੰਡੀ ਆਪਣੇ ਸੱਜੇ ਹੱਥ ਵਿੱਚ ਫੜੀ ਤੇ ਟੋਂਹਦਾ–ਟੋਂਹਦਾ ਕਮਰੇ ਦੇ ਦਰਵਾਜ਼ੇ ਤੱਕ ਗਿਆ। ਟੋਹ ਕੇ ਵੇਖਿਆ ਕਿ ਦਰਵਾਜ਼ਾ ਖੁੱਲ੍ਹਾ ਪਿਆ ਹੈ। ਸਾਉਣ ਵੇਲੇ ਉਹ ਦਰਵਾਜ਼ਾ ਢੋਅ ਕੇ ਪਿਆ ਸੀ। ਉਸ ਦਾ ਪਾਰਾ ਇਕਦਮ ਚੜ੍ਹ ਗਿਆ। ਉਹ ਜ਼ੋਰ–ਜ਼ੋਰ ਦੀ ਚਿਲਾਉਣ ਲੱਗਾ ਤੇ ਖੂੰਡੀ ਵੀ ਘੁਮਾਉਣ ਲੱਗਾ।

ਇਸ ਤੋਂ ਪਹਿਲਾਂ ਕਿ ਉਹ ਹੋਰ ਰੌਲਾ ਪਾਉਂਦਾ ਤੇ ਉਸ ਦੀ ਖੂੰਡੀ ਅੱਜ ਫੇਰ ਸਰੀਤਾ ਦੇ ਆ ਕੇ ਕਿਧਰੇ ਵੱਜਦੀ, ਸਰੀਤਾ ਦੇ ਸਰੀਰ ਵਿੱਚ ਇਕਦਮ ਅਕੜਾ ਆ ਗਿਆ। ਚਿਹਰਾ ਸਖ਼ਤ ਹੋ ਗਿਆ। ਉਹ ਝਟਕੇ ਨਾਲ ਆਪਣੀ ਜਗ੍ਹਾ ਤੋਂ ਹਿੱਲੀ ਤੇ ਪੂਰੇ ਰੋਅਬ ਨਾਲ ਬੋਲੀ। "ਮੈਂ ਹਾਂ ---- ਸਰੀਤਾ -- ਮੈਂ ਆਈ ਹਾਂ ਕਮਰੇ ਵਿੱਚ -- ਬੋਲੋ ਕੀ ਕਰਨਾ ਹੈ। ਕੀ ਚਾਹੁੰਦਾ ਹੈ ਤੂੰ --- ਜਾਨ ਲੈਣੀ ਹੈ ਮੇਰੀ ---- ਲੈ ਲੈ --- ਲੈ ਮਾਰ। ਜਦ ਤੇਰੀ ਆਪਣੀ ਜ਼ਮੀਰ ਤੇ ਆਤਮਾ ਮਰ ਚੁੱਕੀ, ਫਿਰ ਹੋਰਾਂ ਨੂੰ ਵੀ ਮਾਰੇਂਗਾ ਹੀ ---- ਹੋਰ ਕਰ ਵੀ ਕੀ ਸਕਦਾ ਹੈਂ। ਜਿੰਦਾ ਲਾਸ਼ ਬਣ ਕੇ ਜੀਅ ਰਿਹੈਂ ਤੂੰ। ਅੰਨੇ ਕਾਣੇ ਤਾਂ ਦੁਨੀਆਂ ਵਿੱਚ ਹੋਰ ਵੀ ਬਥੇਰੇ ਨੇ --- ਪਰ ਉਹ ਤੇਰੀ ਤਰ੍ਹਾਂ ਜਿੰਦਾ ਲਾਸ਼ ਨਹੀਂ ਹਨ।"

ਸਰੀਤਾ ਦਾ ਸਾਹ ਚੜ੍ਹਨ ਲੱਗ ਪਿਆ ਸੀ ਪਰ ਕਿਸੇ ਅਜੀਮ ਸ਼ਕਤੀ ਨੇ ਉਸ ਨੂੰ ਚੁੱਪ ਨਾ ਹੋਣ ਦਿੱਤਾ।

"ਦੌਲਤ ਦਾ ਹੰਕਾਰ ਹੈ ਨਾ ਤੈਨੂੰ --- ਇਸੇ ਲਈ ਰੋਅਬ ਝਾੜਦੈਂ। ਇਨਸਾਨ ਦੀ ਸੱਚੀ-ਸੁੱਚੀ ਦੌਲਤ ਉਸਦੀ ਜ਼ਮੀਰ ਹੁੰਦੀ ਹੈ ਜੋ ਹੁਣ ਤੇਰੇ ਪਾਸ ਹੈ ਨਹੀਂ --- ਜੋ ਮਰ ਚੁੱਕੀ ਹੈ। ਤੂੰ ਖ਼ੁਦ ਕਤਲ ਕੀਤਾ ਹੈ ਆਪਣੀ ਜ਼ਮੀਰ ਦਾ। ਤੂੰ --- ਤੂੰ ਕਾਤਲ ਹੈਂ।" ਸਾਹੋ–ਸਾਹ ਹੋਈ, ਜ਼ੋਰ–ਜ਼ੋਰ ਦੀ ਬੋਲਦੀ ਸਰੀਤਾ ਉਸ ਦੇ ਕਮਰੇ 'ਚੋਂ ਬਾਹਰ ਆ ਗਈ। ਬਾਹਰ ਆ ਕੇ ਉਹ ਆਪਣੇ ਆਪ ਤੇ ਹੈਰਾਨ ਵੀ ਹੋਈ।

ਹਰਬੰਸ ਵੀ ਹੱਕਾ-ਬੱਕਾ ਰਹਿ ਗਿਆ। ਉਸ ਅੱਗੇ ਕੋਈ ਇਸ ਤਰ੍ਹਾਂ ਵੀ ਬੋਲ ਸਕਦਾ ਹੈ, ਉਹ ਸੋਚ ਵੀ ਨਹੀਂ ਸੀ ਸਕਦਾ। ਉਹ ਸੁੰਨ ਹੋਇਆ ਖੜ੍ਹਾ ਸੀ। ਸਰੀਤਾ ਕਮਰੇ ਵਿੱਚੋਂ ਜਾ ਚੁੱਕੀ ਸੀ। ਪਰ ਉਸ ਦੀਆਂ ਕਹੀਆਂ ਗੱਲਾਂ ਅਜੇ ਵੀ ਉਸ ਦੇ ਕੰਨਾਂ ਵਿਚ ਗੂੰਜ ਰਹੀਆਂ ਸਨ। ਕਮਰੇ ਵਿੱਚ ਗੂੰਜ਼ ਰਹੀਆ ਸਨ।

"ਕੀ ਉਹ ਸੱਚ-ਮੱਚ ਇਕ ਜ਼ਿੰਦਾ ਲਾਸ਼ ਹੈ। ਕੀ ਉਸ ਨੇ ਆਪਣੀ ਆਤਮਾ ਅਤੇ ਜ਼ਮੀਰ ਦਾ ਕਤਲ ਕਰ ਦਿੱਤਾ ਹੈ। ਕੀ ਉਹ ਕਾਤਲ ਹੈ। ਹੈਂਅ ! ਮੈਂ ਕਾਤਲ।" ਇਕ-ਇਕ ਗੱਲ ਹਥੌੜੇ ਵਾਂਗ ਉਸ ਦੇ ਦਿਮਾਗ 'ਚ ਵੱਜਣ ਲੱਗੀ। ਹੁਣ ਉਹ ਆਪਣੇ ਬੈੱਡ ਤੇ ਬੈਠਾ ਸੀ ਤੇ ਦਿਮਾਗ ਅੰਦਰ ਕੋਈ ਕਸ਼ਮਕਸ਼ ਚੱਲ ਰਹੀ ਸੀ।

ਕੁਝ ਸਮੇਂ ਬਾਅਦ ਸਰੀਤਾ ਦੇ ਕਮਰੇ ਵਿੱਚੋਂ ਰਜਨੀ ਦੇਵੀ ਦੇ ਬੋਲਣ ਦੀ ਆਵਾਜ਼ ਆਈ, "ਸਰੀਤਾ ਬੇਟੀ, ਵੈਸੇ ਤਾਂ ਤੇਰੀ ਮਰਜ਼ੀ ਹੈ, ਪਰ ਚੰਗਾ ਹੁੰਦਾ ਤੂੰ ਕੱਲ੍ਹ ਸਵੇਰੇ ਚਲੀ ਜਾਂਦੀ। ਹੁਣ ਜਾਣ ਦਾ ਕੋਈ ਵੇਲਾ ਨਹੀਂ। ਤੈਨੂੰ ਰਸਤੇ ਵਿੱਚ ਹੀ ਰਾਤ ਪੈ ਜਾਏਗੀ। ਫਿਰ ਤੂੰ ਕੱਲੀ ਵੀ ਹੈਂ।"

"ਕੋਈ ਗੱਲ ਨਹੀਂ ਅੰਟੀ ਜੀ, ਬਹੁਤ ਬੱਸ ਸਰਵਿਸ ਹੈ। ਨਾਲੇ ਜਿੱਥੇ ਵੀ ਮੇਰੀ ਕਿਸਮਤ ਖਿੱਚ ਕੇ ਲੈ ਗਈ, ਮੈਂ ਚਲੀ ਜਾਵਾਂਗੀ। ਇੱਥੇ ਵੀ ਤਾਂ ਮੇਰੀ ਕਿਸਮਤ ਹੀ ਮੈਨੂੰ ਲੈ ਆਈ ਸੀ।"

ਸਰੀਤਾ ਸਮਝ ਗਈ ਕਿ ਮਰੀ ਜ਼ਮੀਰ ਤੇ ਆਤਮਾ ਨੂੰ ਵਾਪਸ ਜਗਾਉਣਾ ਸੌਖਾ ਕੰਮ ਨਹੀਂ। ਉਸ ਹਾਰ ਮੰਨ ਲਈ ਤੇ ਵਾਪਸ ਜਾਣ ਦੀ ਤਿਆਰੀ ਕਰ ਲਈ। ਸਮਾਨ ਬੰਨਿਆ ਜਾ ਚੁੱਕਾ ਸੀ। ਰਜਨੀ ਦੇਵੀ ਦਾ ਨੌਕਰ ਰਾਮੂ, ਸਰੀਤਾ ਦਾ ਸੂਟਕੇਸ ਚੁੱਕੀ ਪੌੜੀਆਂ 'ਚ ਹੇਠਾਂ ਉੱਤਰਨ ਲੱਗਾ ਸੀ। ਸਰੀਤਾ ਤੇ ਰਜਨੀ ਦੇਵੀ ਅਜੇ ਉੱਪਰ ਹੀ ਪੌੜੀਆਂ ਕੋਲ ਖੜੀਆਂ ਗੱਲਾਂ ਕਰ ਰਹੀਆਂ ਸਨ। ਲੌਬੀ ਦੇ ਦੂਸਰੇ ਪਾਸੇ ਕਮਰੇ ਵਿੱਚ ਬੈਠੇ ਹਰਬੰਸ ਨੂੰ ਸਭ ਕੁਝ ਸੁਣ ਰਿਹਾ ਸੀ।

ਇਸ ਤੋਂ ਪਹਿਲਾਂ ਕਿ ਸਰੀਤਾ ਤੇ ਰਜਨੀ ਦੇਵੀ ਪੌੜੀਆਂ ਉਤਰਨ ਲੱਗਦੀਆ, ਹਰਬੰਸ ਦੇ ਕਮਰੇ 'ਚੋਂ ਆਵਾਜ਼ ਆਈ, "ਸਰੀਤਾ।" ਹਰਬੰਸ ਬਹੁਤ ਉੱਚੀ ਆਵਾਜ਼ ਵਿੱਚ ਬੋਲਿਆ ਸੀ।

ਸਭ ਹੈਰਾਨ ਜਿਹੇ ਹੋ ਗਏ। ਸਰੀਤਾ ਤੇ ਰਜਨੀ ਦੇਵੀ ਹਰਬੰਸ ਦੇ ਕਮਰੇ ਵੱਲ ਵੇਖਣ ਲੱਗੀਆਂ। ਰਾਮੂ ਸੂਟਕੇਸ ਫੜੀਂ ਪੌੜੀਆਂ ਦੇ ਹੇਠਾਂ ਖੜ੍ਹਾ ਸੀ, ਸੂਟਕੇਸ ਉੱਥੇ ਛੱਡ ਉਹ ਵੀ ਉੱਪਰ ਆ ਗਿਆ। ਸਮਾਂ, ਜਿਵੇਂ ਇੱਕ ਵਾਰ ਰੁਕ ਗਿਆ ਹੋਵੇ। ਹੁਣ ਉਹ ਵੀ ਹਰਬੰਸ ਦੇ ਕਮਰੇ ਵੱਲ ਵੇਖ ਰਿਹਾ ਸੀ।

ਹਰਬੰਸ ਆਪਣੇ ਕਮਰੇ ਦੇ ਦਰਵਾਜ਼ੇ ਤੱਕ ਆ ਚੁੱਕਾ ਸੀ। ਉਹ ਦਰਵਾਜ਼ੇ ਦਾ ਇੱਕ ਪੱਲਾ ਫੜੀ ਖੜਾ ਸੀ। ਸਭ ਚੁੱਪ ਸਨ ਤੇ ਹਰਬੰਸ ਵੱਲ ਦੇਖ ਰਹੇ ਸਨ।

"ਸਰੀਤਾ ਮੈਂ ਤੇਰੇ ਨਾਲ ਇੱਕ ਗੱਲ ਕਰਨੀ ਹੈ।" ਇਸ ਵਾਰ ਹਰਬੰਸ ਦੀ ਆਵਾਜ਼ ਨਾ ਤਲਖ ਤੇ ਨਾ ਨਰਮ।

ਸਰੀਤਾ ਚੁੱਪ ਖੜ੍ਹੀ ਰਹੀ। ਰਜਨੀ ਦੇਵੀ ਨੇ ਬੋਲ ਕੇ ਦੱਸਿਆ ਕਿ ਸਰੀਤਾ ਜਾ ਰਹੀ ਹੈ। ਉਸ ਨੇ ਬੱਸ ਫੜਨੀ ਹੈ। ਉਸ ਨੂੰ ਹੋਰ ਲੇਟ ਕਰਨਾ ਠੀਕ ਨਹੀਂ।

ਹਰਬੰਸ ਖਿਝ ਗਿਆ। ਉਹ ਹੋਰ ਉੱਚੀ ਸੁਰ ਵਿੱਚ ਬੋਲਿਆ, "ਬੱਸਾਂ ਤਾਂ ਰੋਜ਼ ਜਾਂਦੀਆਂ ਹਨ, ਕੱਲ੍ਹ ਨੂੰ ਵੀ ਜਾਣਗੀਆਂ। ਇਹ ਤਾਂ ਜਾਂਦੀਆ ਹੀ ਰਹਿਣਗੀਆਂ। ਅੱਜ ਤੋਂ ਬਾਅਦ ਮੈਂ ਇਸ ਨਾਲ ਕਿਵੇਂ ਗੱਲ ਕਰਾਂਗਾ। ਸਭ ਆਪਣੀ ਮਰਜ਼ੀ ਕਰਦੇ ਹਨ। ਆਪ ਹੀ ਫੈਸਲੇ ਕਰਦੇ ਹਨ ਤੇ ਤੁਰਦੇ ਬਣਦੇ ਹਨ। ਕਿਸੇ ਨੂੰ ਮੇਰੀ ਫ਼ਿਕਰ ਨਹੀਂ। ਮੇਰਾ ਗੱਲ ਕਰਨਾ ਬਹੁਤ ਜ਼ਰੂਰੀ ਹੈ। ਸਰੀਤਾ ਮੇਰੀ ਗੱਲ ਸੁਣੇ ਬਿਨਾਂ ਨਹੀਂ ਜਾ ਸਕਦੀ।"

ਇਕਦਮ ਸੰਨਾਟਾ ਜਿਹਾ ਛਾ ਗਿਆ। 'ਸਭ ਆਪਣੀ ਮਰਜੀ ਕਰਦੇ ਹਨ, ਆਪ ਹੀ ਫੈਸਲੇ ਕਰਦੇ ਹਨ ਤੇ ਤੁਰਦੇ ਬਣਦੇ ਹਨ' ਇਹ ਸ਼ਬਦ ਕੱਚ ਦੇ ਟੁਕੜਿਆਂ ਵਾਂਗ ਰਜਨੀ ਦੇਵੀ ਦੇ ਮੱਥੇ ਵਿੱਚ ਵੱਜੇ। ਉਹ ਜਾਣਦੀ ਸੀ ਤੇ ਸਮਝ ਵੀ ਗਈ ਕਿ ਹਰਬੰਸ ਨੇ ਇਹ ਸ਼ਬਦ ਪ੍ਰੀਤੀ ਲਈ ਵਰਤੇ ਹਨ, ਪਰ ਹੈਰਾਨ ਸੀ ਸਰੀਤਾ ਲਈ ਕਿਉਂ? ਕੁਝ ਸਮਝ ਨਹੀਂ ਸੀ ਆ ਰਿਹਾ।

ਸਰੀਤਾ ਨੇ ਬਿਨਾਂ ਕੁਝ ਬੋਲੇ ਹਰਬੰਸ ਦੇ ਕਮਰੇ ਵੱਲ ਕਦਮ ਪੁੱਟੇ। ਦਰਵਾਜ਼ੇ ਕੋਲ ਜਾ ਕੇ ਉਹ ਉਸ ਦੇ ਸਾਹਮਣੇ ਖੜ੍ਹੀ ਹੋ ਗਈ ਤੇ ਕੁਝ ਪਲ ਚੁੱਪ ਖੜੀ ਰਹੀ। ਫਿਰ ਉਹ ਖਿੱਝ ਕੇ ਤੇ ਗੁੱਸੇ ਵਿੱਚ ਬੋਲੀ, "ਕੀ ਆਪ ਫੈਸਲੇ ਕਰਦੇ ਹਨ, ਤੂੰ ਕਿਸੇ ਦੀ ਕੁਝ ਸੁਣਦਾ ਵੀ ਹੈਂ। ਦੱਸ ਤੂੰ ਕਿਹੜਾ ਫੈਸਲਾ ਸੁਣਾਉਣਾ ਹੈ। ਬੁਰਾ ਭਲਾ ਕਹਿਣ ਵਿੱਚ ਕੋਈ ਕਸਰ ਬਾਕੀ ਰਹਿ ਗਈ ਉਹ ਵੀ ਪੂਰੀ ਕਰ ਲੈ।" ਉਹ ਇਸ ਤਰ੍ਹਾਂ ਬੋਲ ਰਹੀ ਸੀ ਜਿਵੇਂ ਸਰੀਤਾ ਵਿੱਚ ਕੋਈ ਓਪਰੀ ਸ਼ੈਅ ਆ ਗਈ ਹੋਵੇ।

ਸਰੀਤਾ ਦੇ ਬੋਲ ਸੁਣ, ਰਾਮੂ ਤੇ ਰਜਨੀ ਦੇਵੀ ਆਪਣੀ-ਆਪਣੀ ਜਗ੍ਹਾ ਠਠੰਬਰੇ ਖੜ੍ਹੇ ਸਨ ਤੇ ਹੈਰਾਨ ਵੀ। ਹਰਬੰਸ ਚੁੱਪ ਖੜਾ ਰਿਹਾ, ਕੁਝ ਨਾ ਬੋਲਿਆ।

ਸਰੀਤਾ ਨੂੰ ਪ੍ਰੇਸ਼ਾਨੀ ਹੋਈ ਕਿ ਇਹ ਹੁਣ ਬੋਲ ਕਿਉਂ ਨਹੀਂ ਰਿਹਾ। ਸਮਝ ਨਹੀਂ ਸੀ ਆ ਰਿਹਾ ਹੁਣ ਅੱਗੇ ਕੀ ਬੋਲੇ। ਚੁੱਪ ਖੜੇ ਹਰਬੰਸ ਨੂੰ ਵੇਖ ਅੰਦਰ ਹੀ ਅੰਦਰ ਉਸ ਨੂੰ ਕੁਝ ਮਹਿਸੂਸ ਹੋਇਆ। ਉਸ ਦੇ ਦਿਲ ਨੂੰ ਕੁਝ ਹੋਣ ਲੱਗਾ। ਅਜੀਬ ਹਾਲਤ ਸੀ। ਉਸ ਨੂੰ ਤਾਂ ਉਮੀਦ ਸੀ ਹਰਬੰਸ ਹੋਰ ਉੱਚੀ ਬੋਲ ਕੇ ਜਵਾਬ ਦੇਵੇਗਾ ਪਰ ਹਰਬੰਸ ਚੁੱਪ ਸੀ। ਸਰੀਤਾ ਤਾਂ ਲੜਨ ਦੇ ਮੂਡ 'ਚ ਸੀ ਪਰ ਹਰਬੰਸ ਦੀ ਚੁੱਪ ਅੱਗੇ ਉਸ ਨੂੰ ਆਪਣੀ ਹਿੰਮਤ ਹਾਰਦੀ ਮਹਿਸੂਸ ਹੋਈ। ਇਹ ਉਸ ਨੂੰ ਕੀ ਹੋ ਰਿਹਾ ਸੀ। ਹਰਬੰਸ ਨੇ ਚੁੱਪ ਵਾਲਾ ਇਹ ਕੈਸਾ ਅਸਤਰ ਬਾਣ ਛੱਡ ਦਿੱਤਾ। ਇੱਕ ਦਮ ਸੰਨਾਟਾ ਜਿਹਾ ਛਾਇਆ ਹੋਇਆ, ਸਭ ਚੁੱਪ।

"ਹੁਣ ਕੁਝ ਬੋਲੋ ਵੀ?" ਇਸ ਵਾਰ ਸਰੀਤਾ ਦੀ ਅਵਾਜ਼ ਭਿੱਜੀ ਬਿੱਲੀ ਵਰਗੀ ਹੋ ਗਈ।

ਹਰਬੰਸ ਨੇ ਆਪਣਾ ਖੱਬਾ ਹੱਥ ਹੌਲੀ-ਹੌਲੀ ਅੱਗੇ ਨੂੰ ਵਧਾਇਆ ਤੇ ਟੋਹ ਕੇ ਆਪਣਾ ਹੱਥ ਸਰੀਤਾ ਦੇ ਮੋਢੇ ਤੇ ਰੱਖ ਦਿੱਤਾ। ਪੋਲੇ ਜਿਹੇ ਸ਼ਬਦ ਉਸ ਦੇ ਮੂੰਹੋਂ ਨਿਕਲੇ, "ਇਹ ਮੇਰੀ ਬਦਕਿਸਮਤੀ ਹੈ ਕਿ ਅੱਖਾਂ ਗਵਾ ਕੇ ਮੈਨੂੰ ਜਾਗ ਆਈ। ਮੇਰੀਆਂ ਤਾਂ ਅੱਖਾਂ ਹੁਣ ਖੁੱਲੀਆਂ ਹਨ। ਹੋ ਸਕੇ ਤਾਂ ਮੈਨੂੰ ਮਾਫ਼ ਕਰ ਦੇਣਾ।"

ਕਿਸੇ ਨੂੰ ਵੀ ਇਹਨਾਂ ਸ਼ਬਦਾਂ ਦੀ ਉਮੀਦ ਨਹੀਂ ਸੀ। ਇਹ ਸ਼ਬਦ ਸੁਣ ਸਾਰੇ ਹੀ ਸੁੰਨ ਹੋ ਗਏ। ਰਜਨੀ ਦੇਵੀ ਦੀਆਂ ਅੱਖਾਂ ਸਿੱਲੀਆਂ ਹੋ ਗਈਆਂ। ਸਰੀਤਾ ਇਹ ਸ਼ਬਦ ਸੁਣ ਕੇ ਬਰਫ ਦੀ ਸਿੱਲ ਵਾਂਗ ਪਿਘਲਣ ਲੱਗੀ। ਸਰੀਰ ਬੇਜ਼ਾਨ ਹੁੰਦਾ ਜਾਪਿਆ। ਮੁਸ਼ਕਲ ਨਾਲ ਐਨਾ ਕੁ ਬੋਲ ਸਕੀ, "ਮੈਨੂੰ ਤੁਹਾਡੇ ਨਾਲ ਕੋਈ ਸ਼ਿਕਾਇਤ ਨਹੀਂ।" ਹੁਣ ਉਸ ਨੇ 'ਤੁਹਾਡੇ' ਸ਼ਬਦ ਵਰਤਿਆ।

ਹਰਬੰਸ ਦਾ ਹੱਥ ਅਜੇ ਵੀ ਸਰੀਤਾ ਦੇ ਮੋਢੇ ਉੱਪਰ ਟਿਕਿਆ ਹੋਇਆ ਸੀ, "ਸਰੀਤਾ - ਮੇਰੀ ਜ਼ਮੀਰ ਤੇ ਆਤਮਾ ਮਰ ਗਈ ਹੈ। ਚੰਗਾ ਹੁੰਦਾ ਮੈਂ ਸਰੀਰਕ ਤੌਰ ਤੇ ਹੀ ਮਰ ਜਾਂਦਾ ਪਰ ਮੈਂ ਤਾਂ ਅਜੇ ਜ਼ਿੰਦਾ ਹਾਂ। ਦੱਸ ਹੁਣ ਇਸ ਸਰੀਰ ਦਾ ਕੀ ਕਰਾਂ, ਕਿੱਧਰ ਜਾਵਾਂ।" ਇਸ ਤਰਾਂ ਦੇ ਬੋਲ ਸੁਣ ਸਭ ਦੀਆਂ ਅੱਖਾਂ ਹੀ ਭਰ ਆਈਆਂ।

ਹਰਬੰਸ ਹੀ ਫਿਰ ਬੋਲਿਆ, "ਸਰੀਤਾ ਅਗਰ ਤੂੰ ਸੱਚ ਬੋਲਿਆ ਹੈ ਕਿ ਤੈਨੂੰ ਮੇਰੇ ਨਾਲ ਕੋਈ ਸ਼ਿਕਾਇਤ ਨਹੀਂ, ਫਿਰ ਇਸ ਜ਼ਿੰਦਾ ਲਾਸ਼ ਨੂੰ ਛੱਡ ਕੇ ਨਾ ਜਾਹ। ਤੇਰੀ ਜ਼ਰੂਰਤ ਹੈ ਇਸ ਜ਼ਿੰਦਾ ਲਾਸ਼ ਨੂੰ।"

ਸਰੀਤਾ ਦਾ ਸਰੀਰ ਹੋਰ ਸੁੰਨ ਹੋਣ ਲੱਗ ਪਿਆ। ਗਲ ਵਿੱਚ ਕੋਈ ਲੰਪ ਜਿਹਾ ਬਣ ਗਿਆ ਤੇ ਉਹ ਕੁਝ ਵੀ ਨਾ ਬੋਲ ਸਕੀ। ਅਚਾਨਕ ਅੱਖਾਂ ਦੇ ਕੋਇਆ ਵਿੱਚ ਰੁਕੇ ਹੰਝੂ ਵੀ ਬਾਹਰ ਆ ਗਏ।

ਕੋਈ ਕੁਝ ਵੀ ਨਹੀਂ ਸੀ ਬੋਲ ਰਿਹਾ। ਹਰਬੰਸ ਨੇ ਆਪਣਾ ਹੱਥ ਹੋਰ ਠੀਕ ਕਰ ਕੇ ਸਰੀਤਾ ਦੇ ਮੋਢੇ ਤੇ ਇਸ ਤਰ੍ਹਾਂ

ਟਿਕਾ ਲਿਆ ਜਿਵੇਂ ਹੁਣ ਸਰੀਤਾ ਦੇ ਸਹਾਰੇ ਨਾਲ ਤੁਰਨਾ ਚਾਹੁੰਦਾ ਹੋਵੇ। ਜਿਵੇਂ ਇਸ ਸਹਾਰੇ ਨੂੰ ਕਦੇ ਵੀ ਗਵਾਉਣਾ ਨਾ ਚਾਹੁੰਦਾ ਹੋਵੇ। ਉਹ ਬਿਲਕੁਲ ਹੀ ਧੀਮੀ ਅਵਾਜ਼ 'ਚ ਫਿਰ ਬੋਲਿਆ, "ਸਰੀਤਾ - ਚੱਲ ਅੰਦਰ ਚੱਲ। ਮੈਂ ਤੇਰੇ ਨਾਲ ਗੱਲਾਂ ਕਰਨਾ ਚਾਹੁੰਦਾ ਹਾਂ, ਬਹੁਤ ਸਾਰੀਆਂ ਗੱਲਾਂ।"

ਗੁੰਮ ਜਿਹੀ ਖੜੀ ਸਰੀਤਾ ਦਾ ਪੂਰਾ ਸਰੀਰ ਹੀ ਜਿਵੇਂ ਕੀਲਿਆ ਗਿਆ। ਉਹ ਚੁੱਪਚਾਪ ਅੱਗੇ-ਅੱਗੇ ਤੁਰ ਪਈ। ਸਰੀਤਾ ਦਾ ਸਹਾਰਾ ਲੈ ਹਰਬੰਸ ਪਿੱਛੇ ਪਿੱਛੇ ਤੁਰ ਰਿਹਾ ਸੀ।

**79738-00262**

## ਦੋ ਕਵਿਤਾਵਾਂ / ਹਰਪ੍ਰੀਤ ਸਿੰਘ ਰਾਣਾ



### ਉਹ

ਪਤਾ ਹੀ ਨਹੀਂ ਲੱਗਾ
ਕਦੋਂ ਉਹ ਉਸਦੇ ਦਿਲ
ਵਿਚ ਸਦੀਵੀ ਵੱਸ ਗਈ
ਮਨ ਵਿਚ ਕਰ ਗਈ ਘੁਸਪੈਠ
ਉਹ ਜਿੰਨਾਂ ਉਸਦੇ ਨੇੜੇ
ਹੋਣ ਦਾ ਕਰਦਾ ਯਤਨ
ਪਤਾ ਨਹੀਂ ਕਿਉਂ ਉਹ
ਦੂਰ ਹੋ ਜਾਂਦੀ
ਤੇ ਉਹ ਮੱਕੜਜਾਲ੍ਹੇ ਵਿਚ
ਫਸਦਾ ਹੀ ਜਾ ਰਿਹਾ
ਤੜਫ਼ ਰਿਹਾ ਉਸ ਲਈ
ਤੇ ਉਹ ਦੂਰ ਬੈਠੀ
ਹੱਸ ਰਹੀ ਉਸ ਉੱਤੇ
ਸ਼ਾਇਦ ਉਹ ਉਸ ਲਈ
ਸੁਹਜ ਸੁਆਦ ਮਾਣਨ ਦਾ
ਕੇਵਲ ਇਕ ਜ਼ਰੀਆ ਹੈ।

### ਭਲਾਈ

ਸਾਨੂੰ ਸਭ ਨੂੰ
ਸਮਾਜ ਦੀ ਭਲਾਈ ਲਈ
ਕਾਰਜ ਕਰਨਾ ਚਾਹੀਦਾ
ਸੇਵਾਮੁਕਤ ਉੱਚ ਅਧਿਕਾਰੀ ਬੋਲਿਆ

ਪਰ ਜਦੋਂ ਆਹੁਦੇ ਤੇ ਸੀ
ਉਦੋਂ ਕੀ ਕੀਤਾ ?
ਉਦੋਂ ਮੈਂ ਮਸ਼ਰੂਫ ਸਾਂ
ਸਮਾਂ ਹੀ ਨਹੀਂ ਮਿਲਿਆ।

## ਮਿੰਨੀ ਕਹਾਣੀਆਂ / ਸੁਖਮਿੰਦਰ ਸੇਖੋਂ

### ਤਿਆਗ

ਪੜ੍ਹ ਲਿਖਕੇ ਵੀ ਰੁਪਿੰਦਰ ਨੂੰ ਨੌਕਰੀ ਨਹੀਂ ਸੀ ਮਿਲ ਰਹੀ। ਉਹ ਬਹੁਤ ਹੀ ਘੱਟ ਤਨਖਾਹ 'ਤੇ ਇੱਕ ਪ੍ਰਾਈਵੇਟ ਫਰਮ ਵਿੱਚ ਨੌਕਰੀ ਕਰਨ ਲੱਗਾ ਸੀ। ਉਸਦੀ ਮਾਂ ਏਨੇ ਨਾਲ ਹੀ ਖੁਸ਼ ਹੋਣ ਲੱਗੀ, ਰੂਪੀ ਪੁੱਤ! ਨਾਂਹ ਨਾ ਕਰੀਂ ਹੁਣ ਮੈਂ ਤੇਰਾ ਜਲਦੀ ਹੀ ਵਿਆਹ ਕਰ ਦੇਣੈ!

ਗਰੀਬ ਤੇ ਬੀਮਾਰ ਮਾਂ ਨੂੰ ਉਹ ਹਮੇਸ਼ਾ ਟਾਲਦਾ ਆਇਆ ਸੀ। ਪਰ ਅਖੀਰ ਉਸ ਹਾਂਅ ਕਰ ਹੀ ਦਿੱਤੀ। ਮਾਂ ਨੇ ਉਸਦਾ ਸਿਰ ਪਲੋਸਦਿਆਂ ਆਸ਼ੀਰਵਾਦ ਦਿੱਤਾ।

-ਪਰ ਮੇਰੀ ਵੀ ਇੱਕ ਸ਼ਰਤ ਐ--?

-ਮੈਨੂੰ ਤੇਰੀਆਂ ਸਾਰੀਆਂ ਸ਼ਰਤਾਂ ਮਨਜ਼ੂਰ! ਇੱਕ ਮਾਂ ਬੇਪ੍ਰਵਾਹੀ ਨਾਲ ਬੋਲ ਉਠੀ।

-ਮੈਨੂੰ ਤੇਰੇ ਘਰ ਦਾ ਤਿਆਗ ਕਰਨਾ ਪਊ--? ਰੁਪਿੰਦਰ ਨੇ ਇੱਕ ਸਵਾਲ ਖੜ੍ਹਾ ਕਰ ਦਿੱਤਾ।

ਪੁੱਤ! ਬੌਅਤੀਆਂ ਬੁਝਾਰਤਾਂ ਨਾ ਪਾ--ਸਿੱਧੀ ਗੱਲ ਕਰ!

-ਦਰਅਸਲ ਮਾਂ, ਅਨੁਪਮਾ ਦੇ ਪੇਰੈਂਟਸ ਨੇ ਉਸ ਨਾਲ ਮੈਰਿਜ ਕਰਵਾਉਣ ਦੀ ਇਸ ਸ਼ਰਤ 'ਤੇ ਇਜ਼ਾਜਤ ਦਿੱਤੀ ਐ ਕਿ ਮੈਨੂੰ ਉਨ੍ਹਾਂ ਦਾ ਘਰ ਜਵਾਈ ਬਣਕੇ ਰਹਿਣਾ ਪਵੇਗਾ--?

ਹੁਣ ਇੱਕ ਵਿਧਵਾ ਇਸ ਡਾਹਢੇ ਹੀ ਔਖੇ ਸਵਾਲ ਦਾ ਕੀ ਉੱਤਰ ਦਿੰਦੀ! ਅਖੀਰ ਉਹ ਏਨਾ ਕਹਿਕੇ ਇਕਦਮ ਚੁੱਪ ਕਰ ਗਈ, ਤੇਰੀ ਖੁਸ਼ੀ 'ਚ ਈ ਮੇਰੀ ਖੁਸ਼ੀ ਐ--?

### ਮੁਆਵਜ਼ਾ

ਇਸ ਸਾਲ ਜ਼ਿਆਦਾ ਵਰਖਾ ਹੋਈ। ਸ਼ਹਿਰ ਦੇ ਘਰਾਂ,ਗਲੀਆਂ,ਮੁਹੱਲਿਆਂ ਵਿੱਚ ਕਈ-ਕਈ ਫੁੱਟ ਪਾਣੀ ਭਰ ਆਇਆ। ਲੱਖਾਂ ਦੀ ਸੰਪਤੀ ਨਸ਼ਟ ਹੋ ਗਈ ਤੇ ਕਿੰਨੇ ਹੀ ਪਸ਼ੂ ਪੰਛੀ ਵੀ ਮਾਰੇ ਗਏ । ਜਿੱਥੇ ਰੈੱਡ ਕਰਾਸ ਤੇ ਹੋਰ ਸੰਸਥਾਵਾਂ ਵੱਲੋਂ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਸੀ ਉਥੇ ਮੁੱਖ ਮੰਤਰੀ ਨੇ ਹੈਲੀਕਾਪਟਰ ਰਾਹੀਂ ਇਲਾਕੇ ਦਾ ਮੁਆਇਨਾ ਕਰਨ ਉਪਰੰਤ ਐਲਾਨ ਵੀ ਕਰ ਦਿੱਤਾ--ਹੜ੍ਹਾਂ ਦੌਰਾਨ ਮਰਨ ਵਾਲੇ ਹਰ ਪਰਿਵਾਰ ਨੂੰ ਸਰਕਾਰ ਵੱਲੋਂ ਲੱਖ-ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ--।

ਜਦੋਂ ਉਸ ਗਰੀਬ ਔਰਤ ਦੇ ਨਿੱਕੇ ਪੁੱਤਰ ਨੇ ਇਹ ਐਲਾਨ ਸੁਣਿਆ ਤਾਂ ਉਸ ਆਪਣੀ ਮਾਂ ਨੂੰ ਪੁਛਿਆ--ਮਾਂ ! ਕੀ ਹੜ੍ਹ ਨਾਲ ਮਾਰੇ ਗਏ ਸਾਰੇ ਪਰਵਾਰਾਂ ਨੂੰ ਸਰਕਾਰ ਐਨੇ ਪੈਸੇ ਦੇਵੇਗੀ!?

- ਹਾਂਅ! ਬੇਟੇ ਹਾਂ --ਮਰਨ ਵਾਲਿਆਂ ਨੂੰ ਸਰਕਾਰ ਪੈਸੇ ਦੇਵੇਗੀ--ਮੁਆਵਜ਼ਾ!

-ਤਾਂ ਮਾਂ-? --ਮੈਂ ਇਸ ਪਾਣੀ ਵਿੱਚ ਡੁੱਬ ਜਾਂਦਾ ਹਾਂ!--

### ਕਿਰਦਾਰ

ਹਮੇਸ਼ਾ ਵਾਂਗ ਉਹ ਸਵੇਰੇ ਤਿੰਨ ਵਜੇ ਉਠਿਆ। ਇਸ਼ਨਾਨ ਕਰਕੇ ਧਰਮ ਅਸਥਾਨ 'ਤੇ ਗਿਆ। ਦਸ ਰੁਪੈ ਦਾ ਮੱਥਾ ਟੇਕਿਆ ਤੇ ਰਗੜਿਆ। ਬੋਲਿਆ-ਹੇ ਪਰਮਾਤਮਾ! ਮਨ ਦੀਆਂ ਮੁਰਾਦਾਂ ਪੂਰੀਆਂ ਕਰੀਂ।

ਘਰ ਪਰਤਿਆ। ਰਾਤ ਦੇ ਬਚੇ ਹੋਏ ਮੀਟ ਨਾਲ ਨਾਸ਼ਤਾ ਕੀਤਾ। ਵਧੀਆ ਪਰੈਸ ਕੀਤਾ ਸੂਟ ਪਾਇਆ ਅਤੇ ਨਵਾਂ ਮੋਟਰਸਾਈਕਲ ਲੈ ਕੇ ਦਫਤਰ ਡੇਢ ਘੰਟਾ ਲੇਟ ਪਹੁਚਿਆ। ਦਫਤਰ ਦੇ ਮੁਖੀ ਨੂੰ ਹੱਥ ਜੋੜਕੇ ਪੂਰੇ ਅਦਬ ਨਾਲ ਸਲਾਮ ਕੀਤੀ ਤੇ ਆਪਣੀ ਕੁਰਸੀ 'ਤੇ ਆ ਕੇ ਬੈਠ ਗਿਆ । ਅਲਮਾਰੀ ਵਿੱਚੋਂ ਫਾਈਲਾਂ ਕੱਢਕੇ ਉਸ ਇੱਕ ਫਾਈਲ ਦੇ ਵਰਕੇ ਉਲਟਾਉਣੇ ਆਰੰਭ ਕੀਤੇ। ਮੋਬਾਇਲ ਮਿਲਾਇਆ--ਆ ਜਾਓ ਸਰਦਾਰ ਸਾਬ! ਤੁਹਾਡਾ ਕੇਸ ਮੈਂ ਸਟੱਡੀ ਕਰ ਲਿਐ। --ਹਾਂਅ! ਉਹ ਗੱਲ ਮੈ ਤੁਹਾਨੂੰ ਪਹਿਲਾਂ ਈ ਸਮਝਾ ਦਿੱਤੀ ਸੀ--ਪੰਜ ਪਹਿਲਾਂ, ਪੰਜ ਬਾਅਦ 'ਚ--ਸਾਡੇ ਵੀ ਕੁਛ ਅਸੂਲ ਨੇ ਸਰਦਾਰ ਬਹਾਦਰ! ਠੀਕੈ ਜੀ,ਓਕੇ!

### ਢਕਿਆ ਭਾਂਡਾ

ਲੋਕਾਂ ਦੇ ਭਾਂਡੇ ਮਾਂਜਣ ਤੇ ਸਫਾਈਆਂ ਕਰਕੇ ਆਪਣਾ ਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨ ਵਾਲੀ ਰਾਧਾ ਨੂੰ ਇੱਕ ਘਰ ਦੇ ਬਾਬੂ ਨੇ ਮੌਕਾ ਤਾੜਕੇ ਭਾਂਡੇ ਮਾਂਜਦੀ ਨੂੰ ਪਿੱਛਿਓਂ ਪਕੜ ਲਿਆ। ਰਾਧਾ ਨੇ ਵਿਰੋਧ ਕੀਤਾ ਪਰ ਬਾਬੂ ਨੇ ਏਨਾ ਕਹਿਕੇ ਚੁੱਪ ਕਰਾਉਣ ਦੀ ਕੋਸ੍ਹਿਸ਼ ਕੀਤੀ,ਦੇਖ! ਇਸ ਕੰਮ ਲਈ ਮੈਂ ਤੈਨੂੰ ਐਕਸਟਰਾ ਪੈਸੇ ਦਿਆ ਕਰੂੰਗਾ--

ਰਾਧਾ ਦੀ ਚੁੱਪ ਨੂੰ ਬਾਬੂ ਨੇ 'ਹਾਂਅ' ਸਮਝਦਿਆਂ ਉਸਦੇ ਮੂੰਹ ਕੋਲ ਆਪਣਾ ਮੂੰਹ ਲਿਜਾਣਾ ਚਾਹਿਆ ਤਾਂ ਰਾਧਾ ਨੇ ਇੱਕ ਵੱਡਾ ਸਵਾਲ ਖੜ੍ਹਾ ਕਰ ਦਿੱਤਾ, ਇਵੇਂ ਤਾਂ ਸਾਡੇ ਘਰ ਦੀ ਇਨਕਮ ਡਬਲ ਹੋ ਜਾਵੇਗੀ!

-ਕੀ--ਅ--ਈ--ਉਹ ਕਿਮੇਂ--? ਬਾਬੂ ਇਕਦਮ ਰੁਕਿਆ ਤੇ ਉਸਦੇ ਮੱਥੇ 'ਤੇ ਤਿਊੜੀਆਂ ਉਭਰ ਆਈਆਂ।

-ਉਹ ਇਸਤਰ੍ਹਾਂ ਅੰਕਲ, ਜਦੋਂ ਤੁਸੀਂ ਦਫਤਰ ਚਲੇ ਜਾਂਦੇ ਹੋ ਤਾਂ ਮੇਰੇ ਘਰਵਾਲੇ ਨੂੰ ਬੀਬੀ ਜੀ ਘਰ ਬੁਲਾ ਲੈਂਦੇ ਨੇ--।

ਰਾਧਾ ਕਹਿੰਦੇ-ਕਹਿੰਦੇ ਇੱਕ ਪਲ ਰੁਕੀ ਤੇ ਫੇਰ ਇਕਦਮ ਬੋਲ ਪਈ,ਉਹ ਵੀ ਤਾਂ ਮਾਤਾ ਪ੍ਰਸਾਦ ਨੂੰ ਐਕਸਟਰਾ ਕੰਮ ਦੀ ਅਲਗ ਤੋਂ ਪੇਮੈਂਟ ਕਰਦੇ ਨੇ--?

ਹੁਣ ਬਾਬੂ ਨੂੰ ਆਪਣੇ ਪੈਰਾਂ ਥੱਲਿਓਂ ਜ਼ਮੀਨ ਖਿਸਕਦੀ ਜਾਪਣ ਲੱਗੀ ਸੀ।

**98145-07693**

## ਗ਼ਜ਼ਲਾਂ / ਕੁਲਜੀਤ ਕੌਰ ਮੰਡ



### ਗ਼ਜ਼ਲ

ਰੋਵਾਂ, ਹੱਸਾਂ ਜਾਂ ਮੁਸਕਾਵਾਂ ਤੈਨੂੰ ਕੀ?
ਦੱਸਾਂ ਜਾਂ ਮੈਂ ਗੱਲ ਛੁਪਾਵਾਂ ਤੈਨੂੰ ਕੀ?

ਦੁੱਖ ਬਥੇਰਾ ਹੁੰਦੈ, ਖ਼ੁੱਸੇ ਟੁੱਕਰ ਦਾ,
ਕੋਠੇ ਚੜ੍ਹ ਕੇ ਰੌਲਾ ਪਾਵਾਂ, ਤੈਨੂੰ ਕੀ ?

ਇੱਕੋ ਰੰਗ ਦਾ ਹਾਮੀ ਹੋਇਆ ਫਿਰਦਾ ਏਂ,
ਜੇ ਮੈਂ ਸੱਤੇ ਰੰਗ ਰੰਗਾਵਾਂ, ਤੈਨੂੰ ਕੀ ?

ਪੱਛੋਂ ਦੀ 'ਨ੍ਹੇਰੀ ਤੋਂ ਦੀਪ ਬਚਾਇਆ ਜੋ,
ਘਰ ਦੇ ਮਸਤਕ ਬੋਚ ਟਿਕਾਵਾਂ, ਤੈਨੂੰ ਕੀ ?

ਤਿਤਲੀ ਦੇ ਖੰਭਾਂ ਤੋਂ ਭਾਰ ਹਟਾ ਕੇ ਮੈਂ,
ਮੁੜ ਉੱਡਣ ਦੀ ਜਾਚ ਸਿਖਾਵਾਂ, ਤੈਨੂੰ ਕੀ ?

ਜੀਵਤ ਨਾਲ਼ ਨਿਭਾਉਂਦੇ ਸਾਰੇ ਲੋਕੀਂ ਨੇ,
ਮੋਇਆਂ ਦੀ ਜੇ ਖ਼ੈਰ ਮਨਾਵਾਂ, ਤੈਨੂੰ ਕੀ ?

'ਵਾ 'ਤੇ ਵੀ ਮੈਂ ਅੱਖਰਕਾਰੀ ਕੀਤੀ ਹੈ,
ਪਾਣੀ 'ਤੇ ਤਸਵੀਰ ਬਣਾਵਾਂ, ਤੈਨੂੰ ਕੀ ?

ਅਪਣੇ ਹਿੱਸੇ ਦੀ ਧਰਤੀ ਮੈਂ ਝਾੜ ਲਈ,
ਅੰਬਰ ਨੂੰ ਜੇ ਝਾੜ ਵਿਛਾਵਾਂ, ਤੈਨੂੰ ਕੀ ?

### ਗ਼ਜ਼ਲ

ਸਿਸਕੀ, ਹਉਕੇ ਜਾਂ ਰੁਕਦੇ ਸਾਹ ਵਰਗਾ ਹੈ।
ਮੇਰੇ ਗਲ ਵਿਚ ਕੁਝ ਨਾ ਕੁਝ ਫਾਹ ਵਰਗਾ ਹੈ।

ਵੇਖ ਜ਼ਮਾਨੇ ! ਤੇਰੇ ਡਰ ਤੋਂ ਦੱਬ ਲਿਆ,
ਉਂਵ ਮੇਰੇ ਅੰਦਰ ਵੀ ਕੁਝ ਚਾਅ ਵਰਗਾ ਹੈ।

ਤਖ਼ਤ ਤੇਰੇ ਦੇ ਪਾਵੇ ਤਾਂ ਹੀ ਡੋਲ ਰਹੇ,
ਹੇਠਾਂ ਕੁਝ ਮਜ਼ਲੂਮਾਂ ਦੀ ਹਾਅ ਵਰਗਾ ਹੈ।

ਲਾਰੇ ਵਰਗਾ ਹੈ ਲਗਪਗ ਇਕਰਾਰ ਤਿਰਾ,
ਤੇਰਾ ਹਾਂ ਕਹਿਣਾ ਵੀ ਬਿਲਕੁਲ ਨਾਂਹ ਵਰਗਾ ਹੈ।

ਸਿਜਦੇ ਖ਼ਾਤਰ ਹੱਥ ਨਾ ਐਵੇਂ ਉੱਠ ਖੜ੍ਹੇ,
ਇਹ ਪੈਂਡਾ ਤੇਰੀ ਨਗਰੀ ਦੇ ਰਾਹ ਵਰਗਾ ਹੈ।

ਮੇਰੀ ਮਾਂ ਨੇ ਢੇਰ ਦੁਆਵਾਂ ਕਰੀਆਂ ਪਰ,
ਲਗਦੈ ਮੇਰੇ ਭਾਗੀਂ ਕੁਝ ਤਾਅ ਵਰਗਾ ਹੈ।

ਧੀ ਨੇ ਬਾਹਵਾਂ ਖੋਲ੍ਹ ਕਲਾਵੇ ਭਰਿਆ ਜੋ,
ਪੇਕੇ ਪਿੰਡੋਂ ਆਈ ਠੰਡੀ ਵਾਅ ਵਰਗਾ ਹੈ।

### ਗ਼ਜ਼ਲ

ਥੱਕ ਜਾਂਦੀ ਹਾਂ ਅਕਸਰ ਹੀ ਮੈਂ,
ਇੰਨੇ ਰੋਲ਼ ਨਿਭਾਉਂਦੀ ਹੋਈ।
ਫਿਰ ਵੀ ਸਭ ਦੇ ਸਾਹਵੇਂ ਆਵਾਂ,
ਹੱਸਦੀ ਤੇ ਮੁਸਕਾਉਂਦੀ ਹੋਈ

ਧਰਤੀ, ਅੰਬਰ, ਛੱਤ ਤੇ ਥੰਮ੍ਹੀ
ਹੋਰ ਬੜਾ ਕੁਝ ਬਣ ਜਾਵਾਂ ਮੈਂ,
ਜਦ ਵੀ ਕੋਈ ਮੁਸ਼ਕਿਲ ਵੇਖਾਂ
ਅਪਣੇ ਦਰ ਵੱਲ ਆਉਂਦੀ ਹੋਈ।

ਕੱਚੇ ਤਾਈਂ ਪੱਕਾ ਕਰਦੀ,
ਹਰ ਇਕ ਸਾਕ ਨਿਭਾਵਾਂ ਮੈਂ,
ਖਿੱਲਰੇ ਤੀਲੇ ਸਾਂਭ ਲਵਾਂ ਸਭ
ਨ੍ਹੇਰੀ ਨੂੰ ਦਬਕਾਉਂਦੀ ਹੋਈ।

ਮੇਰੇ ਨੈਣੀਂ, ਤੇਰੇ ਸੁਪਨੇ, ਫੁੱਲ
ਕਲੀਆਂ ਤੇ ਗੁਲਜ਼ਾਰ ਬਣੇ,
ਸਾਰੇ ਕੰਡੇ ਮਿੱਧ ਆਈ ਹਾਂ
ਨਿਠ ਕੇ ਪੱਬ ਟਿਕਾਉਂਦੀ ਹੋਈ

ਚੰਡੀ, ਝਾਂਸੀ, ਮੀਰਾਂ ਹਾਂ 'ਤੇ
ਵਿਰਸੇ ਉੱਤੇ ਮਾਣ ਕਰਾਂ ਮੈਂ,
ਕੱਚੇ 'ਤੇ ਵੀ ਠਿੱਲ੍ਹ ਪੈਂਦੀ ਹਾਂ
ਪੱਕੇ ਕੌਲ ਪੁਗਾਉਂਦੀ ਹੋਈ।

## ਬਹਿਸ਼ਤ ਤੋਂ ਦੋਜ਼ਖ / ਨਿਤ ਸ਼ਾਇਰਾ (ਨੀਤੂ)

ਜਾਲਮ ਜ਼ੁਲਮ ਕਰੇਂਦਿਆ
ਤੈਨੂੰ ਦੋਜਖ਼ ਦੇਵੇ ਖ਼ੁਦਾ।

ਕੁੱਲ ਬਸ਼ਰ ਦੀਆਂ ਲਾਹਨਤਾਂ
ਫੜ ਮੋਢੇ ਉੱਤੇ ਚਾ'
ਤੈਨੂੰ ਖੁਦਾ ਸਿਖਾਉਂਦਾ ਰਹਿਮਤਾਂ
ਤੇ ਤੇਰੀ ਉਲਟੀ ਵੱਗੇ ਵਾ'
ਤੂੰ ਚੁਣ ਚੁਣ ਮਾਰੇਂ, ਬਾਜ ਵੇ!
ਤੈਨੂੰ ਲੱਗੇ ਕੂੰਜਾਂ ਦੀ ਹਾਅ'
ਜ਼ਾਲਮ ਜ਼ੁਲਮ ਕਰੇਂਦਿਆ
ਤੈਨੂੰ ਦੋਜ਼ਖ਼ ਦੇਵੇ ਖ਼ੁਦਾ

ਮਹਿੰਦੀ ਪਈ ਕੁਰਲਾਂਵਦੀ
ਤੇ ਸੱਜਰੇ ਉਜੜੇ ਚਾਅ
ਇੱਕ ਲੋਥ ਧਰਤੀ ਢੱਠੀ ਏ
ਇੱਕ ਲਾਗੇ ਬੈਠੀ ਆ।
ਤੂੰ ਅਸ਼ਕ ਵਹਾਵੇ ਲਹੂ ਦੇ
ਤੈਨੂੰ ਐਸੀ ਮਿਲੇ ਸਜਾ
ਜ਼ਾਲਮ ਜ਼ੁਲਮ ਕਰੇਦਿਆ
ਤੈਨੂੰ ਦੋਜ਼ਖ਼ ਦੇਵੇ ਖ਼ੁਦਾ।

ਚਿੱਟਾ ਲਹੂ ਤੇਰਾ ਵੈਰੀਆ
ਤੈਨੂੰ ਆਉਂਦਾ ਕਿੱਦਾਂ ਸਾਹ
ਹੋਵੇਗੀ ਪਛਤਾਉਂਦੀ
ਤੇਰੀ ਜੰਮਣ ਵਾਲੀ ਮਾਂ
ਜੋ ਕੀਤੀ ਬਹਿਸ਼ਤ ਧਰਤੀ
ਤੂੰ ਨਰਕਾਂ ਵਰਗੀ ਥਾਂ
ਜ਼ਾਲਮ ਜ਼ੁਲਮ ਕਰੇਦਿਆ
ਤੈਨੂੰ ਦੋਜ਼ਖ਼ ਦੇਵੇ ਖ਼ੁਦਾ



## ਹੱਥ / ਸੁਖਵਿੰਦਰ ਚਹਿਲ



ਹੱਥਾਂ ਦੇ ਵੀ ਹੁੰਦੇ ਨੇ
ਆਪਣੇ ਆਪਣੇ ਕਾਰਜ

ਕਿਤੇ ਹੱਥ ਦਿੰਦੇ ਨੇ
ਕਿਸੇ ਨੂੰ ਰਿਜ਼ਕ
ਕਿਤੇ ਹੱਥ ਖੋ ਲੈਂਦੇ ਨੇ
ਕਿਸੇ ਦਾ ਹੱਕ

ਕਿਤੇ ਹੱਥ ਦਿੰਦੇ ਨੇ ਜੀਵਨ
ਮਰੀਜ਼ਾਂ ਨੂੰ
ਕਿਤੇ ਹੱਥ ਖੋ ਲੈਂਦੇ ਨੇ ਜ਼ਿੰਦਗੀ
ਹਥਿਆਰ ਨਾਲ

ਕਿਤੇ ਹੱਥ ਉੱਠਦੇ ਨੇ
ਰੋਕਣ ਲਈ ਜ਼ੁਲਮ
ਕਿਤੇ ਹੱਥ ਬਸ
ਜ਼ੁਲਮ ਕਰਦੇ ਨੇ

ਕਿਤੇ ਹੱਥ ਦਿੰਦੇ ਨੇ
ਗਹਿਰੇ ਜ਼ਖ਼ਮ
ਕਿਤੇ ਹੱਥ ਜ਼ਖ਼ਮੀਆਂ ਨੂੰ
ਕਰਦੇ ਨੇ ਮੱਲਮ ਪੱਟੀ।

ਕਿਤੇ ਹੱਥ ਚਾਪਲੂਸੀ ਲਈ
ਕਰਦੇ ਨੇ ਸਲਾਮਾਂ
ਕਿਤੇ ਹੱਥ ਲੈ ਕੇ ਆਉਂਦੇ ਨੇ
ਇੰਨਕਲਾਬ

ਕਿਤੇ ਹੱਥ ਰਹਿੰਦੇ ਨੇ ਤੱਤਪਰ
ਉਜਾੜਨ ਲਈ
ਕਿਤੇ ਹੱਥ ਕਰਦੇ ਨੇ ਅਰਦਾਸਾਂ
ਸਰਬੱਤ ਦੇ ਭਲੇ ਲਈ।

## ਕੈਸਾ ਲੋਕਤੰਤਰ ਹੈ / ਪਰਮਿੰਦਰ ਰਮਨ

ਜਿੱਥੇ ਹੋਸ਼ ਵਿਕਦਾ ਹੈ
ਜਿੱਥੇ ਵੋਟ ਵਿਕਦਾ ਹੈ
ਜਿੱਥੇ ਕੋਟ ਵਿਕਦਾ ਹੈ
ਕੈਸਾ ਲੋਕਤੰਤਰ ਹੈ
ਜਿੱਥੇ ਮਮਤਾ ਵਿਕਦੀ ਹੈ
ਜਿੱਥੇ ਜਨਤਾ ਵਿਕਦੀ ਹੈ
ਜਿੱਥੇ ਮੰਨਤਾਂ ਵਿਕਦੀ ਹੈ
ਕੈਸਾ ਲੋਕਤੰਤਰ ਹੈ
ਜਿੱਥੇ ਇਮਾਨ ਵਿਕਦਾ ਹੈ
ਜਿੱਥੇ ਇਨਸਾਨ ਵਿਕਦਾ ਹੈ
ਜਿੱਥੇ ਭਗਵਾਨ ਵਿਕਦਾ ਹੈ
ਕੈਸਾ ਲੋਕਤੰਤਰ ਹੈ
ਜਿੱਥੇ ਕਾਨੂੰਨ ਵਿਕਦਾ ਹੈ
ਜਿੱਥੇ ਮਜ਼ਦੂਰ ਵਿਕਦਾ ਹੈ
ਜਿੱਥੇ ਮਜਬੂਰ ਵਿਕਦਾ ਹੈ
ਕੈਸਾ ਲੋਕਤੰਤਰ ਹੈ
ਜਿੱਥੇ ਪ੍ਰਚਾਰ ਵਿਕਦਾ ਹੈ
ਜਿੱਥੇ ਸਮਾਚਾਰ ਵਿਕਦਾ ਹੈ
ਜਿੱਥੇ ਦਰਬਾਰ ਵਿਕਦਾ ਹੈ
ਕੈਸੀ ਲੋਕਤੰਤਰ ਹੈ
ਜਿੱਥੇ ਕਲਮ ਵਿਕਦੀ ਹੈ
ਜਿੱਥੇ ਸੋਚ ਵਿਕਦੀ ਹੈ
ਜਿੱਥੇ ਲੋਥ ਵਿਕਦੀ ਹੈ
ਕੈਸਾ ਲੋਕਤੰਤਰ ਹੈ
ਧੰਨਭਾਗ ਮੇਰੇ ਮੈ
ਉਸ ਦੇਸ਼ ਦਾ ਵਾਸੀ
ਹਰ ਪੰਜੀ ਸਾਲੀ
ਨਿਜ਼ਾਮ ਨਹੀਂ ਬਦਲਦਾ
ਰਿਵਾਜ ਬਦਲਦਾ ਹੈ
ਉਤਰ ਕਾਟੋ ਮੈ ਚੜਾਂ
ਕੈਸਾ ਕੂੜਾ ਕੰਕਰ ਹੈ।



## ਕਵਿਤਾਵਾਂ / ਰਾਜਵੰਤ ਕੌਰ



### ਅਕਸ

ਦਿਨ ਰਾਤ
ਆਪਣੀ ਹੋਂਦ ਦੇ
ਅਰਥ ਤਲਾਸ਼ਦਿਆਂ
ਜਦੋਂ ਆਤਮ ਨਾਲ਼
ਮੁਲਾਕਾਤ ਹੋਈ
ਮੈਂ ਉਹ ਸੀ
ਜੋ ਮੈਂ ਨਹੀਂ ਹਾਂ
ਨਵੇਂ ਸੰਕਲਪਾਂ ਨਾਲ਼
ਓਤ ਪੋਤ
ਨਵੀਂ ਔਰਤ ਦਾ ਅਕਸ
ਮੇਰੇ ਚੋਂ ਉੱਭਰਿਆ
ਜੋ ਅਤੀਤ ਦੇ ਪਛਤਾਵੇ
ਵਰਤਮਾਨ ਦੀਆਂ
ਸ਼ਿਕਾਇਤਾਂ 'ਚ ਗ੍ਰਸਤ ਹੋ ਕੇ
ਅੰਤਰਮੁਖੀ
ਹੋਣ ਦੀ ਥਾਂ ਭਵਿੱਖ ਵਿੱਚ
ਸਵੈਮਾਣ ਨੂੰ
ਸਿਰ ਦਾ ਤਾਜ
ਬਣਾਉਣਾ ਲੋਚਦੀ ਏ।

### ਭਮੱਕੜ

ਖ਼ਾਸ ਮੌਸਮ ਵਿੱਚ
ਨਿਕਲਣ ਵਾਲ਼ੇ ਭਮੱਕੜ
ਬੜਾ ਤਾਣ ਲਗਾ
ਭਾਉਂਦੇ
ਰੌਸ਼ਨੀ ਦੁਆਲੇ।
ਆਪਣੀ ਕਾਬਲੀਅਤ
ਸਮਝਣ ਤੋਂ ਅਸਮਰਥ
ਗਵਾ ਬੈਠਦੇ ਪਰਵਾਜ਼
ਡਿੱਗ ਪੈਂਦੇ ਧਰਤ ਤੇ
ਭੁੱਲ ਜਾਂਦੇ
ਲੰਮੀ ਰੇਸ ਦੇ ਜੇਤੂ
ਸ਼ੁਰੂ ਵਿੱਚ
ਤਾਣ ਨਹੀਂ ਲਗਾਉਂਦੇ।

### ਮੁਹਾਂਦਰਾ

ਬੱਦਲ ਫਟਿਆ
ਬੇਸ਼ੁਮਾਰ ਪਾਣੀ ਗਿਰਿਆ
ਬੜਾ ਕੁਝ ਵਹਾ ਲੈ ਗਿਆ।
ਕਿੰਨਾ ਮਿਲਦਾ ਏ ਮੁਹਾਂਦਰਾ
ਬੱਦਲ ਤੇ ਕ੍ਰੋਧ ਦਾ।

### ਅਣਲਿਖੀਆਂ ਕਿਤਾਬਾਂ

ਅਣਲਿਖੀਆਂ
ਕਿਤਾਬਾਂ ਦੇ ਦਿਲ
ਬੜੇ ਵੱਡੇ ਹੁੰਦੇ
ਸਾਂਭ ਲੈਂਦੀਆਂ
ਰਤਨਾਂ ਜੜੇ ਸੁਪਨੇ
ਅਣਕਹੇ ਵਾਰਤਾਲਾਪ
ਅਦਿੱਖ ਪੀੜਾਂ
ਧੁਆਂਖੀਆਂ ਹਵਾਵਾਂ
ਤੇ ਬੇਬਸੀ ਦੇ ਜਵਾਲਾਮੁਖੀ।

### ਖੋਜ

ਕਦੇ ਮਸਤਕ ਨੂੰ
ਅਕਾਸ਼ ਸਮਝ
ਉਡਾਰੀ ਲਾਉਂਦਾ ਹਾਂ
ਕਦੇ ਮਨ ਨੂੰ
ਸਮੁੰਦਰ ਸਮਝ
ਤਾਰੀ ਲਾਉਂਦਾ ਹਾਂ
ਸੁਣਿਐ
ਖ਼ੁਦ ਨੂੰ ਖੋਜੇ ਤੇ
ਖ਼ੁਦਾ ਮਿਲ਼ ਜਾਂਦਾ ਏ।

## ਕਵਿਤਾਵਾਂ / ਕੁਲਦੀਪ ਜਲਾਲਾਬਾਦੀ



### ਆਪਾਂ ਕਦੋਂ ਜਿੱਤਾਂਗੇ

ਸਮਰਾਟ ਅਸ਼ੋਕ ਨੇ
ਕਈ ਯੱਧ ਲੜੇ ਕੁਝ ਹਾਰੇ
ਕਈ ਸਾਰੇ ਜਿੱਤੇ

ਆਖਿਰ ਇੱਕ ਯੁੱਧ ਹੋਇਆ ਕਲਿੰਗਾ ਦਾ
ਉਹ ਇਹ ਵੀ ਜਿੱਤ ਗਿਆ
ਯੁੱਧ ਵਿਚ ਲਾਸ਼ਾਂ ਦੇ ਢੇਰ ਸਨ
ਕਿਸੇ ਦਾ ਪੁੱਤ ਕਿਸੇ ਦਾ ਬਾਪ
ਕਿਸੇ ਦੇ ਸਿਰ ਦਾ ਸਾਂਈਂ ਤੇ
ਕੋਈ ਰੱਖੜੀ ਵਾਲਾ ਗੁੱਟ ਕਿਸੇ ਦਾ

ਸਮਰਾਟ ਅਸ਼ੋਕ ਪਹਿਲੀ ਵਾਰ
ਮਨ ਹੀ ਮਨ ਆਪਣੇ ਨਾਲ ਲੜਿਆ
ਸਮਰਾਟ ਅਸ਼ੋਕ ਹਾਰ ਗਿਆ
ਅਸ਼ੋਕ ਜਿੱਤ ਗਿਆ

ਆਪਾਂ ਕਦੋਂ ਜਿੱਤਾਂਗੇ....।

### ਕਵੀ ਤੇ ਕਵਿਤਾ

ਪਹਿਲਾਂ ਮੈਂ ਵੀ
ਕਵਿਤਾ ਲਿਖਦਾ ਸਾਂ
ਲਿਖਦੇ ਲਿਖਦੇ ਫਿਰ ਇੱਕ ਦਿਨ
ਇਉਂ ਹੋਇਆ
ਕਵਿਤਾ ਮੈਨੂੰ ਲਿਖਣ ਲੱਗ ਪਈ
ਤੇ ਮੈਂ
ਕਵਿਤਾ ਨੂੰ ਜਿਉਣ ਲੱਗ ਪਿਆ
ਹੁਣ ਬਸ ਕਵਿਤਾ ਹੈ
ਕਵੀ ਕਿਤੇ ਨਹੀਂ।

## ਮਨ ਦਾ ਕੋਨਾ : ਵਿਸ਼ਾਗਤ ਅਧਿਐਨ / ਡਾ. ਜਸਪ੍ਰੀਤ ਕੌਰ

'ਮਨ ਦਾ ਕੋਨਾ' ਡਾਕਟਰ ਬਲਵਿੰਦਰ ਕੌਰ ਬਰਾੜ ਦੀਆਂ ਯਾਦਾਂ ਦੇ ਮੋਤੀਆਂ ਦੇ ਰੂਪ ਵਿੱਚ ਪਾਠਕਾਂ ਸਾਹਮਣੇ ਆਈ ਕਿਤਾਬ ਹੈ ਜਿਸ ਵਿੱਚ ਉਹ ਲਿਖਦੇ ਹਨ ਕਿ ਮਨ ਵਿੱਚ ਉਕਰੇ ਕਈ ਲੋਕਾਂ ਦੇ ਸੁਭਾਅ ਰੂਪੀ ਨਕਸ਼ ਤਾਅ ਉਮਰ ਸਾਡੀ ਸਾਇਕੀ 'ਚ ਸਮੋਏ ਰਹਿੰਦੇ ਹਨ। ਲੇਖਿਕਾ ਨੇ ਉਹਨਾਂ ਨਾਲ ਨਿਭੇ ਲੋਕਾਂ ਦੇ ਸਬੰਧ ਸੱਜਰੇ ਕਰਨ ਲਈ ਇਸ ਰਚਨਾ ਨੂੰ ਆਧਾਰ ਬਣਾਇਆ ਹੈ। "ਜਦੋਂ ਲੇਖਕ ਸਵੈ ਯਾਦਾਂ ਨੂੰ ਸਾਹਿਤਿਕ ਰੂਪ ਦੇਂਦਾ ਹੈ ਤਾਂ ਉਹ ਆਤਮ ਸੰਸਮਰਣ ਬਣ ਜਾਂਦੀਆਂ ਹਨ।"1 ਇਸ ਵਿੱਚ ਸੁਪਨਾ ਹੋ ਚੁੱਕਿਆ ਅਤੀਤ ਪੌਣ ਦੇ ਰੁਮਕਣ ਵਾਂਗ ਕਦੇ ਠੰਡਕ ਦਿੰਦਾ ਕਦੇ ਯਾਦਾਂ ਦੇ ਝਰੋਖੇ 'ਚੋਂ ਤੱਤੀ ਰੇਤ ਵਰਗੇ ਅਹਿਸਾਸ ਆਉਂਦੇ, ਜਿਸ ਨਾਲ ਕਦੇ ਅੱਖਾਂ'ਚ ਚਮਕ ,ਕਦੇ ਅੱਖਾਂ 'ਚ ਅੱਥਰੂ ਤੇ ਕਦੇ ਅੱਖਾਂ ਅੱਗੇ ਹਨੇਰਾ ਪਸਰਦਾ ਹੈ ਕਿਉਂਕਿ ਅੱਜ ਦੀਆਂ ਯਾਦਾਂ ਦੇ ਪਲਾਂ ਵਿੱਚੋਂ ਕਈ ਲੋਕ ਸੰਸਾਰ ਚੋਂ ਜਾ ਚੁੱਕੇ ਹੁੰਦੇ ਹਨ, ਕਈ ਦਿਲ ਦੇ ਕੋਨਿਆਂ ਚੋਂ ਵੀ ਵਿਸਰ ਚੁੱਕੇ ਹੁੰਦੇ ਨੇ ਤੇ ਜੋ ਯਾਦਾਂ ਰਾਹੀਂ ਮੁੜ ਸੁਰਜੀਤ ਪ੍ਰਤੀਤ ਹੁੰਦੇ ਜਿਸ ਵਿੱਚ ਅਨੁਭਵ ਦੇ ਸੁਹਿਰਦ ਪ੍ਰਗਟਾਵੇ ਹਨ। "ਮੈਂ ਆਪਣੇ ਬਚਦੇ ਸਾਹਾਂ ਨਾਲ ਅੰਦਰ ਵਸੇ ਕੁਝ ਖਾਸ ਨਕਸ਼ ਹੀ ਉਲੀਕ ਸਕਦੀ ਹਾਂ। ਜਾਣਦੀ ਹਾਂ ਪੌਣੀ ਸਦੀ ਤੋਂ ਮਿਲਦੇ ਇਹ ਲੋਕ ਜੋ ਹੁਣ ਤੱਕ ਮਿਲੇ ਵਿਛੜੇ ਨਿਭੇ ਅਤੇ ਹੰਡੇ ਹਨ ਉਹਨਾਂ ਵਿੱਚੋਂ ਕਿਸੇ ਦਾ ਵੀ ਕਲੋਜਅਪ ਆਪਣੇ ਅੱਖਰਾਂ ਤੱਕ ਨਹੀਂ ਲਿਆ ਸਕਾਂਗੀ... ਦਹਾਕਿਆਂ ਪਹਿਲਾਂ ਮਿਲੇ ਕਈ ਪਾਤਰ ਜੋ ਮੁੜ ਨਹੀਂ ਮਿਲ ਸਕੇ ਉਹਨਾਂ ਦੀ ਹਾਜ਼ਰੀ ਮਨ ਹੁਣ ਵੀ ਕਈ ਵਾਰ ਜਿਉਂ ਦੀ ਤਿਉਂ ਲੋਚਦਾ ਹੈ।"2

ਡਾ. ਬਰਾੜ ਪੰਜਾਬ ਵਿਚਲੀਆਂ ਕਈ ਸਮੱਸਿਆਵਾਂ ਤੋਂ ਚਿੰਤਤ ਹਨ ਜਿਨਾਂ ਵਿੱਚ ਭਰੂਣ ਹੱਤਿਆ, ਪੰਜਾਬੀ ਭਾਸ਼ਾ, ਨਸ਼ਾ ਗ੍ਰਸਤ ਹੋਏ ਪੰਜਾਬੀ ਗੱਭਰੂ, ਬੇਰੁਜ਼ਗਾਰੀ, ਰਾਜਨੀਤੀ ਦੀ ਭੇਂਟ ਚੜਦੀ ਜਵਾਨੀ, ਪ੍ਰਦੇਸਾਂ ਵਿੱਚ ਜਾ ਕੇ ਵਸਣ ਲਈ ਮਜਬੂਰ ਪੰਜਾਬੀਆਂ ਲਈ ਚਿੰਤਾ ਹੈ,ਜਿਸ ਵਿੱਚ ਉਹ ਦੱਸਦੇ ਹਨ ਕਿ "ਜੇ ਇਉਂ ਹੀ ਧੀਆਂ ਦੀ ਕਮੀ ਦਾ ਸਿਲਸਿਲਾ ਜਾਰੀ ਰਿਹਾ ਤਾਂ ਪੰਜਾਬੀ ਹੋਰਨਾਂ ਸੂਬਿਆਂ ਤੋਂ ਵਿਕਾਊ ਮਾਲ ਵਾਂਗ ਔਰਤਾਂ ਮੁੱਲ ਲਿਆਇਆ ਕਰਨਗੇ ਜੋ ਮਾਤ ਭਾਸ਼ਾ ਤਾਂ ਮਾਰੇਗਾ ਹੀ ਨਾਲ ਕਈ ਮਾਨਸਿਕ ਤੇ ਸਰੀਰਕ ਬਿਮਾਰੀਆਂ ਵੀ ਲਿਆਵੇਗਾ। ਸੋ ਆਪ ਜੀਓ ਹੋਰਨਾਂ ਨੂੰ ਵੀ ਜਿਉਣ ਦੀ ਮੁਹਲਤ ਦਿਓ। ਮੇਰੀ ਕਾਰਗੁਜ਼ਾਰੀ ਅਤੇ ਜਿਊਣ ਦੀ ਮੁਹਲਤ ਤੇ ਗੌਰ ਕਰੋ ਜੀ।"3

ਕੁੜੀਆਂ 'ਤੇ ਸ਼ੁਰੂ ਤੋਂ ਲੱਗੀਆਂ ਪਾਬੰਦੀਆਂ ਬਾਰੇ ਦੱਸਦੀ ਲੇਖਿਕਾ ਕਹਿੰਦੀ ਹੈ ਕਿ ਬਚਪਨ ਵਿੱਚ ਮੁੰਡੇ ਤੇ ਕੁੜੀ ਵਾਲਾ ਵਿਤਕਰਾ ਉਸ ਨੇ ਵੀ ਹੰਡਾਇਆ ਤੇ ਆਲੇ ਦੁਆਲੇ ਹੁੰਦਾ ਅਕਸਰ ਹੀ ਵੇਖਿਆ ਹੈ। ਕੁੜੀਆਂ ਨੂੰ ਬਿਨਾਂ ਕੰਮ ਤੋਂ ਦੇਹਲੀਓਂ ਬਾਹਰ ਨਹੀਂ ਸੀ ਜਾਣ ਦਿੱਤਾ ਜਾਂਦਾ ਸੀ,ਉਹਨਾਂ ਲਈ ਅਕਸਰ ਕਿਹਾ ਜਾਂਦਾ ਘੱਟ ਖਾਓ ,ਮੋਟੀਆਂ ਹੋ ਜਾਓਂਗੀਆਂ, ਕੰਮ ਸਿੱਖੋ ,ਸਲੀਕਾ ਸਿੱਖੋ, ਤੁਰਨ ਦਾ ,ਉੱਠਣ ਦਾ, ਬੈਠਣ ਦਾ, ਗੱਲ ਕਰਨ ਦਾ ,ਹੱਸਣ ਦਾ ਤਾਂ ਕਿ ਸਹੁਰੇ ਨਾ ਕਹਿਣ ਕਿ ਕੁੜੀ ਨੂੰ ਕੁਝ ਸਿਖਾਇਆ ਨਹੀਂ। ਸਹੁਰਿਆਂ ਨੂੰ ਹਊਆ ਬਣਾ ਦਿੱਤਾ ਜਾਂਦਾ। ਲੇਖਿਕਾ ਅੰਦਰ ਅੱਜ ਵੀ ਉੱਚੀ ਬੋਲਣ ਤੇ ਹੱਸਣ ਦੀ ਪਾਬੰਦੀ ਦੀਆਂ ਚੀਸਾਂ ਉਭਰਦੀਆਂ ਹਨ "ਉਸ ਸਮੇਂ ਖੁੱਲ ਕੇ ਹੱਸਣ ਉੱਤੇ ਪਾਬੰਦੀ ਸੀ ਤਾਂ ਹਾਸਾ ਮੈਨੂੰ ਘੇਰੀ ਫਿਰਦਾ ਰਿਹਾ ਪਰ ਅੱਜ ਜਦੋਂ ਹਾਸਿਆਂ ਉੱਤੇ ਪਾਬੰਦੀ ਸਮੇਂ ਹੱਥੋਂ ਕਿਰ ਗਈ ਹੈ ਤਾਂ ਉਹ ਹਾਸਾ ਪਤਾ ਨਹੀਂ ਕਿੱਥੇ ਲੁਪਤ ਹੋ ਗਿਆ। ਹੁਣ ਤਾਂ ਕੋਈ ਚੁਟਕਲਾ ਵੀ ਸੁਣਾ ਦੇਵੇ ਤਾਂ ਹਾਸਾ ਗਲੇ ਤੱਕ ਹੀ ਮਸਾਂ ਆਉਂਦਾ ਹੈ ,ਜਿਵੇਂ ਖੁੱਲ ਕੇ ਹੱਸਣ ਨਾਲ ਅੰਦਰ ਚੀਸਾਂ ਭਰੀਆਂ ਤਰੇੜਾਂ ਸਿਮਦੀਆਂ ਹੋਣ।"4

ਕੁੜੀਆਂ ਦਾ ਬਚਪਨ ਮਾਪਿਆਂ 'ਤੇ,ਜਵਾਨੀ ਪਤੀ 'ਤੇ , ਬੁਢਾਪਾ ਬੱਚਿਆਂ 'ਤੇ ਨਿਰਭਰ ਹੋ ਕੇ ਰਹਿ ਜਾਂਦਾ, ਉਹ ਆਪਣੇ ਹਿੱਸੇ ਦੀ ਜ਼ਿੰਦਗੀ ਜਿਉਂਦੀਆਂ ਹੀ ਨਹੀਂ , ਉਹ ਹੋਰਨਾਂ ਲਈ ਹੀ ਜਿਉਂ ਕੇ ਤੁਰ ਜਾਂਦੀਆਂ ਹਨ।ਪੇਕੇ ਘਰ ਕੁੜੀ ਨੂੰ ਹਾਰ-ਸ਼ਿੰਗਾਰ ਵੀ ਨਹੀਂ ਲਗਾਉਣ ਦਿੱਤਾ ਜਾਂਦਾ ਕਿਹਾ ਜਾਂਦਾ ਸੀ ਕਿ ਸਹੁਰੇ ਘਰ ਜਾ ਕੇ ਜੋ ਮਰਜ਼ੀ ਲਾਇਓ, ਪਾਇਓ ਪੇਕਿਆਂ ਦੇ ਘਰ ਕੁੜੀਆਂ ਸੱਜਦੀਆਂ ਫੱਬਦੀਆਂ ਨਹੀਂ ਸੋਭਦੀਆਂ। ਇਸੇ ਤਰ੍ਹਾਂ ਲੇਖਿਕਾ ਨੂੰ ਪੇਕੇ ਘਰ ਚੂੜੀਆਂ ਵੀ ਨਹੀਂ ਪਾਉਣ ਦਿੱਤੀਆਂ ਜਾਂਦੀਆਂ ਸਨ ਤੇ ਵਿਆਹ ਤੋਂ ਬਾਅਦ ਛੇਤੀ ਹੀ ਤੁਰ ਗਏ ਪਤੀ ਨਾਲ ਉਸਦੇ ਇਹ ਸ਼ੌਕ ਵੀ ਚਲੇ ਗਏ।ਇਹਨਾਂ ਪਾਬੰਦੀਆਂ ਦੇ ਨਾਲ ਕੁੜੀ ਤੇ ਮੁੰਡੇ ਦੇ ਖਾਣ ਪੀਣ ਵਿੱਚ ਵੀ ਦਰੈਤ ਕੀਤੀ ਜਾਂਦੀ ਸੀ ਕੁੜੀ ਨੂੰ ਰੋਟੀ ਵੀ ਅਨਚੋਪੜੀ ਤੇ ਮੁੰਡੇ ਨੂੰ ਦਾਲ ਵਿੱਚ ਵੀ ਬਹੁਤ ਘਿਓ ਪਾ ਕੇ ਦਿੱਤਾ ਜਾਂਦਾ ਸੀ, ਇਸ ਦੇ ਨਾਲ ਹੀ ਮੁੰਡੇ ਬਾਹਰ ਆਪਣੇ ਦੋਸਤਾਂ ਮਿੱਤਰਾਂ ਨਾਲ ਘੁੰਮਦੇ ਫਿਰਦੇ ਤੇ ਕੁੜੀਆਂ ਨੂੰ ਸਹੇਲੀ ਬਣਾਉਣ ਤੇ ਵੀ ਪਾਬੰਦੀ ਸੀ ਕਿਉਂਕਿ ਜਿੱਥੇ ਤਨ ਤੇ ਮਨਾਹੀ ਹੋਵੇ ਰੂਹ ਤਾਂ ਪਹਿਲਾਂ ਹੀ ਕੈਦ ਹੋ ਜਾਂਦੀ ਹੈ। ਸਕੂਲ ਦੀ ਪੜ੍ਹਾਈ ਤੋਂ ਬਾਅਦ ਵਿਸਰੀਆਂ ਸਹੇਲੀਆਂ ਬਿਨ ਸਰਨਾਮਿਓਂ ਹੋ ਗਈਆਂ ਜੋ ਅੱਜ ਵੀ ਸਿਮਰਤੀਆਂ ਵਿੱਚ ਆ ਕੇ ਲੇਖਿਕਾ ਨਾਲ ਦੁਖ-ਸੁਖ ਕਰਦੀਆਂ ਹਨ, ਇਸੇ ਪਾਬੰਦੀ ਕਰਕੇ ਲੇਖਿਕਾ ਆਪਣੀ ਸਹੇਲੀ ਨੂੰ ਯਾਦ ਕਰਦੀ ਉਸ ਨੂੰ ਮਿਲਣ ਲਈ ਤਾਂਘਦੀ ਨਜ਼ਰ ਆਉਂਦੀ ਹੈ।"ਪੁਰਸ਼ ਦਾ ਔਰਤ ਪ੍ਰਤੀ ਰਵਈਆ ਦਬਾਉਣ ਵਾਲਾ ਰਿਹਾ ਹੈ। ਉਹ ਔਰਤ ਨੂੰ ਆਪਣੀ ਲੋੜ ਪੂਰਤੀ ਦਾ ਸਾਧਨ ਤਾਂ ਸਮਝਦਾ ਹੈ ਪ੍ਰੰਤੂ ਉਸ ਨੂੰ ਇੱਕ ਬਰਾਬਰ ਦੇ ਸਾਥੀ ਦੇ ਰੂਪ ਵਿੱਚ ਸਵੀਕਾਰ ਨਹੀਂ ਕਰਦਾ।"5

ਰਿਸ਼ਤਾ ਨਾਤਾ ਪ੍ਰਬੰਧ ਨੂੰ ਵਿਚਾਰਦੀ

ਲੇਖਿਕਾ ਪੁਰਾਣੇ ਤੇ ਆਧੁਨਿਕ ਜਮਾਨੇ ਦੀਆਂ ਰਿਸ਼ਤਿਆਂ ਵਿੱਚ ਵਾਪਰਦੀਆਂ ਤਬਦੀਲੀਆਂ ਨੂੰ ਬੜੇ ਵਿਸਥਾਰ ਵਿੱਚ ਤੁਲਨਾਉਂਦੀ ਪੁਰਾਣੇ ਹੰਡਣਸਾਰ ਰਿਸ਼ਤਿਆਂ, ਉਹਨਾਂ ਵਿਚਲੀਆਂ ਦੁੱਖ-ਸੁੱਖ ਦੀਆਂ ਸਾਂਝਾਂ, ਸਹਿਣਸ਼ੀਲਤਾ ਪਸਰੇ ਪਸਾਰਿਆਂ ਵਿੱਚ ਘੁੱਗ ਵਸਦੇ ਸੰਯੁਕਤ ਪਰਿਵਾਰ ਦੀ ਗਵਾਹੀ ਭਰਦੀ ਨੇੜੇ ਤੇ ਦੂਰ ਦੇ ਰਿਸ਼ਤਿਆਂ ਵਿਚਲੇ ਫਰਕ ਨੂੰ ਮੇਟਦੀ, ਸਾਰਿਆਂ ਨੂੰ ਮੋਹ ਦੀਆਂ ਤੰਦਾਂ ਵਿੱਚ ਬੰਨੇ ਹੋਣ ਕਰਕੇ ਹਰ ਸਮੱਸਿਆ ਨੂੰ ਸਾਂਝੀਵਾਲਤਾ ਨਾਲ ਸਮੇਟਣ ਲਈ ਮਨ ਤੇ ਮਾਨਸਿਕਤਾ ਦੇ ਖੁਸ਼ੀ 'ਚ ਹੌਲੇ ਫੁੱਲ ਹੋਣ ਤੇ ਬਿਮਾਰੀਆਂ ਦੇ ਸਰੀਰਾਂ ਨੂੰ ਘੱਟ ਦਬੋਚਣ ਬਾਰੇ ਬਿਆਨਦੀ ਹੈ। ਜਿਸ ਵਿੱਚ ਲੇਖਿਕਾ ਅੱਜ ਦੇ ਟੁੱਟਦੇ ਰਿਸ਼ਤਿਆਂ ਲਈ ਇਕਹਿਰੇ ਪਰਿਵਾਰਾਂ ਨੂੰ ਜਿੰਮੇਵਾਰ ਮੰਨਦੀ ਕਹਿੰਦੀ ਹੈ ਕਿ ਅਜੋਕੇ ਦੌਰ ਵਿੱਚ ਤਲਾਕਾਂ ਦੀ ਵੱਧਦੀ ਭਰਮਾਰ ਤੇ ਖੂਨ ਦੇ ਰਿਸ਼ਤਿਆਂ ਵਿੱਚੋਂ ਨਿੱਘ ਦਾ ਖਤਮ ਹੋ ਜਾਣਾ, ਨਿੱਜਮੁਖੀ ਸੋਚ ਦਾ ਨਤੀਜਾ ਹਨ, ਜਿਨਾਂ ਵਿਚੋ ਸਬਰ ਦਾ ਘੁੱਟ ਭਰਨ ਵਾਲੀ ਸੋਚ ਦਾ ਮਨਫੀ ਹੋ ਜਾਣਾ ਹੈ ਤਦੇ ਤਾਂ ਘਰਾਂ ਅੰਦਰ ਸਮਾਉਂਦੇ ਰਿਸ਼ਤੇ ਅੱਜ ਸੜਕਾਂ 'ਤੇ ਕੱਖਾਂ ਵਾਂਗ ਰੁਲਦੇ ਧੂੜ ਵਾਂਗ ਉੱਡਦੇ ਨਜ਼ਰ ਆਉਂਦੇ ਹਨ ਕਿਉਂਕਿ ਅੱਜ ਹਰੇਕ ਜੀਅ ਆਪਣੇ ਫਰਜ਼ ਭੁੱਲ ਕੇ ਹੱਕਾਂ ਦੀ ਗੱਲ ਕਰਨ ਲੱਗ ਪਿਆ ਹੈ। ਇਸੇ ਨੂੰ ਗਿਆਨਵਾਨ ਹੋਣ ਦੀ ਗਲਤ ਫਹਿਮੀ ਸਮਝ ਅਜੋਕੀ ਪੀੜ੍ਹੀ ਇਕੱਲਤਾ ਦਾ ਸ਼ਿਕਾਰ ਹੋ ਰਹੀ ਹੈ ਜੋ ਹਰੇਕ ਵਿੱਚ ਅਵਿਸ਼ਵਾਸ ਦੀ ਭਾਵਨਾ ਪੈਦਾ ਕਰ ਰਹੀ ਹੈ।

ਰਿਸ਼ਤਿਆਂ ਵਿਚਲੇ ਨਿੱਘ ਨੂੰ ਲੇਖਿਕਾ ਆਪਣੇ ਨਿੱਜੀ ਤਜਰਬਿਆਂ ਵਿੱਚੋਂ ਬਿਆਨ ਕਰਦੀ ਦੱਸਦੀ ਹੈ ਕਿ ਜਦੋਂ ਉਸਦੇ ਪਤੀ ਤੇ ਕੁਝ ਸਮੇਂ ਬਾਅਦ ਉਸ ਦੀ ਮਾਂ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੀ ਸੱਸ ਉਸ ਨਾਲ ਮਾਵਾਂ-ਧੀਆਂ ਵਾਲਾ ਰਿਸ਼ਤਾ ਬਣਾਉਂਦੀ, ਸਹੇਲੀ ਜਿਹੀ ਸਾਂਝ ਪਾਉਂਦੀ, ਉਸ ਨੂੰ ਰੋਂਦੀ ਨੂੰ ਬਰਾਉਂਦੀ, ਹਉਂਕਿਆਂ ਵਿੱਚ ਉਸ ਦਾ ਸਿਰ ਪਲੋਸਦੀ ਤੇ ਉਸ ਦੇ ਬੱਚਿਆਂ ਨੂੰ ਸੰਭਾਲਦੀ ਹੈ ਲੇਖਿਕਾ ਕੋਲ ਆਉਣ ਕਰਕੇ ਉਸਨੇ ਆਪਣੇ ਪਿੰਡ ਵਾਲੀਆਂ ਸਾਂਝਾਂ, ਸੁਪਨੇ ਸੀਨੇ ਵਿੱਚ ਦਫਨ ਕਰ ਲਏ,ਜਿਵੇਂ ਅੱਜ ਪੰਜਾਬ ਦੀ ਧਰਤੀ ਤੋਂ ਕੈਲਗਰੀ ਦੀ ਧਰਤੀ ਤੇ ਜਾ ਕੇ ਇਹ ਸਭ ਲੇਖਿਕਾ ਨੇ ਸਮੇਟ ਲਿਆ। ਬੀਜੀ ਅਕਸਰ ਰਿਸ਼ਤਿਆਂ ਦੀ ਮਹੱਤਤਾ ਸਮਝਾਉਂਦੇ।ਲੇਖਿਕਾ ਦਾ ਦਿਲ ਬੜਾ ਵਿਸ਼ਾਲ ਹੈ ਇਸੇ ਕਰਕੇ ਉਹ ਜਿੰਦਗੀ ਦੇ ਹਰ ਪਹਿਲੂ ਤੇ ਕੁਝ ਨਾ ਕੁਝ ਸਿੱਖਦੀ ਆਈ ਹੈ ਜਿਸ ਵਿੱਚ ਉਸ ਨੇ ਆਪਣੀ ਬੀਜੀ ਤੋਂ ਦਿਆਨਤਦਾਰੀ, ਮਿਹਨਤ, ਸਿਦਕ, ਸਬਰ-ਸੰਤੋਖ, ਆਪਣੀ ਜੇਠਾਣੀ ਤੋਂ ਸਹਿਣਸ਼ੀਲਤਾ ਅਤੇ ਪੇਕੇ ਘਰ ਕੰਮ ਕਰਦੀਆਂ ਔਰਤਾਂ ਤੋਂ ਮਿੱਠੀ ਬੋਲੀ ਤੇ ਧਰਤੀ ਜਿਹੀ ਜਰਾਂਦ ਸਿੱਖੀ ਜਿਸ ਸਦਕਾ ਲੇਖਿਕਾ ਨੇ ਕਦੇ ਵੀ ਕਿਸੇ ਨਾਲ ਜਾਤ-ਪਾਤ ਜਾਂ ਅਮੀਰੀ-ਗਰੀਬੀ ਕਰਕੇ ਕੋਈ ਪੱਖ-ਪਾਤ ਨਹੀਂ ਕੀਤਾ। ਆਪਣੀ ਸੱਸ(ਬੀਜੀ) ਨੂੰ ਯਾਦ ਕਰਦੀ ਲੇਖਿਕਾ ਲਿਖਦੀ ਹੈ ਕਿ ਇਹੋ ਜਿਹੀ ਸਬਰ-ਸੰਤੋਖ,ਧੀਰਜ, ਠਰੰਮੇ ਅਤੇ ਠੰਡੇ ਮਤੇ ਵਾਲੀ ਔਰਤ ਤੋਂ ਮੈਂ ਬਹੁਤ ਕੁਝ ਸਿੱਖਿਆ ਜੋ ਜਿੰਦਗੀ ਦੇ ਪੈਂਡਿਆਂ ਵਿੱਚ ਥਾਂ-ਥਾਂ ਕੰਮ ਆਇਆ।ਉਹਨਾਂ ਦੇ ਕਹੇ ਸ਼ਬਦ ਲੇਖਿਕਾ ਦੇ ਨਾਲ ਨਾਲ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਜੀਵਨ ਜਾਂਚ ਸਿਖਾਉਂਦੇ ਮਾਰਗ ਦਰਸ਼ਨ ਬਣਦੇ ਹਨ "ਝਾੜੂ ਬੰਨਿਆ ਈ ਸੁੰਭਰਦਾ ਐ। ਏਸ ਜਿੰਦਗੀ ਦੇ ਕੂੜੇ ਨੂੰ, ਤੀਲੇ ਖਿਲਰਦੇ ਨੂੰ ਹਵਾ ਹੂੰਝ ਕੇ ਲੈ ਜਾਂਦੀ ਐ।ਭਰੇ ਟੱਬਰ 'ਚ ਮਾੜਾ ਮੋਟਾ ਤੱਤਾ ਠੰਢਾ ਸਮੇਂ ਕੇ ਈ ਸਰਦੈ।

ਕਿਸੇ ਨਾਲ ਮਨ-ਮੁਟਾਵ ਹੋਵੇ ਤੇ ਮੱਤ ਦਿੰਦੇ ਸਨ, ਬਾਹਲਾ ਚਿਰ ਨੀ ਔਖ 'ਚ ਰਹੀਦਾ। ਇਹ ਉਂਗਲ ਦੀ ਵਿੱਥ ਚੱਪੇ-ਚੱਪੇ ਤੇ ਜਾ ਖੜਦੀ ਐ।"6

ਲੇਖਿਕਾ ਦੱਸਦੀ ਹੈ ਕਿ ਆਧੁਨਿਕ ਸਮੇਂ ਦੇ ਬੱਚੇ ਪੜ ਲਿਖ ਕੇ ਰਾਜਨੀਤੀ ਦੀਆਂ ਕੋਝੀਆਂ ਚਾਲਾਂ ਨੂੰ ਸਮਝਣ ਲੱਗ ਗਏ ਸਨ। ਇਹਨਾਂ ਦੀ ਇੱਕ-ਜੁੱਟਤਾ ਯੂਨੀਵਰਸਿਟੀ ਚੋਣਾਂ 'ਚ ਨਜ਼ਰੀ ਆਉਂਦੀ ਜਦੋਂ ਪਤਾ ਲੱਗਦਾ ਹੈ ਕਿ ਜੇ ਇਹ ਆਪਣੀ ਆਈ ਤੇ ਆ ਗਏ ਤਾਂ ਵੱਡੀਆਂ-ਵੱਡੀਆਂ ਕੁਰਸੀਆਂ ਨੂੰ ਹੱਥ ਪਾ ਸਕਦੇ ਹਨ। ਇਸੇ ਲਈ ਸਰਕਾਰਾਂ ਖਾੜਕੂਵਾਦ ਦੇ ਨਾਂ ਤੇ ਇਹਨਾਂ ਨੂੰ ਖਤਮ ਕਰਨ ਲੱਗ ਪਈਆਂ ਇਹ ਸਭ ਸਰਕਾਰਾਂ ਦੀ ਸੋਚੀ ਸਮਝੀ ਸਾਜਿਸ਼ ਸੀ, ਜਿਸ ਤਹਿਤ ਪੰਜਾਬ ਦੇ ਗੱਭਰੂ ਚੜ੍ਹਦੀ ਜਵਾਨੀ ਵਿੱਚ ਬਿਨਾਂ ਕਿਸੇ ਕਸੂਰ ਤੋ ਖਤਮ ਕਰ ਦਿੱਤੇ ਗਏ। ਰਾਜਨੀਤੀ ਦਾ ਇਹ ਖੂਨੀ ਖੇਲ ਲੇਖਿਕਾ ਨੇ ਆਪਣੇ ਅੱਖੀਂ ਦੇਖਿਆ "ਸੱਤਾ ਨੂੰ ਪੰਜਾਬੀ ਜਵਾਨੀ ਦੀ ਫੁੰਕਾਰ ਤੋਂ ਡਰ ਲੱਗਦਾ ਸੀ। ਬਸ ਇਸੇ ਡਰ ਕਰਕੇ ਵਿਦਿਆਰਥੀਆਂ ਦੇ ਡੱਕਰੇ ਕਰਕੇ ਖਿਲਾਰ ਦੇਣ ਦੀ ਵਿਉਂਤ ਨੇ ਜਨਮ ਲਿਆ। ਕੁਰਸੀਬਰਦਾਰਾਂ ਦੀਆਂ ਕੋਝੀਆਂ ਚਾਲਾਂ ਨੇ ਇਤਿਹਾਸ ਦੀ ਹਿੱਕ ਤੇ ਐਸੇ ਖੂਨੀ ਪੱਤਰੇ ਲਿਖੇ ਜਿਸ ਨਾਲ ਸੱਜੇ ਹੱਥ ਨੂੰ ਖੱਬੇ ਹੱਥ ਤੇ ਵੀ ਭਰੋਸਾ ਨਾ ਰਿਹਾ। ਇਸੇ ਲਈ ਇਹਨਾਂ ਸਭ ਨੂੰ ਤੋੜਿਆ ਗਿਆ, ਵਰਤਿਆ ਗਿਆ, ਵੰਡਿਆ ਗਿਆ, ਭਜਾਇਆ ਗਿਆ ਅਤੇ ਡਰਾਇਆ ਗਿਆ ਕਿਉਂ ਜੋ ਸੱਤਾ ਦੇ ਮਨਮਾਨੀਆਂ ਕਰਨ ਦੀ ਚਾਲ ਇਸ ਜਵਾਨ ਪੀੜ੍ਹੀ ਨੂੰ ਸਮਝ ਆ ਰਹੀ ਸੀ।... ਲੋਕੀ ਪੁੱਤਾਂ ਦੀ ਜਵਾਨੀ ਛਪਾਉਣ ਲੱਗੇ। ਇਸ ਸਮੇਂ ਮੁੰਡੇ ਜਿਨਾਂ ਦੇ ਕਲੇਜੇ ਕਲਮ ਪਲਦੀ ਸੀ, ਹਥਿਆਰਾਂ ਨੂੰ ਹਿੱਕ ਨਾਲ ਲਾ ਖੂਹ ਦੀ ਮੌਣ ਤੇ ਸੌਣਾ ਕਬੂਲਣ ਲੱਗੇ। ਅਜਿਹੇ ਸਮੇਂ ਸ਼ਗਨਾਂ ਦੀ ਰੁੱਤ ਮਰਗਤ ਵਿੱਚ ਬਦਲਦੀ ਮੈਂ ਅੱਖੀਂ ਵੇਖੀ ਅਤੇ ਸੁਣੀ ਹੈ। ਮੈਂ ਉਸ ਦਹਾਕੇ ਦੀ ਚਸ਼ਮਦੀਦ ਗਵਾਹ ਹਾਂ ਜਦ ਜੀਉ ਅਤੇ ਜਿਊਣ ਦਿਉ ਦਾ ਨਾਅਰਾ ਕੰਧਾਂ ਤੇ ਸ਼ਿੰਗਾਰਦੀ ਸਰਕਾਰ ਨੇ ਜਵਾਨ ਪੀੜ੍ਹੀ ਦੀ ਹਿੱਕ 'ਤੇ 'ਮਰਜੂੰ ਜਾਂ ਮਾਰਦੂੰ' ਜਿਹੀ ਇਬਾਰਤ ਉਲੀਕ ਧਰੀ ਸੀ।"7

ਸੱਤਾ ਨੂੰ ਬੇਪਰਦਾ ਕਰਦੀ ਲੇਖਿਕਾ ਇੱਕ ਹੋਰ ਸੱਚਾਈ ਤੋਂ ਲੋਕਾਈ ਨੂੰ ਜਾਣੂ ਕਰਵਾਉਂਦੀ ਦੱਸਦੀ ਹੈ ਕਿ

ਪੰਜਾਬੀ ਜਵਾਨੀ ਨੂੰ ਨਸ਼ੇ ਦਾ ਘੁਣ ਲਾਉਣ ਵਾਲੀਆਂ ਵੀ ਸਰਕਾਰਾਂ ਹੀ ਹਨ। ਆਪਣੀਆਂ ਜੇਬਾਂ ਵਿੱਚ ਡਿਗਰੀਆਂ ਲਈ ਫਿਰਦੇ ਵਿਦਿਆਰਥੀ ਨੌਕਰੀ ਲਈ ਸਰਕਾਰਾਂ ਤੇ ਦਬਾਅ ਪਾਉਂਦੇ ਤਾਂ ਸਰਕਾਰ ਨੇ ਇਸ ਦਾ ਰਾਹ ਇਹ ਲੱਭਿਆ ਕਿ ਇਹ ਆਪਣੇ ਹੱਕਾਂ ਲਈ ਸਾਡੇ ਸਾਹਮਣੇ ਆ ਕੇ ਅੱਖਾਂ ਨਾ ਵਿਖਾ ਸਕਣ। ਹੁਣ ਨਸ਼ਿਆਂ ਨਾਲ ਮਰਦੀ ਜਵਾਨੀ ਨੂੰ ਦੇਖਣ ਨਾਲ ਮਾਂ ਬਾਪ ਨੇ ਆਪਣੇ ਬੱਚਿਆਂ ਨੂੰ ਇਥੋਂ ਕੱਢਣ ਦਾ ਤਰੀਕਾ ਇਹ ਲੱਭਿਆ ਕਿ ਇਹਨਾਂ ਨੂੰ ਬਾਹਰ ਭੇਜ ਦਿੱਤਾ ਜਾਵੇ ਤੇ ਅੱਜ ਕੱਲ ਬਹੁਤ ਗਿਣਤੀ ਪੰਜਾਬੀ ਬੇਗਾਨੀ ਧਰਤੀਆਂ ਨੂੰ ਆਪਣੀਆਂ ਧਰਤੀਆਂ ਬਣਾਉਣ ਵਿੱਚ ਲੱਗੇ ਹੋਏ ਹਨ। ਇਸ ਸਭ ਦੇ ਬਾਵਜੂਦ ਲੇਖਿਕਾ ਨੂੰ ਆਸ ਹੈ ਕਿ ਪੰਜਾਬੀ ਆਪਣੀ ਹਿੰਮਤ, ਬਹਾਦਰੀ ਸਦਕਾ ਇੱਕ ਵਾਰ ਫਿਰ ਆਪਣੀ ਪਹਿਚਾਣ ਧਰਤੀ ਤੇ ਬਣਾਉਣਗੇ ਤੇ ਆਪਣੇ ਹੱਕਾਂ ਲਈ ਜਾਗਰੂਕ ਹੋਣਗੇ। "ਹਾਲਾਤ ਨੇ ਇਹਨਾਂ ਤੇ ਕਈ ਹੱਲੇ ਕੀਤੇ। ਇਤਿਹਾਸ ਗਵਾਹ ਹੈ ਪੰਜਾਬੀ ਹਾਲਾਤ ਨਾਲ ਲੜ ਕੇ ਹੀ ਨਿਖਰੇ ਹਨ। ਹੁਣ ਵੀ ਨਿਖਰਨਗੇ ਕਿਤੇ ਵੀ ਰਹਿਣ ਆਪਣਾ ਇਤਿਹਾਸ ਆਪ ਸਿਰਜਣਗੇ। ਰੱਬ ਖੈਰ ਕਰ!"8

ਸਫਰ ਦੀ ਅਹਿਮੀਅਤ ਤੋਂ ਜਾਣੂ ਕਰਵਾਉਂਦੀ ਲੇਖਿਕਾ ਕਹਿੰਦੀ ਹੈ ਕਿ ਯੂਨੀਵਰਸਿਟੀ ਵਿੱਚ ਪੜਾਉਂਦੇ ਹਰ ਸਾਲ ਉਹ ਵਿਦਿਆਰਥੀਆਂ ਨਾਲ ਟੂਰ ਤੇ ਜਾਂਦੇ, ਜਿੱਥੇ ਉਹ ਰੋਜ਼ਾਨਾ ਦੀਆਂ ਜ਼ਿੰਮੇਵਾਰੀਆਂ, ਬੰਨਣਾ ਤੋਂ ਨਿਜਾਤ ਪਾ ਕੇ ਖੁੱਲੀਆਂ ਵਾਦੀਆਂ ਵਿੱਚ ਆਪਣੇ ਆਪੇ ਨੂੰ ਮਾਣਦੇ ਤੇ ਵਿਦਿਆਰਥੀ ਵਿੱਚ ਆਪ ਵੀ ਉਹਨਾਂ ਦੇ ਹਾਣ ਦੇ ਹੋ ਕੇ ਵਿਚਰਦੇ। ਘੁੰਮਣ ਦੇ ਅਜਿਹੇ ਸ਼ੌਂਕ ਵਜੋਂ ਹੀ ਆਪ ਯੂਰਪ ਦੀ ਫੇਰੀ 'ਤੇ ਕਰੂਜ ਰਾਹੀਂ ਜਾਂਦੇ ਦੱਸਦੇ ਹਨ ਕਿ ਇਹ ਉਹਨਾਂ ਦਾ ਯਾਦਗਾਰੀ ਸਫਰ ਹੋ ਨਿਬੜਿਆ ਤੇ ਉਹ ਹੋਰਨਾਂ ਨੂੰ ਵੀ ਅਜਿਹੇ ਸਫਰਾਂ ਤੇ ਜਾਣ ਲਈ ਪ੍ਰੇਰਦੇ ਹਨ, ਜਿੱਥੇ ਉਹ ਲਿਖਦੇ ਹਨ 'ਖਸਮਾਂ ਨੂੰ ਖਾਂਦਾ ਤੇਰਾ ਘਰ ਵੇ ਚੱਲ ਮੇਲੇ ਨੂੰ ਚੱਲੀਏ।' ਲੇਖਿਕਾ ਨੇ ਹੁਣ ਤੱਕ ਦੇਸ਼ ਅਤੇ ਵਿਦੇਸ਼ ਦੀਆਂ ਕਈ ਧਰਤੀਆਂ ਨੂੰ ਆਪਣੇ ਪੈਰਾਂ ਨਾਲ ਨਾਪਿਆ ਤੇ ਦਿਲ ਦੀਆਂ ਗਹਿਰਾਈਆਂ ਤੋਂ ਮਾਣਿਆ, ਜਿਸ ਸਦਕਾ ਅੱਜ ਵੀ ਉਹ ਵਿਮੈਨ ਐਸੋਸੀਏਸ਼ਨ ਕੈਲਗਰੀ ਦੀ ਪ੍ਰਧਾਨ ਵਜੋਂ ਉਥੋਂ ਦੀਆਂ ਮੈਂਬਰ ਬਜ਼ੁਰਗ ਔਰਤਾਂ ਨੂੰ ਟੂਰ ਤੇ ਲੈ ਕੇ ਜਾਣ ਦੀਆਂ ਯੋਜਨਾਵਾਂ ਲਈ ਪਹਿਲ ਕਰਦੇ ਨਜ਼ਰ ਆਉਂਦੇ ਹਨ, ਜਿੱਥੇ ਉਹ ਔਰਤਾਂ ਆਪਣੀਆਂ ਹਮ ਉਮਰਾਂ ਨਾਲ ਆਪਣੇ ਦਿਲ ਦੀਆਂ ਗੰਢਾਂ ਖੋਲ ਕੇ ਭਰਪੂਰ ਤਸੱਲੀ ਤੇ ਸੰਤੁਸ਼ਟੀ ਵਿਚ ਰਹਿੰਦੀਆਂ ਹਨ ਕਿਉਂਕਿ ਪੰਜਾਬ ਦੀ ਧਰਤੀ ਤੋਂ ਗਈਆਂ ਉਹ ਪੀੜ੍ਹੀ-ਪਾੜਾ ਮਹਿਸੂਸ ਕਰਦੀਆਂ, ਬੇਗਾਨਗੀ ਹੰਢਾਉਂਦੀਆਂ ਮਹਿਸੂਸ ਕਰਦੀਆਂ ਹਨ ਕਿਉਂਕਿ ਉਹਨਾਂ ਲਈ ਉਹਨਾਂ ਦੇ ਬੱਚਿਆਂ ਕੋਲ ਕੋਈ ਟਾਈਮ ਨਹੀਂ ਤਦੇ ਤਾਂ ਉਹ ਆਪਣੀਆਂ ਹਮ ਉਮਰਾਂ ਨਾਲ ਢਿੱਡ ਹੌਲਾ ਕਰਕੇ ਦਿਮਾਗੀ ਤਾਜਗੀ ਮਹਿਸੂਸ ਕਰਦੀਆਂ ਕਹਿੰਦੀਆਂ ਹਨ। "ਸਾਨੂੰ ਜਿੱਥੇ ਮਰਜ਼ੀ ਲੈ ਜੋ ਬਸ ਘਰੋਂ ਬਾਹਰ ਕੱਢ ਕੇ ਲੈ ਜੋ।"9

'ਮਨ ਦਾ ਕੋਨਾ' ਰਚਨਾ ਵਿੱਚ ਡਾਕਟਰ ਬਲਵਿੰਦਰ ਕੌਰ ਬਰਾੜ ਆਪਣੇ ਬਚਪਨ, ਵਿਦਿਆ, ਜਵਾਨੀ, ਨੌਕਰੀ ਤੋਂ ਰਿਟਾਇਰਮੈਂਟ ਤੱਕ ਅਤੇ ਰਿਟਾਇਰਮੈਂਟ ਤੋਂ ਬਾਅਦ ਪ੍ਰਵਾਸ ਧਾਰਨ ਤੱਕ ਦਾ ਅਨੁਭਵ ਪਾਠਕਾਂ ਨਾਲ ਸਾਂਝਾ ਕਰਦੀ ਹਿੰਮਤ ਨਾਲ ਜਿੰਦਗੀ ਜਿਉਣ ਦੇ ਢੰਗ ਦੱਸਦੀ ਹਰ ਉਮਰ ਵਿੱਚ ਆਉਂਦੀਆਂ ਤਕਲੀਫਾਂ ਜਿਵੇਂ ਬਚਪਨ ਵਿੱਚ ਦਾਦੀ ਦੁਆਰਾ ਮੁੰਡਿਆਂ ਤੇ ਕੁੜੀਆਂ 'ਚ ਕੀਤਾ ਜਾਂਦਾ ਫਰਕ, ਸਹੇਲੀਆਂ ਨੂੰ ਮਿਲਣ ਤੇ ਸਜਣ-ਸਵਰਨ ਦੀਆਂ ਮਾਪਿਆਂ ਦੇ ਘਰ ਦੀਆਂ ਮਨਾਹੀਆਂ ਜਿਥੇ ਪਾਂਡਾ ਕਹਿੰਦਾ ਹੈ ਕਿ ਇਹ ਦਸਵੀਂ ਤੋਂ ਬਾਅਦ ਪੜੇਗੀ ਹੀ ਨਹੀਂ ਤੇ ਲੇਖਿਕਾ ਉਸ ਦੀਆਂ ਧਾਰਨਾਵਾਂ ਨੂੰ ਗਲਤ ਸਾਬਤ ਕਰਦੀ, ਪੀ ਐੱਚ ਡੀ ਦੀ ਡਿਗਰੀ ਹਾਸਲ ਕਰਦੀ ਹੈ ਤੇ ਪਤੀ ਦਾ ਭਰ ਜਵਾਨੀ ਵਿੱਚ ਤੁਰ ਜਾਣਾ ਕਿਵੇਂ ਉਹ ਇਹਨਾਂ ਠੋਕਰਾਂ ਨਾਲ ਟੁੱਟਦੀ ਤੇ ਉਸ ਦਾ ਆਪਾ ਉਸ ਨੂੰ ਦੋ ਗੁਣਾ ਹਿੰਮਤ ਨਾਲ ਖੜਾ ਕਰਦਾ ਤੇ ਜ਼ਿੰਦਗੀ ਨੂੰ ਜਿਉਣ ਦੇ ਰਾਹ ਪੱਧਰੇ ਕਰਦਾ ਹੈ। ਜਵਾਨੀ ਦੇ ਸਿਖਰ ਦੁਪਹਿਰੇ ਪਤੀ ਦੇ ਸਦੀਵੀ ਵਿਛੋੜਾ ਦੇਣ ਤੋਂ ਬਾਅਦ ਛਾਵਾਂ ਦਾ ਧੁੱਪਾਂ ਵਿੱਚ ਬਦਲਣ ਤੇ ਲੇਖਿਕਾ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਤਪਦੀਆਂ ਦੁਪਹਿਰਾਂ ਤੋਂ ਬਚਾਉਂਦੀ ਪਾਲਦੀ ਘਰੇਲੂ ਜਿੰਮੇਵਾਰੀਆਂ ਦੇ ਨਾਲ ਸਹੁਰਾ ਪਰਿਵਾਰ ਨਾਲ ਸੁਖਾਵੇ ਸਬੰਧਾਂ ਦਾ ਵਰਣਨ ਕਰਦੀ ਇਕ ਔਰਤ ਦੀ ਸ਼ਹਿਣਸ਼ਕਤੀ, ਦਲੇਰਾਨਾ ਸੂਝ ਤੇ ਨੌਕਰੀ ਕਰਨ ਸਮੇਂ ਦੀ ਬੇਬਾਕੀ ਤੇ ਧੜੱਲੇਦਾਰੀ ਨਾਲ ਜ਼ਿੰਮੇਵਾਰੀਆਂ ਨੂੰ ਸਰ ਕਰਦੀ ਆਪਣੇ ਹਰ ਸਮੇਂ ਨੂੰ ਬੜੀ ਮੜਕ ਨਾਲ ਨਿਰਉਚੇਚ ਜਿਉਂਦੀ ਨਜ਼ਰ ਆ ਰਹੀ ਹੈ। ਨੌਕਰੀ ਸਮੇਂ ਦੇ ਤਜਰਬਿਆਂ ਨੂੰ ਸਾਂਝਾ ਕਰਦੀ ਦੱਸਦੀ ਹੈ ਕਿ ਕੁਲੀਗ ਭਾਵੇਂ ਉਮਰ ਵਿੱਚ ਤੁਹਾਡੇ ਤੋਂ ਵੱਡੇ ਹੋਣ ਜਾਂ ਛੋਟੇ ਸਾਰੇ ਤੁਹਾਡੇ ਤੋਂ ਖਾਰ ਖਾਂਦੇ ਹਨ। ਕਿਤੇ-ਕਿਤੇ ਲੇਖਿਕਾ ਵਿੱਚੋਂ ਬਗਾਵਤੀ ਸੁਰ ਵੀ ਝਲਕਦੀ ਹੈ ਜਦੋਂ ਉਹ ਕਹਿੰਦੀ ਹੈ ਕਿ 'ਰੱਬ ਨੂੰ ਗੁਲਾਮਿਓਂ ਫੜ ਕੇ ਢਾਅ ਲੈਣ ਜਿਹੀ ਲੂਰੀ ਉੱਠਦੀ ਹੈ।' ਅਜੋਕੇ ਰਿਸ਼ਤਿਆਂ ਵਿਛਲੀਆਂ ਤਰੇੜਾਂ ਨੂੰ ਉਜਾਗਰ ਕਰਦੀ ਲੇਖਿਕਾ ਇਹਨਾਂ ਵਿਚਲੇ ਖੱਪੇ ਭਰਨ ਦੇ ਵਲ ਇਸ਼ਾਰਾ ਕਰਦੀ ਅਜੋਕੇ ਸਮਾਜ ਦੀਆਂ ਸਮੱਸਿਆਵਾਂ ਜਿਵੇਂ ਬੇਰੁਜ਼ਗਾਰੀ, ਸ਼ਹਿਨਸ਼ੀਲਤਾ ਦੀ ਘਾਟ, ਨਸ਼ਿਆਂ ਵਿੱਚ ਰੁਲਦੀ ਜਵਾਨੀ ਤੇ ਪਰਵਾਸ ਧਾਰਨ ਦੀ ਹੋੜ ਵਿੱਚ ਲੱਗੀ ਲੋਕਾਈ, ਪੈਸਾ ਪ੍ਰਾਪਤੀ ਦੀ ਲਾਲਸਾ ਇਨਸਾਨ ਨੂੰ ਖੁਦਗਰਜ਼ ਬਣਾਉਂਦੀ ਹੈ ਜਿਸ ਦਾ ਖਾਮਿਆਜਾ ਬਜ਼ੁਰਗ ਪੀੜ੍ਹੀ ਨੂੰ ਇਕਲਾਪੇ ਰਾਹੀਂ ਭੁਗਤਣਾ ਪੈਂਦਾ ਹੈ ਇਸ ਦੇ ਨਾਲ ਹੀ ਬਾਹਰਲੇ ਦੇਸ਼ਾਂ ਵਿੱਚ ਵਸਿਆਂ ਲਈ ਪੰਜਾਬ ਦਾ ਹੇਰਵਾ ਸਾਫ ਨਜ਼ਰ ਆਉਂਦਾ ਹੈ ਜਿਸ ਵਿੱਚ ਲੇਖਿਕਾ ਦੱਸਦੀ ਹੈ ਕਿ ਪੰਜਾਬ ਦੀ ਧਰਤੀ ਤੋਂ ਵਿਦੇਸ਼ ਜਾ ਕੇ ਵਸੇ ਦੋਫਾੜ ਜ਼ਿੰਦਗੀ ਜਿਉਂਦੇ ਹਨ, ਜਿਸ ਵਿੱਚ ਉਹਨਾਂ ਦਾ ਇੱਕ ਹਿੱਸਾ ਪੰਜਾਬ ਵਿੱਚ

## ਕਵਿਤਾਵਾਂ / ਕਾਰਿਆ ਪ੍ਰਭਜੋਤ ਕੌਰ



### ਪਤਾ ਨਹੀਂ ਕੀ ਆਖਾਂ

ਤੂੰ ਮੁਹੱਬਤ ਦਾ ਸੋਮਾ
ਮੈਂ ਤੇਰੇ ਪਾਸ ਆਈ
ਪਰ ਭਿੱਜ ਨਾ ਪਾਈ,
ਰੂਹ ਤਰਸੀ ਨਜ਼ਰਾਂ ਨਾਲ
ਬਸ ਤੱਕਦੀ ਰਹੀ
ਤੈਨੂੰ ਵੇਖ ਖਿਲਰ ਰਹੀ ਸਾਂ,
ਕਿਨਾਰੇ ਤੇ ਸਾਂ
ਵਾਛੜ ਨਾਲ ਤੇਰੀ
ਭਿੱਜੀ ਵੀ ਸਾਂ
ਪਰ ਤੈਨੂੰ ਪੀਣ ਦੀ
ਪਿਆਸ ਨਾ ਸੀ,
ਭੁੱਲ ਬੈਠੀ ਸਾਂ
ਤੂੰ ਹੱਥ ਫੜ੍ਹੀ ਮੇਰਾ
ਕੁਝ ਬੋਲ ਰਿਹਾਂ ਸੀ
ਆਸੇ-ਪਾਸੇ ਕੋਈ ਨਾ ਸੀ
ਮੈਂ ਨਹੀਂ ਸਾਂ ਕਹਿ ਸਕੀ
ਮੈਨੂੰ ਪਿਆਸ ਨਹੀਂ
ਮੈਂ ਤਾਂ ਰੌਸ਼ਨੀ ਵੱਲ
ਤੁਰਦੀ ਆਈ ਸਾਂ,
ਰੌਸ਼ਨੀ ਜੋ ਆਪਣੇ ਆਪ 'ਚ
ਕੁੱਲ ਰੱਬ ਸੀ,
''ਰੰਗ ਰਤਾ ਮੇਰਾ ਸਾਹਿਬ
ਰਵ ਰਿਹਾ ਭਰਪੂਰ...''
ਜਿਸ ਨੂੰ ਸਿਰਮਸਤਕ ਹੋ
ਰੂਹ ਨੇ ਤੇਰੇ 'ਚ ਰੰਮ ਜਾਣਾ ਸੀ,
ਸੁਪਨਾ-ਕਲਪਣਾ...
...ਆਸਥਾ ਤੇ ਮੁਹੱਬਤ
ਸ਼ਬਦ ਨਹੀਂ ਹੁੰਦੇ
ਨਾ ਮੌਸਮ ਹੀ ਹੋ ਤੁਰਦੇ
ਰਮਜ ਹੈ ਉਸ ਖੁਦਾ ਦੀ
''ਨਾ ਕੋ ਮੂਰਖੁ
ਨਾ ਕੋ ਸਿਆਣਾ
ਵਰਤੇ ਸਭ ਕਿਛ ਤੇਰਾ ਭਾਣਾ।
ਭਾਣੈ ਉਜੜ ਭਾਣੈ ਰਾਹਾ
ਭਾਣੈ ਹਰ ਗੁਣ ਗੁਰਮੁਖਿ ਗਾਵਾਹਾ
ਭਾਣੈ ਭਰਮਿ ਭਵੈ ਬਹੁ ਜੂਨੀ
ਸਭ ਕਿਛ ਤਿਸੈ ਰਜਾਈ ਜੀਉ।''

### ਹਾਂ ਮੈਂ ਤੇਰੇ ਜਿਹੀ ਨਹੀਂ

ਹਾਂ ਮੈਂ ਤੇਰੇ ਜਿਹੀ ਨਹੀਂ
ਪਰ ਹੋਰਨਾਂ ਵਾਂਗ !
ਬਿਲਕੁਲ ਨਹੀਂ,
ਨਹੀਂ ਸੋਚਦੀ ਤੇਰੇ ਜਿਹਾ
ਖ਼ਾਬ ਵੀ ਵੱਖਰੇ ਨੇ ਮੇਰੇ
ਔਰਤ ਵਾਂ...
ਮਰਦ ਨਹੀਂ ਹੋ ਸਕਦੀ
ਮੈਨੂੰ ਕਿਸੇ ਵੀ...
ਦੁਨਿਆਵੀ ਸ਼ਹਿ ਦੀ ਚਾਹ ਨਹੀਂ
ਆਸ ਨਹੀਂ-ਖ਼ੁਆਇਸ਼ ਵੀ ਨਹੀਂ
ਸ਼ਾਇਦ ਜੋ ਲੋਚਾ ਉਹ ਹੋਵੇ ਵੀ ਨਾ,
ਪਰ ਮੈਂ ਕਿਸੇ ਤੋਂ ਕੁਝ ਨਾ ਲੋਚਾ
ਕੋਈ ਕਿਸੇ ਦੇ ਹਾਣ ਦਾ ਨਾ
ਹਰ ਰੂਹ ਵੱਖਰੀ
ਹਰ ਤਾਰ ਵੱਖਰੀ,
ਸਭ ਮ੍ਰਿਗਤ੍ਰਸ਼ਨਾ ਹੈ ਸ਼ਾਇਦ,
ਚੱਲ ਇਸ਼ਕ ਆਖ ਲੈ
ਇਸ਼ਕ ਸਿਰਫ ਸ਼ਬਦ ਤਾਂ ਨਹੀਂ
ਇਬਾਦਤ ਹੈ ਰੂਹ ਦੀ
''ਪਾਕ- ਹਕੀਕੀ''
ਜਿਸਮ ਸ਼ਰਤਾਂ ਤੋਂ ਪਾਰ
ਇਕ ਵੱਖਰਾ ਰੰਗ
ਇਕ ਵੱਖਰੀ ਤਾਸੀਰ
ਨਿਰੀ ਰੂਹ ਦੇ ਦਰ ਪਈ ਮਿੱਟੀ
ਮਿੱਟੀ ਜੋ ਤਰ ਜਾਵੇ ਸਮੁੰਦਰ ਵੀ
ਘੁਲ ਜਾਵੇ ਹਵਾ 'ਚ ਮਿਸ਼ਰੀ ਹੋ
ਤੇ ਤਨ ਸਿਰਫ ਕਲਬੂਤ ਹੋ ਤੁਰੇ
ਲਾਸ਼ ਜਹੀ ਸ਼ੈ ਲੈ ਸ਼ਮਸ਼ਾਨ ਵਲ।
ਐਵੇ ਨਾ ਡੌਰ-ਭੌਰ ਹੋਇਆ ਕਰ
ਸਭ ਉਥੇ ਹੀ ਪਿਆ ਜਿਥੇ ਤੂੰ
ਬੰਸਰੀ-ਕਿਤਾਬ...
ਖੌਰੇ ਹੋਰ ਕੀ ਕੁਝ ਚੁੱਕਦਾ-ਰੱਖਦਾ
ਆਪਣੇ ਹੀ ਅੰਦਰ ਭਟਕਦਾ ਰਿਹਾ।

ਰਹਿ ਜਾਂਦਾ ਹੈ ਤੇ ਉਹ ਇਸ ਨੂੰ ਹਰ ਵਕਤ ਝੂਰਦੇ ਰਹਿੰਦੇ ਹਨ।

**ਹਵਾਲੇ ਅਤੇ ਟਿੱਪਣੀਆਂ**


1) ਪ੍ਰੋ. ਚਾਨਣ ਸਿੰਘ ਨਿਰਮਲ, ਪਿੰਗਲ ਤੇ ਸਾਹਿਤ ਦੇ ਰੂਪ, ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, ਸੰਸਕਰਨ 1991, ਪੰਨਾ 117
2) ਬਲਵਿੰਦਰ ਕੌਰ ਬਰਾੜ, ਮਨ ਦਾ ਕੋਨਾ, ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ ,ਸੰਸਕਰਨ 2020, ਪੰਨਾ 9
3) ਉਹੀ,ਪੰਨਾ 14
4) ਉਹੀ,ਪੰਨਾ 18
5) ਇੰਦਰਜੀਤ ਕੌਰ,ਨਾਰੀਵਾਦੀ-ਸੰਵੇਦਨਾ ਅਤੇ ਦਲੀਪ ਕੌਰ ਟਿਵਾਣਾ ਦਾ ਗਲਪ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, ਸੰਸਕਰਨ 2005, ਪੰਨਾ 11
6) ਉਹੀ,ਪੰਨਾ 110
7) ਉਹੀ,ਪੰਨਾ 133,134,135
8) ਉਹੀ,ਪੰਨਾ 139
9) ਉਹੀ,ਪੰਨਾ 141



**ਅਸਿਸਟੈਂਟ ਪ੍ਰੋਫ਼ੈਸਰ,**
**ਪੰਜਾਬੀ ਵਿਭਾਗ,**
**ਮੁਲਤਾਨੀ ਮੱਲ ਮੋਦੀ ਕਾਲਜ,**
**ਪਟਿਆਲਾ**

-ਅੱਜ ਪੰਜਾਬੀ ਖੇਤਰੀ ਭਾਸ਼ਾ ਨਹੀਂ ਸਗੋਂ ਅੰਤਰਰਾਸ਼ਟਰੀ ਭਾਸ਼ਾ ਦਾ ਦਰਜਾ ਹਾਸਲ ਕਰ ਚੁੱਕੀ ਹੈ।

-ਵੱਖ-ਵੱਖ ਦੇਸ਼ ਇਸ ਭਾਸ਼ਾ ਦਾ ਗਿਆਨ ਦੇ ਰਹੇ ਹਨ, ਦੁਨੀਆਂ ਦੇ ਲਗਭਗ 150 ਦੇਸ਼ਾਂ ਦੇ 15 ਕਰੋੜ ਤੋਂ ਵੱਧ ਲੋਕ ਇਸ ਭਾਸ਼ਾ ਦਾ ਇਸਤੇਮਾਲ ਕਰਦੇ ਹਨ।

-ਮੇਰੇ ਵਿਚਾਰ ਅਨੁਸਾਰ ਚੁਣੌਤੀ ਭਾਸ਼ਾ ਨੂੰ ਨਹੀਂ ਸਗੋਂ ਪੰਜਾਬੀਆਂ ਨੂੰ ਹੈ।

1.ਸਕੂਲਾਂ ਵਿਚ ਪੰਜਾਬੀ ਭਾਸ਼ਾ ਬੋਲਦੇ ਬੱਚਿਆਂ ਨੂੰ ਜੁਰਮਾਨਾ ਕਰਨਾ।

2.ਸਾਡਾ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਮਾਧਿਅਮ ਸਕੂਲਾਂ ਵਿਚ ਪੜ੍ਹਾਉਣਾ।

3.ਪੰਜਾਬੀ ਭਾਸ਼ਾ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨਾ।

4.ਘਰਾਂ ਵਿਚ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਰਤਣਾ।

5.ਪੰਜਾਬੀ ਬੋਲਣ ਤੋਂ ਗੁਰੇਜ਼ ਕਰਨਾ।

ਇਹ ਸਾਰਾ ਕੁਝ ਸਾਡੀ ਮਾਨਸਿਕਤਾ ਸੰਕੀਰਣਤਾ ਦਾ ਸਬੂਤ ਹੈ।

-ਦੁਨੀਆਂ ਵਿਚ ਲੱਗਭਗ 6900 ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਪਰ ਇਨ੍ਹਾਂ ਸਾਰੀਆਂ ਭਾਸ਼ਾਵਾਂ ਵਿੱਚੋਂ ਪੰਜਾਬੀ ਭਾਸ਼ਾ ਨੂੰ 10ਵਾਂ ਸਥਾਨ ਹਾਸਲ ਹੈ।

-ਪਾਕਿਸਤਾਨ ਵਿਚ ਸਭ ਤੋਂ ਵੱਧ ਪੰਜਾਬੀ ਭਾਸ਼ਾ ਬੋਲੀਂ ਜ਼ਾਂਦੀ ਹੈ।

-ਪੰਜਾਬੀ ਭਾਸ਼ਾ ਨੂੰ ਪੰਜਾਬ ਵਿੱਚ ਪਹਿਲੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ ਜਦੋਂ ਕਿ ਯੂਨਾਇਟਡ ਕਿੰਗਡਮ ਵਿੱਚ ਪੰਜਾਬੀ ਦੂਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ।

-ਸਾਲ 2000 ਅਨੁਸਾਰ ਯੂ.ਕੇ.ਵਿਚ 1.3 ਮਿਲੀਅਨ ਲੋਕ ਪੰਜਾਬੀ ਭਾਸ਼ਾ ਬੋਲਦੇ ਹਨ।

-ਸਾਲ 2000 ਅਨੁਸਾਰ ਕਨੇਡਾ ਵਿੱਚ 3,68,000 ਲੋਕ ਪੰਜਾਬੀ ਭਾਸ਼ਾ ਵਰਤਦੇ ਹਨ ਅਤੇ ਕਨੇਡਾ ਵਿਚ ਚੌਥੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਪੰਜਾਬੀ ਭਾਸ਼ਾ ਹੈ।

-2016-2017 ਅਨੁਸਾਰ ਕਨੇਡਾ ਵਿੱਚ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਹਾਸਲ ਹੋਇਆ ਹੈ।

-ਪੰਜਾਬੀ ਭਾਸ਼ਾ ਦਾ ਹਾਜ਼ਮਾਂ ਇੰਨਾ ਦਰੁਸਤ ਹੈ ਕਿ ਇਸ ਵਿਚ ਦੂਸਰੀਆਂ ਭਾਸ਼ਾਵਾਂ ਦੇ ਬਹੁਤ ਸਾਰੇ ਸ਼ਬਦ ਸਮਾਏ ਹੋਏ ਹਨ।

-ਸੰਵਿਧਾਨ ਵਿਚ ਰਾਸ਼ਟਰੀ ਭਾਸ਼ਾ ਦਾ ਕੋਈ ਸੰਕਲਪ ਨਹੀਂ ਹੈ। ਸੰਵਿਧਾਨ ਦੇ 8ਵੇਂ ਅਧਿਆਏ ਵਿਚ ਕੁੱਲ 22 ਭਾਸ਼ਾਵਾਂ ਹਨ, ਇਨ੍ਹਾਂ ਨੂੰ ਸਰਕਾਰੀ ਭਾਸ਼ਾਵਾਂ ਕਿਹਾ ਗਿਆ ਹੈ।

-ਪੰਜਾਬੀ ਭਾਸ਼ਾ ਦਾ ਦਰਜਾ ਉੱਚ ਦਰਜੇ ਦਾ ਹੈ :

*ਗੁਣਾਤਮਕ

*ਗਿਣਾਤਮਕ

-ਭਾਸ਼ਾ ਸੰਚਾਰ ਦਾ ਮਾਧਿਅਮ ਹੈ। ਭਾਸ਼ਾ ਸ਼ਬਦ ਅੰਗਰੇਜ਼ੀ ਦੇ ਸ਼ਬਦ () ਦਾ ਸਮਾਨ ਅਰਥੀ ਹੈ। ਸ਼ਬਦ ਦਾ ਅਰਥ ਲਾਤੀਨੀ ਭਾਸ਼ਾ ਦੇ ਸ਼ਬਦ ਲਿੰਗੂਆ ( ) ਤੋਂ ਬਣਿਆ ਹੈ ਜਿਸ ਦਾ ਅਰਥ ਹੈ - ਜੀਭ। ਇਸ ਤਰ੍ਹਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਜੀਭ ਦੁਆਰਾ ਉਤਪੰਨ ਧੁਨੀਆਂ ਅਤੇ ਬੋਲਾਂ ਦੇ ਸਮੂਹ ਨੂੰ ਭਾਸ਼ਾ ਕਿਹਾ ਗਿਆ ਹੈ।

-ਭਾਸ਼ਾ ਦੀ ਪ੍ਰਕਿਰਤੀ ਦੇ 10 ਸਰੋਤਾਂ ਨੂੰ ਮੰਨਿਆ ਜਾਂਦਾ ਹੈ :

1.ਭਾਸ਼ਾ ਉਚਾਰ ਮੁੱਖ ਹੈ।

2.ਭਾਸ਼ਾ ਸਥਿਤੀ ਸੰਬੰਧਿਤ ਹੈ।

3.ਭਾਸ਼ਾ ਨਿਯਮਬੱਧ ਹੁੰਦੀ ਹੈ।

4.ਭਾਸ਼ਾ ਸਮਾਜਿਕ ਸ਼ੀਸ਼ਾ ਹੈ।

5.ਭਾਸ਼ਾ ਪਰਿਵਰਤਨਸ਼ੀਲ ਅਤੇ ਗਤੀਸ਼ੀਲ ਵਰਤਾਰਾ ਹੈ।

6.ਭਾਸ਼ਾ ਚਿੰਨ੍ਹਾਤਮਕ ਹੁੰਦੀ ਹੈ।

7.ਭਾਸ਼ਾ ਧੁਨੀਮਈ ਹੁੰਦੀ ਹੈ।

8.ਭਾਸ਼ਾ ਸੰਚਾਰ ਮਾਧਿਅਮ ਹੈ।

9.ਭਾਸ਼ਾ ਸਮਾਜਿਕ ਸੰਸਥਾ ਹੈ।

10.ਭਾਸ਼ਾ ਅਧੀਨ ਕਈ ਉਪ- ਭਾਸ਼ਾਵਾਂ ਹੁੰਦੀਆਂ ਹਨ।

*ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾਂ*

*ਪੰਜਾਬੀ ਇਕ ਸੁਰਾਤਮਕ ਭਾਸ਼ਾ ਹੈ।

*ਪੰਜਾਬੀ ਸਰਲ ਅਤੇ ਸਧਾਰਨ ਭਾਸ਼ਾ ਹੈ।

*ਪੰਜਾਬੀ ਭਾਸ਼ਾ ਦੇ ਸੁਤੰਤਰ ਵਿਆਕਰਣ ਨਿਯਮ ਹਨ।

*ਪੰਜਾਬੀ ਭਾਸ਼ਾ ਦੀਆਂ ਤਿੰਨ ਸੁਰਾਂ ਹਨ (ਉੱਚੀ ਸੁਰ, ਮੱਧਮ ਸੁਰ, ਨੀਂਵੀਂ ਸੁਰ)

*ਪੰਜਾਬੀ ਭਾਸ਼ਾ ਵਰਤਮਾਨ ਸਮੇਂ ਵਿੱਚ ਮੈਡੀਕਲ,ਕਾਮਰਸ, ਇੰਜਨੀਰਿੰਗ,ਕੋਰਟ ਅਤੇ ਹੋਰ ਰੂਪਾਂ ਜ਼ਰੀਏ ਕਾਰਜਸ਼ੀਲ ਹੈ।

*ਪੰਜਾਬੀ ਭਾਸ਼ਾ ਸੰਵਾਦੀ ਟੂਲ ਹੈ।

*ਪੰਜਾਬੀ ਭਾਸ਼ਾ ਦੀਆਂ 10 ਲਗਾਂ ਮਾਤਰਾਵਾਂ ਹਨ:

(ਸਿਆਰੀ,ਬਿਆਰੀ,ਔਂਕੜ,ਦੁਲੈਂਕੜ,ਲਾਂ,ਦੂਲਾਂਵ ਾਂ,ਹੋੜਾ,ਕਨੌੜਾ, ਕੰਨਾ,ਮੁਕਤਾ)

*ਪੰਜਾਬੀ ਭਾਸ਼ਾ ਦੇ ਕੇਵਲ ਤਿੰਨ ਲਗਾਖਰ ਹਨ :

(ਬਿੰਦੀ,ਟਿੱਪੀ,ਅੱਧਕ)
*10 ਲਗਾਂ ਮਾਤਰਾਵਾਂ ਵਿਚਲੀ ਵਰਤੋਂ :
*ਬਿੰਦੀ* (6)
ਨਾਂ/ਤੁਸੀਂ/ਕੇਂਦਰ/ਮੈਂ/ਰੋਂਦੇ/ਪੌਂਡ
*ਟਿੱਪੀ*(4)
ਸੰਤ/ਸਿੰਘ/ਤੂੰ/ਚੁੰਨੀ
*ਅੱਧਕ*
ਜਿਸ ਸ਼ਬਦ ਨੂੰ *ਜ਼ੋਰ ਦੇ ਕੇ* ਬੋਲਿਆ ਜਾਵੇ ।
(ਜਿਵੇਂ – ਸੱਚ,ਕੱਪ,ਤੱਤ,ਨੱਥ)
*ਉਚਾਰਨ ਦੇ ਆਧਾਰ ਤੇ ਪੰਜਾਬੀ ਭਾਸ਼ਾ ਦੀਆਂ *5 ਵਿਅੰਜਨ ਧੁਨੀਆਂ* ਹਨ:
ਕੰਠੀ – ਕ,ਖ,ਗ.....
ਤਾਲਵੀ – ਚ,ਛ,ਜ......
ਉਲਟ ਜੀਭੀ – ਟ,ਠ,ਡ.....
ਦੰਤੀ – ਤ,ਥ,ਦ.....
ਹੋਠੀ– ਪ,ਫ,ਬ.....
*ਪੰਜਾਬੀ ਭਾਸ਼ਾ ਦੀ *ਵਰਣਮਾਲਾ ਨੂੰ 8 ਭਾਗਾਂ* ਵਿਚ ਵੰਡਿਆ ਹੈ :
ਮੁੱਖ ਵਰਗ – ੳ,ਅ,ੲ
ਕਵਰਗ – ਕ,ਖ,ਗ
ਚਵਰਗ – ਚ,ਛ,ਜ
ਟਵਰਗ – ਟ,ਠ,ਡ
ਤਵਰਗ – ਤ,ਥ,ਦ
ਪਵਰਗ – ਪ,ਫ,ਬ
ਅੰਤਮ ਵਰਗ –ਯ,ਵ,ਲ
ਨਵੀਂਨ ਵਰਗ –
ਸ਼,ਖ਼,ਗ਼,ਜ਼,ਫ਼,ਲ਼
*ਪੰਜਾਬੀ ਭਾਸ਼ਾ ਦੇ 3 ਸਵਰ ਹਨ: ੳ,ਅ,ੲ
*ਅਰਧ ਸਵਰ 2 ਹਨ: ਯ,ਵ
*ਵਿਅੰਜਨ 30 ਹਨ:
ਸ ਤੋਂ ਲੈ ਕੇ ੜ ਤੱਕ
*ਪੰਜਾਬੀ ਭਾਸ਼ਾ ਦੇ 35 ਅੱਖ਼ਰ ਹਨ :
ਸਵਰ 3,ਅਰਧ ਸਵਰ 2, ਵਿਅੰਜਨ 30
*ਅਰਬੀ /ਫ਼ਾਰਸੀ ਧੁਨੀਆਂ 6:
ਸ਼/ਖ਼/ਗ਼/ਜ਼/ਫ਼/ਲ਼
*ਪੰਜਾਬੀ ਭਾਸ਼ਾ ਸਬੰਧੀ ਕੁਝ ਅਹਿਮ ਨੁਕਤੇ*

*ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬੀ ਭਾਸ਼ਾ ਨੂੰ ਸੰਭਾਲਣਾ ਲਾਜ਼ਮੀ ਹੈ।

*ਕਿਉਂਕਿ ਭਾਸ਼ਾ ਦਾ ਸੰਬੰਧ ਇਤਿਹਾਸ ਨਾਲ ਹੁੰਦਾ ਹੈ, ਇਸੇ ਲਈ ਐਂਗਲਜ਼ ਨੇ ਕਿਹਾ ਸੀ: .

ਭਾਵ: ਇਤਿਹਾਸ ਮਨੁੱਖ ਜਾਂ ਬੁੱਧੀਜੀਵੀਆਂ ਨਾਲੋਂ ਵੱਧ ਕਲਪਨਾਸ਼ੀਲ ਹੁੰਦਾ ਹੈ।

*ਜਦੋਂ ਆਪਾਂ ਕਿਸੇ ਚੀਜ਼ ਦੀ ਸੈਲੀਬਰੇਸ਼ਨ ਕਰਦੇ ਹਾਂ ਤਾਂ ਖ਼ਾਸ ਕਰਕੇ ਇਹ ਇਕ ਦਿਨ ਲਈ ''ਨਾਗ ਪੰਚਮੀ'' ਮਨਾਉਣ ਦੇ ਬਰਾਬਰ ਹੁੰਦੀ ਹੈ। ਨਾਗ ਪੰਚਮੀ ਵਾਲੇ ਦਿਨ ਅਸੀਂ ਨਾਗ ਦੇਵਤਾ ਦੀ ਪੂਜਾ ਕਰਦੇ ਹਾਂ ਅਤੇ ਕਿਸੇ ਤਲਾਬ ਤੇ ਜਾ ਕੇ ਮਿੱਟੀ ਕੱਢਦੇ ਹਾਂ ਪਰ ਅੱਗੇ ਪਿੱਛੇ ਜਿਥੇ ਨਾਗ ਦੇਵਤਾ ਮਿਲਦਾ ਹੈ ਤਾਂ ਅਸੀਂ ਝੱਟ ਉਸ ਨੂੰ ਮਾਰ ਦਿੰਦੇ ਹਾਂ।

*21ਵੀਂ ਸਦੀ ਦੇ ਪਹਿਲੇ ਦਹਾਕੇ ਦੇ ਅੱਧ ਵਿੱਚ ਅਖ਼ਬਾਰਾਂ ਵਿਚ ਅਜਿਹੇ ਬਿਆਨ ਛਪਣ ਲੱਗੇ ਕਿ ਸੰਯੁਕਤ ਰਾਸ਼ਟਰ ਸੰਘ ਦੀ ਸਿੱਖਿਆ/ਸਭਿਆਚਾਰ/ ਸਮਾਜਿਕ ਮਾਮਲਿਆਂ ਬਾਰੇ ਏਜੰਸੀ ਯੂਨੈਸਕੋ ਨੇ ਆਪਣੀ ਰਿਪੋਰਟ ਵਿੱਚ ਕਿਹਾ : ਪੰਜਾਬੀ 50 ਸਾਲਾਂ ਵਿਚ ਅਲੋਪ ਹੋ ਜਾਣ ਵਾਲੀ ਭਾਸ਼ਾ ਹੈ।

*ਪੰਜਾਬੀ ਭਾਸ਼ਾ ਰੁਜ਼ਗਾਰ, ਸਰਕਾਰ, ਵਪਾਰ ਅਤੇ ਪਰਿਵਾਰ ਦੀ ਭਾਸ਼ਾ ਬਨਣੀ ਚਾਹੀਦੀ ਹੈ।

*ਮਾਤ ਭਾਸ਼ਾ ਦਿਵਸ ਸਬੰਧੀ*

ਆਪਣੀ ਮਾਤ ਭਾਸ਼ਾ ਨੂੰ ਬਚਾਉਣ ਲਈ ਬੰਗਾਲ ਦੇ ਢਾਗਾ ਯੂਨੀਵਰਸਿਟੀ ਦੇ ਮੈਡੀਕਲ ਕਾਲਜ ਦੇ 5 ਵਿਦਿਆਰਥੀਆਂ ਨੇ ਜਦੋਂ ਭਾਸ਼ਾ ਵਿਰੋਧੀ ਗਤੀਵਿਧੀਆਂ ਦਾ ਡੱਟ ਕੇ ਮੁਕਾਬਲਾ ਕੀਤਾ ਤਾਂ ਪੁਲਿਸ ਨੇ ਗੋਲੀਆਂ ਚਲਾ ਕੇ ਉਨ੍ਹਾਂ ਪੰਜਾਂ ਵਿਦਿਆਰਥੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬੰਗਾਲੀਆਂ ਨੇ ਇਹ ਗੱਲ ਹਮੇਸ਼ਾ ਯਾਦ ਰੱਖਣ ਲਈ 21 ਫਰਵਰੀ ਨੂੰ ਮਾਤ ਭਾਸ਼ਾ ਦਿਵਸ ਮਨਾਉਣ ਦਾ ਹੋਕਾ ਦੇ ਦਿੱਤਾ। ਉਦੋਂ ਤੋਂ ਹੀ ਇਸ ਦਿਨ ਨੂੰ ਮਾਤ ਭਾਸ਼ਾ ਦਿਵਸ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ ਗਿਆ।

*1999 ਵਿਚ ਨੇ ਮੰਨ ਲਿਆ ਕਿ ਰਹਿਣੀ ਚਾਹੀਦੀ ਹੈ, ਇਸ ਤੋਂ ਬਾਅਦ 21 ਫਰਵਰੀ ਨੂੰ ਮਾਤ ਭਾਸ਼ਾ ਦਿਵਸ ਪੂਰੀ ਦੁਨੀਆ ਵਿਚ ਮਨਾਇਆ ਜਾਣ ਲੱਗਾ।

**ਐਸੋਸੀਏਟ ਪ੍ਰੋਫੈਸਰ**
**ਮੁਖੀ, ਪੰਜਾਬੀ ਵਿਭਾਗ**
**ਕਮਲਾ ਲੋਹਟੀਆ ਸਨਾਤਨ ਧਰਮ ਕਾਲਜ**
**ਲੁਧਿਆਣਾ**

## ਅਣਪੜ੍ਹੀ ਕਿਤਾਬ ਪੜ੍ਹਦਿਆਂ / ਅਤੈ ਸਿੰਘ / (ਬੁਰਜ ਨੱਥੂਕੇ / ਤਰਨਤਾਰਨ)




ਕਿਤਾਬ ਪੜ੍ਹਿਆਂ ਈ ਪੜ੍ਹੀ ਜਾਣੀ ਏ। ਆਪਣੇ ਆਪ ਥੋੜ੍ਹਾ ਪੜ੍ਹੀ ਜਾਂਦੀ ਏ ਕਿਤਾਬ ਕਿਸੇ ਕੋਲ ਆਣਕੇ। ਕਿਤਾਬ ਕੋਲ ਪੜ੍ਹਤੇ ਨੂੰ ਈ ਜਾਣਾ ਪੈਂਦਾ। ਪਿਆਸੇ ਦੇ ਖੂਹ ਕੋਲ ਜਾਣ ਵਾਂਗ। ਉਂਜ ਕਿਤੇ ਖੂਹ ਵੀ ਪਿਆਸੇ ਕੋਲ ਆ ਈ ਜਾਂਦਾ ਏ। ਆਪ ਕੋਲ ਆਏ ਨੂੰ ਕੌਣ ਮੋੜਦਾ! 'ਘਰ ਆਈਆਂ ਦੌਲਤਾਂ ਕੌਣ ਮੋੜੇ' ਵਾਰਸ ਹੋਰਾਂ ਦੇ ਆਖਣ ਵਾਂਗ। ਇੰਜ ਹੋਇਆ ਹਜ਼ੂਰ, ਆਤਮਜੀਤ ਹੋਰਾਂ ਦੇ ਦੋ ਫਰਵਰੀ ਵਾਲੇ ਲੇਖ ਨੂੰ ਪੜ੍ਹਕੇ। ਇਹ ਲੇਖ, ਲੇਖ ਈ ਨਹੀਂ; ਪੂਰੀ ਕਿਤਾਬ ਏ ਕਵੀ ਦੀ। ਲਗਦਾ ਨਹੀਂ ਆਤਮਜੀਤ ਨੇ ਕੋਈ ਕਵਿਤਾ, ਕੋਈ ਸਤਰ; ਕੋਈ ਹਰਫ-ਲਗ-ਮਾਤਰ ਛੱਡੀ ਹੋਵੇ ਕਵੀ ਦੀ ਉਘਾੜਨ ਵਾਲੀ। ਪੰਨਿਆਂ ਦੇ ਪੰਨੇ ਖੁਲ੍ਹਦੇ ਜਾਂਦੇ ਨੇ ਕਵੀ ਦੀ ਕਾਵਿ ਕਿਤਾਬ "ਬਰਫ 'ਚ ਉੱਗੇ ਅਮਲਤਾਸ" ਦੇ।

ਇਓਂ ਹੋਰ ਵੀ ਕਈ ਕਰਦੇ ਨੇ। ਸਾਡੇ ਵਰਗੇ ਮਾਤੜ੍ਹ 'ਨਪੜ੍ਹ ਵੀ ਕਰਦੇ ਨੇ ਕਿਤੇ ਕਿਤੇ। ਉਂਜ ਆਤਮਜੀਤ ਵਾਂਗ ਨਹੀਂ ਕਰਦੇ। ਸਾਰੇ ਆਤਮਜੀਤ ਵੀ ਤਾਂ ਨਹੀਂ ਹੁੰਦੇ ਨਾ! ਜਿਸ ਕਵੀ ਬਾਰੇ ਆਤਮਜੀਤ ਨੇ ਲਿਖਿਆ ਓਹੋ ਜਿਹੇ ਕਵੀ ਵੀ ਕਿਤੇ ਈ ਲਭਦੇ ਨੇ। ਮੋਤੀ ਤਾਂ ਮਿੱਟੀ ਚੋਂ ਵੀ ਲੱਭ ਲੈਂਦੇ ਨੇ ਲੱਭਣ ਵਾਲੇ ਪਾਰਖੂ। ਮੂਲੋਂ ਕਵੀ, ਜੜ੍ਹੋਂ ਚਿੰਤਕ; ਸ਼ੌਰਿਓਂ ਨਾਟਕਕਾਰ ਆਤਮਜੀਤ ਨੇ ਇਹ ਕਾਵਿ ਮੋਤੀ ਬਰਫ 'ਚੋਂ ਜਾ ਲੱਭਿਆ ਏ। 'ਬਨਫਸ਼ੇ ਦੇ ਫੁੱਲ' ਵਾਂਗ!

ਆਤਮਜੀਤ ਨੇ ਲਿਖਿਆ ਏ, ਕਵੀ ਗੁਰਿੰਦਰਜੀਤ ਨੇ ਬਰਫ 'ਚ ਅਮਲਤਾਸ ਜਾ ਉਗਾਇਆ। ਅਸਲ 'ਚ ਕਵੀ ਅਮਲਤਾਸ ਆਪਣੇ ਨਾਲ ਈ ਲੈ ਕੇ ਗਿਆ ਹੋਣਾ ਆਪਣੇ ਮਨ ਵਿਚ ਸਾਂਭਕੇ। ਰੂਹ 'ਚ ਟਿਕਾਕੇ। ਜਾਣਦਾ ਹੋਣਾ, ਬਰਫ 'ਚ ਕੀ ਉੱਗਣਾ? ਓਹ ਅਮਲਤਾਸ ਦੇ ਬੀਜ ਆਪਣੇ ਕਾਵਿ-ਹਰਫਾਂ, ਬਿੰਬਾਂ, ਪ੍ਰਤੀਕਾਂ, ਚਿੰਨ੍ਹਾਂ, ਅਲੰਕਾਰਾਂ, ਤੁਲਨਾਵਾਂ 'ਚ ਧਰ੍ਹਕੇ ਲੈ ਗਿਆ ਹੋਣਾ! ਇਹਨਾਂ ਨੂੰ ਈ ਓਹਨੇ ਏਸ ਕਿਤਾਬ 'ਚ ਬੀਜਿਆ ਏ, ਉਗਾਇਆ ਏ; ਪਾਲਿਆ ਏ। ਕਵਿਤਾਇਆ ਏ। ਦ੍ਰਿਸ਼ਟਾਇਆ ਏ। ਪਰਤਾਇਆ ਏ। ਪੰਜਾਬੀ, ਪੰਜਾਬੋਂ ਜਾਂਦਿਆਂ; ਪੰਜਾਬ ਵੀ ਨਾਲ ਲੈ ਜਾਂਦੇ ਨੇ ਵਿਦੇਸ਼।

ਉਂਜ ਇਸਦੇ ਉਲਟ ਵੀ ਹੋਣ ਲੱਗ ਪਿਆ ਹੁਣ। ਪੰਜਾਬੀ, ਪੰਜਾਬ 'ਚ ਰਹਿੰਦਿਆਂ ਵੀ; ਵਿਸਾਰੀ ਜਾਂਦੇ ਨੇ ਪੰਜਾਬ ਨੂੰ। ਭੁਲਾਈ ਜਾਂਦੇ ਨੇ ਪੰਜਾਬੀ ਨੂੰ। ਗੁਆਈ ਜਾਂਦੇ ਨੇ ਪੰਜਾਬੀਅਤ ਨੂੰ। ਜੇ ਪੰਜਾਬ 'ਚ ਪੰਜਾਬੀ ਨਾ ਰਹੀ ਤਾਂ ਪੰਜਾਬ 'ਚੋਂ ਪੰਜਾਬੀ ਕਿੱਥੋਂ ਲੱਭਣਗੇ! ਵੱਡੇ ਕਵੀ ਦੇ ਤੁਰ ਜਾਣ 'ਤੇ ਪੰਜਾਬ ਉਹਦੀ ਯਾਦ 'ਚ ਯਾਦਗਾਰ ਤਾਂ ਬਣਾਵੇਗਾ। ਮੇਲੇ ਵੀ ਲਾਵੇਗਾ। ਲਾਇਬ੍ਰੇਰੀ ਵੀ ਖੋਲ੍ਹੇਗਾ। ਪੰਜਾਬ ਨੂੰ ਪੰਜਾਬੀ ਨਹੀਂ ਪੜ੍ਹਾਏਗਾ! ਪੰਜਾਬੀ ਪੜ੍ਹਨੀ, ਲਿਖਣੀ; ਬੋਲਣੀ ਨਹੀਂ ਸਿਖਾਏਗਾ! ਪੰਜਾਬ ਨੂੰ ਪੰਜਾਬੀ ਪਿੰਡ ਨਹੀਂ ਬਣਾਏਗਾ! ਪੰਜਾਬ ਜੂ ਏ! ਪੰਜਾਬੀ ਜੂ ਏ! ਖੇਤੀ-ਪ੍ਰਧਾਨ ਜੂ ਏ! ਖ਼ੈਰ, ਗੱਲ ਨਾਲ ਗੱਲ ਆਣ ਈ ਜੁੜਦੀ ਏ ਕਿਤੇ। ਸੋਚ ਨਾਲ ਸੋਚ ਆ ਈ ਮਿਲਦੀ ਏ ਕਿਤੇ। ਸੁਰ ਨਾਲ ਸੁਰ ਰਲ ਈ ਜਾਂਦੀ ਏ ਕਿਤੇ!

ਆਂਹਦੇ, ਕਿਸੇ ਸ਼ੈਅ ਦੀ ਅਣਹੋਂਦ 'ਚੋ ਓਹਦੀ ਹੋਂਦ ਦੀ ਘਾਟ ਵਧੇਰੀ ਰੜਕਦੀ ਏ। ਘਾਟ ਵਾਧ ਵੱਲ ਸਰਕਦੀ ਏ। ਬੇਚੈਨੀ ਸਕੂਨ ਭਾਲਦੀ ਏ। ਇਹ ਕਵਿਤਾ ਬੇਚੈਨ ਕਰਦੀ ਏ। ਨੀਂਦ ਉਟਕਾਉਂਦੀ ਏ। ਸੁੱਤਿਆਂ ਜਗਾਉਂਦੀ ਏ। ਇਹ ਪੀੜ੍ਹ ਦੀ ਕਵਿਤਾ ਏ। ਚੀਸ ਦੀ ਕਵਿਤਾ ਏ। ਕਸੀਸ ਦੀ ਕਵਿਤਾ ਏ। ਇਹ ਦਿਸਦੀ ਨਹੀਂ। ਸੁਣਦੀ ਨਹੀਂ। ਬੋਲਦੀ ਨਹੀਂ। ਇਹ ਰੜਕਦੀ ਏ। ਤੜਪਦੀ ਏ। ਧੜ੍ਹਕਦੀ ਏ। ਸਮਝ ਆਉਂਦੀ ਏ। ਅਨੁਭਵ ਹੁੰਦੀ ਏ। ਮਹਿਸੂਸ ਹੁੰਦੀ ਏ। ਇਹ ਕਾਵਿ ਏ। ਕਾਵਿ ਭਾਸ਼ਾ ਏ। ਕਾਵਿ ਮੁਹਾਵਰਾ ਏ। ਨਿਵੇਕਲਾ ਏ। ਸੱਜਰਾ ਏ। ਸੂਖਮ ਏ।

ਆਤਮਜੀਤ ਦਾ ਆਖਣਾ ਏ, ਇਸ ਕਿਤਾਬ ਦੀ ਵਿਧਾ ਤੈਅ ਕਰਨਾ ਔਖਾ ਏ। ਸਹੀ ਏ। ਇਹ ਲਿਖਤ ਏ। ਬਹੁ ਵਿਧਾਵੀ ਏ। ਕਾਵਿ ਏ। ਵਾਰਤਾ ਏ। ਬਿਰਤਾਂਤ ਏ। ਪਹਿਲੀ ਕਾਵਿ-ਟੁਕੜੀ ਵਿਚ: "ਤਲਾਸ਼ ਕਰਦਾ/ ਹੁਣ ਮੈਂ/ ਭੁੱਲ ਬੈਠਾਂ..." ਨੂੰ ਖੋਲ੍ਹਿਆਂ, 'ਤਲਾਸ਼ ਕਰਦਾ' ਬਾਤ ਵਰਗਾ ਬਿਰਤਾਂਤ ਲਗਦਾ। 'ਹੁਣ ਮੈਂ' ਹੁਣ ਦੀ ਵਾਰਤਾ ਏ। 'ਭੁੱਲ ਬੈਠਾਂ' ਕਾਵਿ ਸੱਚ ਏ। ਕਾਵਿ ਨਿਆਂ ਏ। ਕਾਵਿ ਭਾਸ਼ਾ ਏ।

ਏਥੇ ਓਹ ਭੁੱਲਿਆ ਨਹੀਂ। ਭੁੱਲ ਬੈਠਾ ਆ। ਚਾਹੁੰਦਾ ਨਹੀਂ ਸੀ ਭੁੱਲਣਾ। ਭੁੱਲ ਗਿਆ ਏ। ਭੁੱਲਿਆ ਕੀ ਏ? ਰਾਹ! ਰਾਹ ਦੋਹੀਂ ਪਾਸੀਂ ਹੁੰਦਾ ਏ। ਆਉਂਦਾ ਵੀ ਏ। ਜਾਂਦਾ ਵੀ ਏ। ਮਿਲਾਉਂਦਾ ਵੀ ਏ। ਵਿਛੋੜਦਾ ਵੀ ਏ। ਲਭਦਾ ਵੀ ਏ। ਗੁਆਚਦਾ ਵੀ ਏ। ਲੱਭਿਆ ਈ ਗੁਆਚਦਾ ਏ! ਜਿਹੜਾ ਕੋਲ ਨਹੀਂ ਓਨ ਕੀ ਗੁਆਚਣਾ! 'ਭੁੱਲ ਬੈਠਾਂ' ਕਾਵਿ ਏ। ਸ਼ਬਦ ਏ। ਭਾਸ਼ ਏ। ਏਸ ਅੰਦਰ ਬਹੁਤ ਕੁਝ ਪਿਆ ਏ। ਹੋਰ ਪਿਆ ਏ। ਅਦਿੱਖ ਪਿਆ ਏ। ਓਹ ਇਹਨਾਂ ਸ਼ਬਦਾਂ ਤੋਂ ਪਾਰ ਗਿਆਂ ਲੱਭਣਾ ਏ।

ਏਹ ਰਾਹ ਏਸ ਕਾਵਿ ਵਿਚਲੇ 'ਮੈਂ' ਨੇ ਲੱਭਿਆ ਏ। ਓਸਨੂੰ ਭੁੱਲਿਆ ਨਹੀਂ। ਅਸਲ 'ਚ ਉਸਤੋਂ ਗੁਆਚਿਆ ਏ ਇਹ ਰਾਹ। ਖੁੱਸਿਆ ਏ ਰਾਹ। ਓਹ ਕਿਸੇ ਮੇਲੇ ਵਿਚ ਘੁੱਸ ਗਿਆ ਹੋਵੇ ਜਿਵੇਂ। ਗੁੰਮ ਗਿਆ ਹੋਵੇ। ਮੇਲੇ 'ਚ ਗੁਆਚੇ ਨੂੰ ਮੇਲਾ ਕਦੋਂ ਦੱਖ ਦੇਂਦਾ! ਮੇਲਾ ਤਾਂ ਮੇਲੀਆਂ ਨਾਲ ਹੁੰਦਾ। ਓਥੇ

ਮੇਲੀ ਨਹੀਂ। ਗੇਲੀ ਨਹੀਂ। ਬੇਲੀ ਨਹੀਂ। ਜਾਣੂ ਨੇ। ਪਛਾਣੂ ਨੇ। ਵਿਹਾਰੂ ਨੇ। ਇਹ ਅਜਬਨੀਅਤ ਏ। ਓਪਰਾਪਨ ਏ। ਬੇਗਾਨਗੀ ਏ। ਕਵੀ ਏਸ ਕਠੋਰ ਸੱਚਾਈ ਨੂੰ ਜਾਣਦਾ ਏ। ਮੰਨਦਾ ਨਹੀਂ। ਓਹ ਏਸਨੂੰ ਸ਼ਬਦੀਂ ਸਾਕਾਰਦਾ ਏ। ਏਹੋ ਕਾਵਿ ਕਰਮ ਏ। ਓਹ ਏਹੋ ਨਿਭਾਉਂਦਾ ਏ। ਓਹਦੀ ਸੱਚੀ ਬੇਬਸੀ ਬੜੀ ਕਰੁਣਾਤਮਕ ਏ।

ਓਹਨੂੰ ਆਪ ਨੂੰ ਇਹ ਰਾਹ ਨਹੀਂ ਲਭਦਾ ਜਿਵੇਂ। ਓਹ ਮਹਾਂ ਯੰਤਰੀ ਜੁੱਗ ਦੇ ਬੇਜਾਨ ਯੰਤਰਾਂ ਤੋਂ ਰਾਹ ਪੁੱਛਦਾ ਏ। ਰਾਹ ਵੀ ਮਨ ਦਾ ਪੁੱਛਦਾ ਏ। ਘਰ ਮਨ ਏ। ਮਨ ਚਿੰਨ੍ਹ ਏ। ਕਾਵਿ ਚਿੰਨ੍ਹ ਏ। ਇਹ ਬਣੌਟੀ ਗਿਆਨੀ ਕਿਵੇਂ ਸਮਝਣ? ਓਹ ਸਾਰੀ ਵਾਰਤਾ ਤੋਂ ਬਾਦ, ਬਿਰਤਾਂਤ ਵੱਲ ਮੁੜਦਾ; ਕਾਵਿ ਸਿਰਜਦਾ ਏ। ਇਹ ਹੌਕਾ ਏ। ਤਰਲਾ ਏ। ਵਾਸਤਾ ਏ: "ਮੈਂ ਘਰ ਵਾਪਸ ਜਾਣਾ ਹੈ।"

ਏਸੇ ਕੜੀ ਦੀ ਅਗਲੀ ਕਾਵਿ ਟੁਕੜੀ ਦਾ ਸਿਖਰ ਏਸੇ ਭਾਵਨਾ ਨੂੰ ਗੂੜ੍ਹਿਆਂ ਕਰਦਾ ਏ। "ਸੈਟਲ ਹੋ ਗਿਆ ਹਾਂ" ਦੇ ਅੱਗੇ ਓਹ ਏਸੇ ਨੂੰ ਦੁਹਰਾਉਂਦਿਆਂ, ਆਤਮਜੀਤ ਦੇ ਸ਼ਬਦੀਂ 'ਅਚੰਭਿਤ ਕਰ ਦੇਣ ਵਾਲੇ ਸੁਰ 'ਚ' ਏਨਾ ਈ ਆਖਦਾ ਏ:"ਵੈੱਲ ਸੈਟਲਡ।" ਏਨੇ ਨਾਲ ਈ ਓਹਦਾ ਇਹ ਸਵੈ ਅਨੁਭਵ ਸਮੂਹ ਅਨੁਭਵ ਤੱਕ ਪਸਰ ਜਾਂਦਾ ਏ। ਏਸ ਹੌਕੇ ਵਿਚ ਖ਼ੌਰੇ ਕਿੰਨੇ ਹੋਰ ਅਣਭਰੇ ਹੌਕੇ ਲੁਕੇ ਹੋਣ! ਕਵੀ ਨੇ ਓਹਨਾਂ ਦੇ ਹਿੱਸੇ ਦੇ ਹੌਕੇ ਵੀ ਭਰਨੇ ਹੁੰਦੇ ਨੇ ਜਿਹੜੇ ਹੌਕੇ ਵੀ ਨਹੀਂ ਭਰਦੇ।

ਕਵੀ ਅਕਸਰ ਕੁਦਰਤੀ ਦ੍ਰਿਸ਼ਾਂ ਨੂੰ ਕਾਵਿ ਬਿੰਬਾਂ ਵਿਚ ਉਲਥਾਉਂਦੇ ਨੇ। ਕੁਦਰਤ ਨੂੰ ਜੀਉਂਦੀ ਜਾਗਦੀ ਧੜਕਦੀ ਮਾਨਵੀ ਹੋਂਦ ਵਜੋਂ ਸਾਕਾਰਦੇ ਨੇ। ਕੁਦਰਤ ਦਾ ਮਾਨਵੀਕਰਨ ਕਰਦੇ ਨੇ। ਸ਼ਿਵ ਨੇ ਸੂਰਜ ਨੂੰ ਪੂਰਬੋਂ ਚੜ੍ਹਕੇ ਪੱਛਮ 'ਚ ਡੁਬਦਿਆਂ ਵੇਖਕੇ ਆਮ ਦ੍ਰਿਸ਼ ਨੂੰ ਖਾਸ ਕਾਵਿ ਬਿੰਬ ਬਣਾਕੇ ਕਵਿਤਾਇਆ ਏ: 'ਚੜ੍ਹਿਆ ਸੀ ਜਿਹੜਾ ਸੂਰਜਾ ਡੁੱਬਣਾ ਸੀ ਓਹ ਜ਼ਰੂਰ, / ਹੈ ਝੂਠ ਕੋਈ ਕਹਿ ਰਿਹਾ ਪੱਛਮ ਨੇ ਮਾਰਿਆ।'

ਗੁਰਿੰਦਰਜੀਤ ਨੇ ਸੂਰਜ ਦੇ ਚੜ੍ਹਨ-ਡੁੱਬਣ ਨੂੰ ਆਪਣੇ ਨਜ਼ਰੀਏ ਤੋਂ ਅਜੋਕੇ ਸਮੇਂ ਤੋਂ ਆਪਣੇ ਕਾਵਿ ਪ੍ਰਸੰਗ ਨਾਲ ਜੋੜਿਆ ਏ। ਏਥੇ ਓਹ ਮਾਂ ਨੂੰ ਸੰਬੋਧਿਤ ਏ। ਮਾਂ ਨੇ ਪੂਰਬ ਵਿਚ ਸੂਰਜ ਜਨਮਿਆ। ਓਹ ਪੱਛਮ ਵਿਚ ਡੁੱਬ ਗਿਆ। ਇਹ ਕੁਦਰਤੀ ਵਰਤਾਰਾ ਏ। ਮਾਨਵੀ ਵਰਤਾਰੇ ਵਿਚ ਇਹ ਸੂਰਜ ਪੁੱਤ ਏ। ਇਹ ਚੇਤਨ ਪੁੱਤ ਬਾਰ ਬਾਰ ਪੱਛਮ ਵਿਚ ਡੁੱਬਣੋਂ ਇਨਕਾਰੀ ਏ। ਇਹ ਇਨਕਾਰ ਅਸਲ ਵਿਚ ਹੁਣ ਦੀ ਚੇਤਨ ਪੀੜ੍ਹੀ ਦਾ ਪਰਵਾਸ ਤੋਂ ਇਨਕਾਰੀ ਹੋਣ ਦਾ ਪ੍ਰਤੀਕ ਏ: "ਮੈਨੂੰ ਸੂਰਜ ਨਾ ਬਣਾਈਂ / ਪੁੱਤ ਹੀ ਰਹਿਣ ਦੇਈਂ ਮਾਂ/ ਮੈਂ ਵਾਰ ਵਾਰ ਪੱਛਮ ਵਿਚ ਨਹੀਂ ਡੁੱਬਣਾ।"

ਇਹ ਡੁੱਬਣਾ ਸੂਰਜ ਦਾ ਡੁੱਬਣਾ ਨਹੀਂ। ਇਹ ਪੂਰਬੀ ਪਰੰਪਰਾ ਦਾ ਪੱਛਮੀ ਸਭਿਅਤਾ ਹੇਠ ਦੱਬਣਾ ਏ। ਇਹ ਨਵੀਂ ਪਨੀਰੀ ਹੁਣ ਦੱਬਣ, ਝੁਕਣ; ਡੁੱਬਣ ਦੀ ਥਾਂ ਤਰਨ ਦੀ ਇੱਛੁਕ ਏ। ਇਹ ਆਜ਼ਾਦ ਹੋ ਕੇ ਵੀ, ਗੁਲਾਮ ਹੋ ਗਈ ਪੰਜਾਬੀ ਮਾਨਸਿਕਤਾ; ਮੁੜ ਆਜ਼ਾਦ ਹੋਣਾ ਲੋੜਦੀ ਏ। ਇਹ ਸੁਭਾਗੀ ਮਾਨਵੀ ਕਾਵਿ ਰੀਝ ਏ ਕਵੀ ਦੀ।

ਆਤਮਜੀਤ ਚਿੰਤਨੀ ਟਿੱਪਣੀ ਕਰਦਾ ਏ: ਹੋਰ ਸੰਵੇਦਨਸ਼ੀਲ ਲੋਕਾਂ ਵਾਂਗ ਗੁਰਿੰਦਰਜੀਤ ਵੀ ਅਤੀਤ ਦੇ ਬਿੰਬਾਂ ਵਿਚ ਕੈਦ ਹੈ...ਅਤੀਤ ਦੇ ਬਿੰਬਾਂ ਨੂੰ ਸਾਕਾਰ ਕਰਦਿਆਂ ਉਹਨਾਂ ਦੀ ਹਕੀਕਤ ਉੱਤੇ ਉਂਗਲ ਵੀ ਧਰ੍ਹਦਾ ਹੈ: "ਅੰਮ੍ਰਿਤ ਵੇਲਾ/ ਇਕੋ ਸੁਖਮਨੀ/ ਚਾਰ ਸਪੀਕਰ"...ਆਪਣੀ ਜਾਚੇ, ਇਹ ਸਪੀਕਰੀ ਵਰਤਾਰਾ ਪੰਜਾਬੀਅਤ ਨੂੰ ਅੰਦਰੇ ਅੰਦਰੇ ਖੋਰਾ ਲਾਉਣ ਵਾਲਾ ਕਾਰਾ ਏ। ਘਰਾਂ 'ਚ ਪਈਆਂ ਵੰਡੀਆਂ ਮਨਾਂ 'ਚ ਪਈਆਂ ਵੰਡੀਆਂ ਨੂੰ ਚਿੰਨ੍ਹਿਤ ਕਰਦੀਆਂ ਨੇ। ਕਲੇਸ਼ ਘਰਾਂ 'ਚ ਈ ਨਹੀਂ ਪੈਂਦੇ- ਮਾਨਸਿਕਤਾ 'ਚ ਵੀ ਪੈਂਦੇ ਨੇ। ਪੁੱਤਾਂ ਦੀ ਕੱਢੀ ਕੰਧ ਮਾਪਿਆਂ ਲਈ ਕਿਨਾ ਲੰਮੇਰਾ ਪੰਧ ਹੋ ਜਾਂਦਾ ਏ! ਕਵੀ ਦੀ ਕਾਵਿਕਤਾ ਏਥੇ ਨਵਾਂ ਲੋਕ ਮੁਹਾਵਰਾ ਸਿਰਜਦੀ ਲਗਦੀ ਏ: "ਪੁੱਤਾਂ ਕੱਢੀ ਕੰਧ/ ਬੇਬੇ ਬਾਪੂ ਦਾ ਲੰਮਾ ਹੋ ਗਿਆ ਪੰਧ"

ਵਿਸ਼ਵ ਵਿਦਿਆਲੇ ਨੂੰ ਸੰਬੋਧਿਤ ਹੁੰਦਿਆਂ ਕਵੀ ਦੀ ਕਾਵਿ ਸੁਰ ਕੁਝ ਉੱਚੀ ਹੋ ਜਾਂਦੀ ਏ। ਇਹ ਧੀਮੀ ਸੁਰ ਵਾਲੇ ਕਵੀ ਦਾ ਕਿਤੇ ਅੰਦਰਲੀ ਚੁੱਪ ਤੋਂ ਅੱਕਕੇ ਗੁੱਭ-ਗੁਲ੍ਹਾਟ ਕੱਢਣ ਵਰਗੀ ਘੜੀ ਲਗਦੀ ਏ। ਤਾਂ ਈ ਓਹ ਆਂਹਦਾ: ਤੂੰ ਮੈਨੂੰ ਪੜ੍ਹਾ ਪੜ੍ਹਾ ਨਿਕੰਮਾ ਕਰ ਛੱਡਿਐ...। ਆਤਮਜੀਤ ਸਹੀ ਆਖਦਾ ਏ, 'ਭਾਵੁਕਤਾ ਦੇ ਸੱਚ ਦਾ ਵੀ ਮੁੱਲ ਹੁੰਦਾ ਹੈ'। ਗੁਰਿੰਦਰਜੀਤ ਚਿੱਤ ਦੇ ਅਤੀਤੀ ਚੇਤਿਆਂ ਨੂੰ ਚਿੰਤਨੀ ਕਾਵਿ ਵਿਚ ਰੂਪਾਂਤਰਤ ਕਰਦਾ ਏ: "ਮੈਂ ਗਾਰੇ ਵਿਚ ਧਸੇ ਟਰੈਕਟਰ ਵਾਂਗ/ ਜ਼ੋਰ ਲਾ-ਲਾ ਕੇ/ ਹੋਰ ਡੂੰਘਾ ਧਸਦਾ ਜਾ ਰਿਹਾ ਹਾਂ।" ਇਹ ਪਰਵਾਸ ਦੀ ਬੇਬਸੀ ਏ। ਮਾਨਸਿਕ ਪੀੜਾ ਏ। ਪਿੰਜਰੇ ਪਏ ਪੰਛੀ ਦੀ ਛਟਪਟਾਹਟ ਏ। ਜਿਨ੍ਹਾਂ ਏਸ ਹਾਲਤ 'ਚ ਅੜੇ ਟਰੈਕਟਰ ਦੀ ਤਿੱਖੀ, ਉੱਚੀ; ਖਰਵੀ ਘੂੰ-ਘੂੰ ਨੇੜਿਓਂ ਸੁਣੀ ਏ ਓਹਨਾਂ ਲਈ ਏਸ ਬਿੰਬ ਨੂੰ ਸਮਝਣਾ ਸੌਖਾ। ਇਹ ਜਿੱਲ੍ਹਣ 'ਚ ਧਸਣ ਵਰਗੀ ਮਨ ਸਥਿੱਤੀ ਏ। ਜਿੱਲ੍ਹਣ 'ਚੋਂ ਨਿਕਲਣ ਲਈ ਬੰਦਾ ਜਿੰਨਾ ਜ਼ੋਰ ਲਾਉਂਦਾ ਓਨਾ ਹੋਰ ਡੂੰਘਾ ਧੱਸਦਾ ਜਾਂਦਾ। ਇਹ ਓਹ ਘੋਰ ਦੁਖਾਂਤਕ ਅਵੱਸਥਾ ਏ ਜਿੱਥੇ ਕੋਈ ਚਾਰਾ ਨਹੀਂ ਚਲਦਾ!

ਗੁਰਿੰਦਰਜੀਤ ਦੀ ਕਵਿਤਾ ਹੋਰ ਸਿਖਰਾਂ ਛੋਂਹਦੀ ਏ। ਡੂੰਘਾਣਾਂ ਵਿਚ ਲਹਿੰਦੀ ਏ। ਪਰਵਾਹਾਂ ਵਿਚ ਵਹਿੰਦੀ ਏ। ਉਸਦੇ ਸੱਜਰੇ ਬਿੰਬ, ਰੂਪਕ; ਪ੍ਰਤੀਕ ਉਸਦੀ ਕਵਿਤਾ ਨੂੰ ਨਵਿਆਉਂਦੇ ਨੇ। ਏਸ ਮਸ਼ੀਨੀ, ਯੰਤਰੀ; ਬਣੌਟੀ ਜੁੱਗ ਵਿਚ ਅਸਲ ਬੰਦਾ ਕਿੱਥੋਂ ਲੱਭੇ! ਏਸ ਸੁਆਲ ਨੂੰ ਸਾਡਾ ਕਵੀ ਇਓਂ ਕਵਿਤਾਉਂਦਾ ਏ: " ਮੈਂ 'ਉੱਲੂ' ਵਾਂਗ ਨਾਈਟ ਸ਼ਿਫਟ ਕਰਦਾ ਹਾਂ, 'ਚਮਗਿੱਦੜ' ਵਾਂਗ ਡਾਲਰਾਂ ਨੂੰ ਚੰਬੜਦਾ ਹਾਂ, 'ਲੂੰਬੜ', 'ਇੱਲ'; 'ਕਾਂ' ਸਭ ਕੁਝ; ਬੱਸ ਇਕ ਬੰਦਾ ਹੀ ਨਹੀਂ ਹਾਂ।"

ਆਤਮਜੀਤ ਸਿਖਰ 'ਤੇ ਆਣਕੇ ਆਖਦਾ ਏ, 'ਉਹ ਪੱਤਿਆਂ ਪਾਸੋਂ ਜੀਵਨ ਦਾ ਸਬਕ ਲੈਂਦਾ ਏ'। ਏਥੇ ਏਨਾ ਨਾਲ ਜੋੜਨ ਦੀ ਇੱਛਾ ਏ, ਕੁਦਰਤ ਪਾਸੋਂ ਸਬਕ ਲੈਂਦਾ ਏ। ਕਵੀ ਗੁਰਿੰਦਰਜੀਤ ਦੀਆਂ ਇਹਨਾਂ ਪੱਤਿਆਂ ਤੇ ਬੰਦਿਆਂ ਦੇ ਟਕਰਾ ਵਿਚ ਲਿਖੀਆਂ ਕਾਵਿ ਸਤਰਾਂ ਦੇ ਪ੍ਰਸੰਗ ਵਿਚ ਵੀ ਆਪਣੇ ਵੱਲੋਂ ਨਾਲ ਕੁਝ ਜੋੜਨਾ ਏ। ਕਵੀ ਨੂੰ ਬੰਦਾ 'ਕੱਲਾ ਆਉਂਦਾ-ਜਾਂਦਾ ਲਗਦਾ ਏ। ਆਪਣੀ ਜਾਚੇ, ਹੁਣ ਤਾਂ ਬੰਦਾ ਜੀਊਂਦਾ ਵੀ 'ਕੱਲਾ, ਦੁਕੱਲਾ; 'ਕੱਲਾ 'ਕੱਲਾ ਏ। ਕਵੀ ਨੂੰ ਪੱਤੇ 'ਕੱਠੇ ਪੁੰਗਰਦੇ-ਵਿਛੜਦੇ ਮਹਿਸੂਸ ਹੁੰਦੇ ਨੇ। ਪੱਤੇ ਨਾਲ ਨਾਲ ਫੁੱਟਦੇ-ਝੜਦੇ ਨੇ। ਵਾਰੀ ਵਾਰੀ। ਆਪਣੀ ਵਾਰੀ। ਕੁਦਰਤ ਹਰ ਇਕ ਨੂੰ ਆਪਣੀ ਵਾਰੀ ਦੇਂਦੀ ਏ। ਕਵੀ ਦੀ ਇਹ- ਕੋਮਲ ਸਹਿਜ ਸੂਖਮ ਸੋਚਣੀ, ਅਨੁਭਵਣੀ; ਮਹਿਸੂਸਣੀ- ਕੁਝ ਇੰਜ ਜਾਪਦੀ ਏ- ਏਸ ਪੜ੍ਹਤਾ ਨੂੰ:

"ਕੰਡਿਆਂ 'ਚ ਘਿਰਿਆ ਫੁੱਲ ਵੀ/ ਕਦੇ ਐਂ ਲਗਦਾ/ ਜਿਵੇਂ ਏਨ ਚੁਭਣਾ ਹੋਵੇ!...

ਫੁੱਲਾਂ ਨਾਲ ਲੱਗੇ ਕੰਡੇ ਵੀ/ ਕਦੇ ਐਂ ਲਗਦਾ/ ਜਿਵੇਂ ਮਹਿਕਦੇ ਹੋਣ!...


ਇਹ ਲਗਦਾ ਵੀ/ ਕਦੇ ਐਂ ਲਗਦਾ/ ਜਿਵੇਂ ਹੁੰਦਾ ਹੋਵੇ!..."

ਇਸਤੋਂ ਅੱਗੇ ਗੁਰਿੰਦਰਜੀਤ ਦੀ ਕਾਵਿਕਤਾ ਬਾਰੇ ਕੁਝ ਆਖਣਾ ਆਪਣੇ ਵੱਸ ਦੀ ਗੱਲ ਨਹੀਂ। ਗੱਲ ਵਿੱਤ ਮੂਜਬ ਈ ਜਚਦੀ ਏ। ਆਤਮਜੀਤ ਨੇ ਕੋਈ ਕਸਰ ਰਹਿਣ ਈ ਨਹੀਂ ਦਿੱਤੀ। ਹਰ ਪੱਖ ਫਰੋਲਿਆ ਏ, ਜਾਣਿਆ ਏ; ਜਣਾਇਆ ਏ ਕਵੀ ਦਾ ਸੁਘੜ ਚਿੰਤਕ ਨੇ। ਇਹ ਕੁਝ ਸਤਰਾਂ ਤਾਂ ਬੱਸ ਪੜ੍ਹਕੇ ਕੁਝ ਆਖਣੋਂ ਨਾ ਰਹਿ ਸਕਣ ਵਾਲੀ ਭਾਵੁਕਤਾ ਈ ਏ। ਖ਼ਤ ਲਿਖਕੇ ਮਗਰੋਂ ਲਿਖੇ ਅਨੁਲੇਖ ਵਾਂਗ ਨੇ। ਪੇਂਡੂ ਬੋਲੀ 'ਚ ਆਖੀਏ ਤਾਂ ਖੱਤਾ ਬੀਜਕੇ ਰਹਿ ਗਈਆਂ, ਚਹੁੰ ਕੋਨਿਆਂ ਵਾਲੀਆਂ ਗੁੱਠਾਂ; ਮੁੜ ਗੋਡਕੇ ਬੀਅ ਬੀਜਣ ਵਾਂਗ ਏ।

ਲੇਖ ਦੇ ਅਖੀਰ ਵਿਚ ਆਤਮਜੀਤ ਨੇ ਨਿੱਜੀ ਅਨੁਭਵ 'ਚੋ ਬੜੀ ਵੱਡੀ, ਜਟਿਲ; ਹਕੀਕੀ ਗਾਥਾ ਸੁਣਾਈ ਏ। ਕੈਨੇਡਾ ਜਾਕੇ ਲਿਖਕੇ ਪੇਸ਼ ਕੀਤੇ ਨਾਟਕ "ਕੈਮਲੂਪਸ ਦੀਆਂ ਮੱਛੀਆਂ" ਦੇ ਤਿੰਨ ਦਹਾਕਿਆਂ ਬਾਦ ਵੀ ਇਕ ਪਰਵਾਸੀ ਓਸੇ ਤਰ੍ਹਾਂ ਦੀ ਮਾਨਸਿਕਤਾ ਹੰਢਾ ਰਿਹਾ ਹੈ। ਏਥੇ ਓਹ ਕਵਿਤਾ ਛੇੜਨੀ ਨਹੀਂ ਸਿਰਫ ਸੰਕੇਤਣੀ ਏ ਜਿਹੜੀ ਗੁਰਬਖਸ਼ ਸਿੰਘ ਹੋਰਾਂ ਆਪਣੇ ਪੋਤਿਆਂ ਦੇ ਜਨਮ ਨੇੜੇ ਲਿਖੀ। ਇਸਦਾ ਸਮਰਪਣ ਕੁਝ ਇੰਜ ਸੀ: "ਸੁਦੀਪ ਤੇ ਸੁਮੀਤ ਨੂੰ/ ਏਸ ਯਕੀਨ ਨਾਲ/ ਕਿ ਤੁਹਾਡੇ ਵੱਡਿਆਂ ਹੋਣ ਤੱਕ/ ਸਾਡੀ ਇਹ ਦੁਨੀਆਂ/ ਬੜੀ ਸੁਹਣੀ ਬਣ ਚੁੱਕੀ ਹੋਵੇਗੀ "... ਚਲੋ ਦੁਆ ਕਰੀਏ ਕਵੀ ਗੁਰਿੰਦਰਜੀਤ ਦੀ ਏਸ ਸੱਜਰੀ ਕਾਵਿ ਕਿਤਾਬ "ਬਰਫ਼ਾਂ 'ਚ ਉੱਗੇ ਅਮਲਤਾਸ" ਦੀ ਕਵਿਤਾ ਦੇ ਨਾਲ। ਇਹ ਦੁਨੀਆਂ ਏਸ ਪੀੜ੍ਹੀ ਲਈ ਏਨੀ ਕੁ ਸੁਹਣੀ ਈ ਹੋ ਜਾਵੇ ਭਈ ਅੱਗੇ ਤੋਂ ਕਿਸੇ ਨੂੰ ਪਰਵਾਸ ਦਾ ਸੰਤਾਪ ਨਾ ਭੋਗਣਾ ਪਵੇ! ਅਮਲਤਾਸ ਆਪਣੀ ਧਰਤੀ 'ਤੇ ਈ ਉੱਗਣ! ਪੁੱਤ ਆਪਣੀਆਂ ਮਾਂਵਾਂ ਦੀਆਂ ਛਾਂਵਾਂ ਈ ਮਾਣਨ! ... ... ...

**98151 77577**

## ਕੀ ਸਮਾਂ ਆ ਗਿਆ ਹੈ / ਸਨੇਹਦੀਪ



ਕੀ ਸਮਾਂ
ਆ ਗਿਆ ਹੈ ਦੋਸਤ,
ਅੱਜ ਦੇ
ਮਸ਼ੀਨੀ ਯੁੱਗ ਵਿੱਚ,
ਮਸ਼ੀਨ ਪੁੱਛਦੀ ਹੈ
ਇਨਸਾਨ ਤੋਂ ਪ੍ਰਸ਼ਨ,
ਦੱਸੋ ......ਕਿ ਤੁਸੀਂ
ਮਸ਼ੀਨ ਨਹੀਂ ਹੋ।
ਤੇ ਫੇਰ ਇਕ
ਕੋਡ ਮਸ਼ੀਨ ਵਿੱਚ ਭਰ ਕੇ,
ਉਹ ਸਿੱਧ ਕਰਦਾ ਹੈ ਕਿ
ਮੈਂ ਇਨਸਾਨ ਹਾਂ,
ਮਸ਼ੀਨ ਨਹੀਂ।

ਕੰਪਿਊਟਰ ਮੰਨ ਜਾਂਦਾ ਹੈ
ਪਰ ਦੁਨੀਆਂ ਨਹੀਂ।

ਦੁਨੀਆਂ ਰਿਸ਼ਤਿਆਂ ਨੂੰ
ਜਜ਼ਬਾਤਾਂ ਦੇ ਦਮ ਤੇ ਨਹੀਂ
ਮਸ਼ੀਨ ਵਰਗੀ ਤੁਹਾਡੀ
ਪੈਦਾਵਾਰ ਸਮਰੱਥਾ ਨਾਲ
ਨਾਪਦੀ ਤੇ ਤੋਲਦੀ ਹੈ।
ਤੇ ਤੁਹਾਨੂੰ ਇੱਕ ਕੁਸ਼ਲ
ਮਸ਼ੀਨ ਬਣਨ ਦੀ ਟ੍ਰੇਨਿੰਗ,
ਹਰ ਥਾਂ ਤੋਂ ਮਿਲਦੀ ਹੈ।

ਤੇ ਫੇਰ .....
ਇੱਕ ਮਸ਼ੀਨ ਦੇ
ਸਾਹਮਣੇ ਬਹਿ ਕੇ
ਤੁਸੀਂ ਸਿੱਧ ਕਰਨਾ ਹੁੰਦਾ ਹੈ,
**I am not a robot.**

## ਮਨੁੱਖੀ ਰਿਸ਼ਤਿਆਂ ਦੇ ਬਦਲਦੇ ਸਮੀਕਰਣਾਂ ਦਾ ਬਿਰਤਾਂਤ : ਸੁਰਖ਼ ਸਾਜ / ਡਾ. ਸਿਮਰਜੀਤ ਕੌਰ

ਸੁਰਖ ਭਾਵ : ਲਾਲ ਅਤੇ ਸਾਜ ਉਹ ਜੰਤਰ ਜਿਸ ਵਿਚੋਂ ਸੰਗੀਤ ਦੀਆਂ ਖ਼ੂਬਸੂਰਤ ਅਤੇ ਮਿੱਠੀਆਂ ਸੁਰਾਂ ਨਿਕਲਦੀਆਂ ਹਨ। ਆਪਣੇ ਮੂਲ ਅਰਥਾਂ ਵਿਚ ਇਹ ਦੋਵੇ ਸ਼ਬਦ ਖੁਸ਼ੀਆਂ, ਚਾਵਾਂ ਅਤੇ ਮਨ ਵਿਚਲੇ ਆਨੰਦ ਦੇ ਭਾਵਾਂ ਨਾਲ ਜੁੜੇ ਹੋਏ ਹਨ। ਮੁਟਿਆਰ ਮਨ ਨਾਲ ਜੋੜ ਕੇ ਵੇਖਿਆਂ ਸੁਰਖ ਰੰਗ ਮੁਟਿਆਰ ਦੇ ਕੁਆਰਪਨ ਦੇ ਸੁਪਨਿਆਂ ਤੋਂ ਲੈ ਕੇ ਵਿਆਹ ਦੇ ਲਾਲ ਜੋੜੇ ਅਤੇ ਵਿਆਹੁਤਾ ਜ਼ਿੰਦਗੀ ਬਾਰੇ ਚਿਤਵੇ ਸੁਪਨਿਆਂ ਅਤੇ ਖਵਾਹਿਸ਼ਾਂ ਤਕ ਦਾ ਪ੍ਰਤੀਕ ਹੈ। ਪਰ ਨਾਵਲ 'ਸੁਰਖ ਸਾਜ' ਦੀ ਕਥਾ ਦੇ ਸੰਦਰਭ ਵਿਚ ਰਖਕੇ ਵਿਚਾਰਿਆਂ ਸਿਰਲੇਖ ਵਿਚਲੇ ਇਹ ਸ਼ਬਦ ਆਪਣੇ ਸਤਹੀ ਅਰਥਾਂ ਨਾਲੋਂ ਕਿਤੇ ਵਡੇਰੇ ਅਰਥਾਂ ਦਾ ਸੰਚਾਰ ਕਰਦੇ ਹਨ। ਸੁਰਖ਼ ਸਾਜ ਨਾਵਲ ਡਾ. ਜਸਵਿੰਦਰ ਸਿੰਘ ਦਾ ਦੂਜਾ ਨਾਵਲ ਹੈ। ਜੋ ਕਿ ਲੇਖਕ ਦੇ ਪਲੇਠੇ ਨਾਵਲ 'ਮਾਤ ਲੋਕ' ਤੋਂ ਲਗਭਗ ਬਾਰਾਂ ਸਾਲਾਂ ਦੇ ਲੰਮੇ ਵਕਫ਼ੇ ਬਾਅਦ ਪ੍ਰਕਾਸ਼ਿਤ ਹੁੰਦਾ ਹੈ। ਇਸ ਨਾਵਲ ਦਾ ਸਿਰਲੇਖ ਲੇਖਕ ਦੀ ਰਚਨਾ-ਦ੍ਰਿਸ਼ਟੀ ਦਾ ਪ੍ਰਤੀਕਾਤਮਕ ਪ੍ਰਗਟਾਵਾ ਕਰਦਾ ਹੈ। ਸਮੁੱਚੀ ਨਾਵਲੀ ਕਥਾ ਵਿਚੋਂ ਲੇਖਕ ਇਸ ਵਿਚਾਰ ਨੂੰ ਦ੍ਰਿੜ ਕਰਦਾ ਨਜ਼ਰ ਆਉਂਦਾ ਹੈ ਕਿ ਪ੍ਰਵਾਹਮਾਨਤਾ ਵਿਚ ਹੀ ਜ਼ਿੰਦਗੀ ਦੀ ਸਾਰਥਕਤਾ ਹੈ। ਨਾਵਲ ਦਾ ਸਿਰਲੇਖ 'ਸੁਰਖ਼-ਸਾਜ' ਦਰਅਸਲ ਮਨੁੱਖੀ ਜ਼ਿੰਦਗੀ ਦਾ ਪ੍ਰਤੀਕ ਹੈ। ਲੇਖਕ ਇਹ ਦਰਸਾਉਣਾ ਚਾਹੁੰਦਾ ਹੈ ਕਿ ਹਾਲਾਤ ਵੱਲੋਂ ਪੈਦਾ ਕੀਤੀਆਂ ਗਈਆਂ ਔਕੜਾਂ ਦੇ ਤੁਫ਼ਾਨ ਵਿਚ ਜ਼ਿੰਦਗੀ ਰੂਪੀ ਸਾਜ਼ ਦੀ ਖੁਸ਼ੀਆਂ-ਖੇੜਿਆਂ ਵਾਲੀ ਸੁਰ ਕਈ ਵਾਰ ਮੱਧਮ ਪੈ ਜਾਂਦੀ ਹੈ, ਬੇਬਸੀ ਦੀ ਹਾਲਤ ਵਿਚ ਇਸ ਸਾਜ ਦੀਆਂ ਧੁਨਾਂ ਵੀ ਬੇਸੁਰੀਆਂ ਪ੍ਰਤੀਤ ਹੋ ਸਕਦੀਆਂ ਹਨ, ਮਨੁੱਖੀ ਰੂਹ ਅਤੇ ਮਨ ਨੂੰ ਠੰਡਾ-ਠਾਰ ਕਰਨ ਵਾਲੀ ਰਿਦਮ ਵੀ ਗਵਾਚ ਸਕਦੀ ਹੈ ਪਰ ਜ਼ਿੰਦਗੀ ਰੂਪੀ ਇਹ ਸੁਰਖ਼ ਸਾਜ ਵਿਪਰੀਤ ਹਾਲਾਤ ਵਿਚ ਵੀ ਹਰਗਿਜ਼ ਸੁਰਹੀਣ ਨਹੀਂ ਹੋਣਾ ਚਾਹੀਦਾ । ਇਸ ਦੀਆਂ ਤੰਦਾਂ ਅੰਦਰ ਜੀਵਨ ਸਦਾ ਕਾਇਮ ਰਹਿਣਾ ਚਾਹੀਦਾ ਹੈ। ਜ਼ਿੰਦਗੀ ਦੇ ਕਠੋਰ ਧਰਾਤਲ ਦੇ ਸਨਮੁਖ ਹੋ ਕੇ ਵੀ ਮਨੁੱਖ ਅੰਦਰਲੀ 'ਜਿਉਂਦਿਆਂ ਵਿਚ ਬਣੇ ਰਹਿਣ' ਦੀ ਤਾਂਘ ਮਘਦੀ ਰਹਿਣੀ ਚਾਹੀਦੀ ਹੈ। ਮਨੁੱਖ ਨੂੰ ਘੋਰ ਨਿਰਾਸ਼ਾ ਵਿਚ ਵੀ ਆਸਵੰਦ ਬਣੇ ਰਹਿਣ ਦੀ ਪ੍ਰੇਰਣਾ ਦੇਣ ਵਾਲੀ ਇਹ ਰਚਨਾ ਦ੍ਰਿਸ਼ਟੀ ਨਾਵਲ ਦੀ ਸਮੁੱਚੀ ਕਥਾ ਦੇ ਆਰ-ਪਾਰ ਫੈਲੀ ਹੋਈ ਹੈ। ਨਾਵਲ ਦੇ ਪਾਤਰਾਂ ਦੇ ਜੀਵਨ ਬਿਰਤਾਂਤ ਇਸ ਗੱਲ ਦੀ ਗਵਾਹੀ ਭਰਦੇ ਹਨ। ਫਿਰ ਉਹ ਚਾਹੇ ਹਰੀਪਾਲ ਦੀ ਦਾਦੀ ਹੋਵੇ (ਜਿਸਨੇ ਭਾਰਤ-ਪਾਕ ਵੰਡ ਸਮੇਂ ਭਰੀ ਜਵਾਨੀ ਵਿਚ ਆਪਣੇ ਪਤੀ ਦੇ ਕਤਲ ਦਾ ਸਦਮਾ ਬਰਦਾਸ਼ਤ ਕਰ ਕੇ ਵੀ ਇੱਕਲਿਆਂ ਆਪਣੇ ਪੁੱਤਰ ਦੀ ਪਰਵਰਿਸ਼ ਕੀਤੀ, ਹਾਰ ਨਹੀਂ ਮੰਨੀ), ਸਵੈ ਹਰੀਪਾਲ ਹੋਵੇ (ਜਿਸਨੂੰ ਆਪਣੀ ਮੁਹੱਬਤ ਸਿਮਰਨ ਦੀ ਆਨਰ ਕਿੰਲਿੰਗ, ਆਪਣੇ ਪਰਿਵਾਰ ਅਤੇ ਆਪਣੀ ਜਾਣ 'ਤੇ ਸੰਕਟ, ਆਪਣੇ ਕਰਿਅਰ ਦੇ ਖਾਤਮੇ ਅਤੇ ਜਾਨ ਬਚਾਉਣ ਲਈ ਮੁਲਕ ਛੱਡ ਕੇ ਪਰਵਾਸੀ ਹੋਣ ਜਿਹੇ ਸੰਤਾਪ ਭੋਗਣੇ ਪਏ ਜਾਂ ਫਿਰ ਗ਼ੈਰੀ, ਜਿਸਨੂੰ ਆਪਣੀ ਮਾਂ ਦੀ ਖਵਾਹਿਸ਼ ਪੂਰੀ ਕਰਨ ਲਈ ਆਪਣੀ ਹਮਖਿਆਲ ਜੀਵਨ-ਸਾਥਣ ਗਾਰਸੀਆ ਨੂੰ ਤਲਾਕ ਦੇ ਕੇ ਅਮਨ ਨਾਲ ਵਿਆਹ ਕਰਵਾਉਣਾ ਪਿਆ, ਅਮਨ ਦੇ ਸ਼ੱਕ ਅਤੇ ਬੇਰੁਖੀ ਕਰਕੇ ਵੱਸਿਆ ਵਸਾਇਆ ਘਰ ਛੱਡਣਾ ਪਿਆ, ਬੱਚਿਆਂ ਤੋਂ ਵੱਖ ਹੋਣਾ ਪਿਆ)। ਨਾਵਲ ਵਿਚਲੇ ਇਹ ਸਾਰੇ ਪਾਤਰ ਜ਼ਿੰਦਗੀ ਦੀਆਂ ਔਕੜਾਂ ਸਾਹਮਣੇ ਟੁੱਟਦੇ ਨਹੀਂ ਸਗੋਂ ਸੰਘਰਸ਼ ਕਰਦਿਆਂ ਹੋਰ ਮਜ਼ਬੂਤ ਹੋ ਕੇ ਨਿਕਲਦੇ ਹਨ ਅਤੇ ਜ਼ਿੰਦਗੀ ਦੇ ਨਵੇਂ ਰਾਹਾਂ ਤੇ ਬੜੀ ਮਜ਼ਬੂਤੀ ਨਾਲ ਤੁਰਦੇ ਨਜ਼ਰੀਂ ਆਉਂਦੇ ਹਨ।

ਨਾਵਲ ਦਾ ਕਥਾ-ਸੰਸਾਰ ਪੰਜਾਬ ਦੀ ਧਰਤੀ ਤੋਂ ਆਰੰਭ ਹੋਕੇ ਅਮਰੀਕਾ ਦੀ ਧਰਤੀ 'ਤੇ ਵਸਦੇ ਪਰਵਾਸੀ ਭਾਈਚਾਰੇ ਦੇ ਸੰਘਰਸ਼ ਅਤੇ ਅਮਰੀਕਾ ਮੂਲ ਵਾਸੀਆਂ ਨਾਲ ਉਨ੍ਹਾਂ ਦੇ ਸਬੰਧਾਂ ਦੀਆਂ ਬਹੁਪਰਤਾਂ ਤਕ ਫੈਲਿਆ ਹੋਇਆ ਹੈ। 'ਹਰੀਪਾਲ' ਇਸ ਨਾਵਲ ਦਾ ਮੁੱਖ ਪਾਤਰ ਹੈ। ਜ਼ਿੰਦਗੀ ਦੀਆਂ ਨਿਵਾਣਾਂ ਤੋਂ ਕਾਮਯਾਬੀ ਦੀ ਉਚਾਈ ਤਕ ਦਾ ਸਫ਼ਰ ਤੈਅ ਕਰਦੇ ਹਰੀਪਾਲ ਦੇ ਜੀਵਨ-ਬਿਰਤਾਂਤ ਰਾਹੀਂ ਲੇਖਕ ਨੇ ਪਰਵਾਸੀਆਂ ਦੇ ਵਿਦੇਸ਼ੀ ਧਰਤੀ 'ਤੇ ਸਥਾਪਿਤ ਹੋਣ ਦੌਰਾਨ ਦੇ ਸੰਘਰਸ਼ ਤੋਂ ਲੈ ਕੇ ਅਤੇ ਪ੍ਰਾਪਤੀਆਂ ਦਾ ਵਰਣਨ ਕਰਦਿਆਂ ਮਨੁੱਖੀ ਰਿਸ਼ਤਿਆਂ ਦੀਆਂ ਉਲਝੀਆਂ ਤੰਦਾਂ ਨੂੰ ਬਾਖੂਬੀ ਚਿਤਰਿਆ ਹੈ। ਮੁੱਖ ਪਾਤਰ ਹਰੀਪਾਲ ਦੇ ਜੀਵਨ ਦੇ ਵੱਖ-ਵੱਖ ਪੜਾਵਾਂ ਰਾਹੀਂ ਲੇਖਕ ਨੇ ਧਰਤੀ, ਸਭਿਆਚਾਰ, ਸਮਾਂ ਅਤੇ ਹਾਲਾਤ ਦੇ ਪ੍ਰਭਾਵ ਅਧੀਨ ਰੂਪ ਵਟਾਉਂਦੇ ਰਿਸ਼ਤਿਆਂ ਦੇ ਵੱਖੋ-ਵੱਖ ਰੰਗ ਪੇਸ਼ ਕੀਤੇ ਹਨ। ਹਰੀਪਾਲ ਦੀ ਜ਼ਿੰਦਗੀ ਦਾ ਪਹਿਲਾ ਪੜਾਅ ਉਸਦੀ ਸਿਮਰ ਨਾਲ ਮੁਹੱਬਤ, ਵਿਛੋੜਾ, ਸਿਮਰ ਦੀ ਆਨਰ ਕਿਲਿੰਗ ਅਤੇ ਪਰਵਾਸੀ ਹੋਣ ਤਕ ਦੀਆਂ ਘਟਨਾਵਾਂ ਨਾਲ ਸਬੰਧਤ ਹੈ ਜਿਸਨੂੰ ਲੇਖਕ ਨੇ ਪਿਛਲਝਾਤ ਜੁਗਤ ਰਾਹੀਂ ਯਾਦਾਂ ਦੇ ਰੂਪ ਵਿਚ ਨਾਵਲੀ ਕਥਾ ਦਾ ਹਿੱਸਾ ਬਣਾਇਆ ਹੈ। ਇਹੀ ਮੁਹੱਬਤ ਹਰੀਪਾਲ ਦੇ ਜੀਵਨ ਦਾ ਅਜਿਹਾ ਟਰਨਿੰਗ ਪੁਆਇੰਟ ਬਣਦੀ ਹੈ ਜੋ ਉਸਨੂੰ ਆਪਣੀ ਮਾਤ-ਭੂਮੀ ਤੋਂ ਖੱਗ ਦੇ ਵਿਦੇਸ਼ੀ ਧਰਤੀ 'ਤੇ ਮੁੜ ਜੜਾ ਲਾਉਣ ਦਾ ਮੂਲ ਕਾਰਨ ਬਣਦੀ ਹੈ। ਨਾਵਲ ਦੀ ਇੱਥੋਂ ਤੱਕ ਦੀ ਕਥਾ ਵਿਚੋਂ ਰਿਸ਼ਤਿਆਂ ਦਾ ਪਰੰਪਰਾਗਤ ਸੱਚਾ, ਸੁੱਚਾ ਅਤੇ ਵਫ਼ਾਦਾਰ ਰੂਪ ਸਾਹਮਣੇ ਆਉਂਦਾ ਹੈ। ਹਰੀ ਅਤੇ ਸਿਮਰ ਬਿਰਾਦਰੀਓਂ ਬਾਹਰ ਪਾਏ ਪਿਆਰ ਨੂੰ ਸਿਰੇ ਚੜਾਉਣ ਦੇ ਫੈਸਲੇ 'ਤੇ ਦ੍ਰਿੜ ਹਨ। ਜਿੱਥੇ ਹਰੀ ਸਿਮਰ ਨਾਲ ਵਿਆਹ ਕਰਵਾਉਣ ਲਈ ਖਿਡਾਰੀ ਵਜੋਂ ਚੰਗਾ ਅਤੇ ਕਾਮਯਾਬ ਕਰਿਅਰ ਬਣਾਉਣ

ਵਿਚ ਕੋਈ ਕਸਰ ਨਹੀਂ ਛੱਡ ਰਿਹਾ, ਉੱਥੇ ਸਿਮਰ ਆਪਣੇ ਪਿਆਰ ਨੂੰ ਭੁਲਾਉਣ ਅਤੇ ਹਰੀ ਨਾਲ ਧੋਖਬਾਜ਼ੀ ਕਰਨ ਦੇ ਬਜਾਇ ਆਪਦੀ ਜਾਨ ਗਵਾ ਕੇ ਵੀ ਪਿਆਰ ਦੀ ਕਸਵੱਟੀ 'ਤੇ ਖ਼ਰੀ ਉਤਰਦੀ ਹੈ।

ਵਿਦੇਸ਼ੀ (ਯੂ.ਕੇ.) ਦੀ ਧਰਤੀ 'ਤੇ ਪਹੁੰਚ ਕੇ ਉੱਥੇ ਸਥਾਪਤ ਹੋਣ ਦੇ ਸੰਘਰਸ਼ ਦਾ ਸਮਾਂ ਹਰੀ ਦੀ ਜ਼ਿੰਦਗੀ ਦਾ ਉਹ ਭਾਗ ਹੈ ਜਿਸ ਵਿਚੋਂ ਪਰਵਾਸੀਆਂ ਦੇ ਵਿਦੇਸ਼ੀ ਧਰਤੀ 'ਤੇ ਅਪੜਨ ਲਈ ਅਪਨਾਏ ਸਿੱਧੇ-ਪੁੱਠੇ ਰਾਹ, ਗ਼ੈਰ-ਕਾਨੂੰਨੀ ਤੋਂ ਕਾਨੂੰਨੀ ਨਿਵਾਸੀ ਬਨਣ ਲਈ ਲੜਾਈਆਂ ਜੁਗਤੀਆਂ, ਕੰਟਰੈਕਟ ਵਿਆਹ ਅਤੇ ਸੰਘਰਸ਼ ਦੇ ਅਨੇਕਾਂ ਚਿੱਤਰ ਸਾਹਮਣੇ ਆਉਂਦੇ ਹਨ। ਜਿਨ੍ਹਾਂ ਵਿਚੋਂ ਵਿਦੇਸ਼ੀ ਰਹਿਤਲ ਵਿਚ ਪੂਰਵ ਨਿਵਾਸੀ ਪਰਵਾਸੀਆਂ ਦੇ ਦੋ ਬਿਲਕੁਲ ਵਿਪਰੀਤ ਕਿਰਦਾਰ ਨਜ਼ਰ ਆਉਂਦੇ ਹਨ। ਪਹਿਲਾ ਨਵੇਂ ਆਏ ਪਰਵਾਸੀਆਂ ਨੂੰ ਮੋਹ ਦਾ ਦਿਖਾਵਾ ਕਰਕੇ ਉਨ੍ਹਾਂ ਦੇ ਜ਼ਰੂਰੀ ਕਾਰਜਾਤ ਖੋਹ ਕੇ ਜਾਂ ਹਾਸਲ ਕਰਕੇ ਉਨ੍ਹਾਂ ਨੂੰ ਲੰਮੇ ਸਮੇਂ ਲਈ ਆਪਣੇ ਅਧੀਨ ਕਰਨ ਅਤੇ ਉਨ੍ਹਾਂ ਦੀ ਕਮਾਈ ਲੁੱਟੀ ਜਾਣ ਵਾਲਾ। ਦੂਜਾ ਰੂਪ ਮਿਸਟਰ ਯਾਦਵ ਵਰਗੇ ਜੋ ਹਮਦਰਦ ਦੋਸਤ ਬਣਕੇ ਨਵੇਂ ਆਏ ਪਰਵਾਸੀਆਂ ਨੂੰ ਆਪਣੇ ਅਨੁਭਵਾਂ ਦੇ ਬਹੁਮੁੱਲੇ ਖਜ਼ਾਨੇ ਵਿਚੋਂ ਤਜ਼ਰਬੇ ਦੱਸ ਕੇ ਸਹੀ ਅਗਵਾਈ ਦਿੰਦੇ ਹਨ:

''ਯਾਦਵ ਅੰਕਲ ਨੇ ਆਪਣੇ ਤਜ਼ਰਬੇ ਸੁਣਾ-ਸੁਣਾ ਉਸਦੀ ਹਿੰਮਤ ਬੰਨਾਈ। ਹਰੀ ਨੇ ਵਕਤ ਵਿਰੁੱਧ ਰੇਸ ਲਾਉਣ ਦੀ ਠਾਣ ਲਈ।''1

ਨਾਵਲ ਦੇ ਇਸ ਭਾਗ ਵਿਚ ਪਰਵਾਸੀਆਂ ਦੇ ਉੱਥੋਂ ਦੇ ਮੂਲ ਵਾਸੀਆਂ/ਲੋਕਲ ਭਾਈਚਾਰੇ ਨਾਲ ਮਿੱਠੇ ਸਬੰਧਾਂ ਦਾ ਪ੍ਰਸੰਗ ਡਾ. ਸਮਿਥ ਅਤੇ ਹਰੀਪਾਲ ਦੀ ਪਰਸਪਰ ਸਾਂਝ ਨਾਲ ਪੇਸ਼ ਕੀਤਾ ਗਿਆ ਹੈ।

ਹਰੀ ਦੀ ਜ਼ਿੰਦਗੀ ਦਾ ਤੀਜਾ ਪੜਾਅ ਉਹ ਹੈ ਜਦੋਂ ਉਹ ਆਰਥਕ ਪੱਖੋਂ ਖੁਸ਼ਹਾਲ ਹੋਣ ਦੇ ਨਾਲ-ਨਾਲ ਨਿਜੀ ਪਰਿਵਾਰਕ ਜ਼ਿੰਦਗੀ ਵਿਚ ਜਸ਼ਨ ਨੂੰ ਸਾਥਨ ਬਣਾ ਕੇ ਗ੍ਰਹਿਸਥੀ ਜੀਵਨ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਜਸ਼ਨ ਜਿੱਥੇ ਹਰੀ ਦੀ ਜ਼ਿੰਦਗੀ ਵਿਚਲਾ ਖਲਾਅ ਆਪਣੀ ਮੁਹੱਬਤ ਨਾਲ ਭਰਦੀ ਹੈ ਉੱਥੇ ਧੀ ਦੇ ਪੈਦਾ ਹੋਣ ਨਾਲ ਉਨ੍ਹਾਂ ਦਾ ਪਰਿਵਾਰ ਵੀ ਪੂਰਾ ਹੋ ਜਾਂਦਾ ਹੈ। ਨਾਵਲੀ ਕਥਾ ਦੇ ਇਸ ਭਾਗ ਵਿਚ ਜ਼ਿੰਦਗੀ ਦੇ ਵੱਖੋ-ਵੱਖ ਪੜਾਵਾਂ 'ਤੇ ਪਤੀ-ਪਤਨੀ ਦੇ ਰਿਸ਼ਤੇ ਦਾ ਬਦਲਦਾ ਮੁਹਾਂਦਰਾ ਸਾਹਮਣੇ ਆਉਂਦਾ ਹੈ। ਗ੍ਰਿਹਸਥੀ ਜੀਵਨ ਦੇ ਇਸ ਆਰੰਭਕ ਪੜਾਅ 'ਤੇ ਹਰੀ ਅਤੇ ਜਸ਼ਨ ਇਕ-ਦੂਜੇ ਦੇ ਪੂਰਕ ਬਣਕੇ ਗ੍ਰਿਹਸਥੀ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ, ਇਕ-ਦੂਜੇ ਨਾਲ ਖੁਸ਼ ਹਨ। ਦੂਜੇ ਪਾਸੇ ਗ਼ੈਰੀ ਅਤੇ ਅਮਨ ਦਾ ਰਿਸ਼ਤਾ ਬੇਹਦ ਤਨਾਉਪੂਰਨ ਹੈ। ਪੂਰਬੀ ਸਭਿਆਚਾਰ ਅੰਦਰ ਪਤੀ-ਪਤਨੀ ਦਾ ਰਿਸ਼ਤਾ ਬੜਾ ਪਵਿੱਤਰ ਅਤੇ ਜਨਮਾਂ-ਜਨਮਾਂਤਰਾਂ ਤਕ ਸਾਥ ਨਿਭਾਉਣ ਵਾਲਾ ਮੰਨਿਆ ਜਾਂਦਾ ਹੈ। ਅਜਿਹੇ ਰਿਸ਼ਤੇ ਦਾ ਪੱਛਮੀ ਸਭਿਆਚਾਰਕ ਕਦਰਾਂ-ਕੀਮਤਾਂ ਦੇ ਪ੍ਰਭਾਵਅਧੀਨ ਖੋਖਲਾ ਹੋ ਕੇ ਤਲਾਕ ਦੀ ਤ੍ਰਾਸਦੀ ਤੱਕ ਅੱਪੜ ਜਾਣਾ, ਨਾਵਲ ਦੇ ਇਸ ਭਾਗ ਦੀ ਮੁੱਖ ਘਟਨਾ ਬਣਦਾ ਹੈ। ਨਾਵਲਕਾਰ ਨੇ ਅਮਨ ਅਤੇ ਗ਼ੈਰੀ ਦੇ ਤਲਾਕ ਦਾ ਪ੍ਰਸੰਗ ਸਿਰਜ ਕੇ ਉੱਤਰ-ਆਧੁਨਿਕ ਮਨੁੱਖ ਉੱਤੇ ਹਾਵੀ ਨਿੱਜੀ ਸੁਤੰਤਰਤਾ ਦਾ ਸੰਕਲਪ, ਮਨੁੱਖੀ ਹਉਮੈਂ ਅਤੇ ਜ਼ਿਦ ਕਾਰਨ ਟੁੱਟਦੇ ਪਰਿਵਾਰ ਅਤੇ ਪ੍ਰਭਾਵਿਤ ਹੁੰਦੀ ਜੀਵਨ ਰੌਅ ਬਾਰੇ ਮੁੜ ਵਿਚਾਰਨ ਲਈ ਪ੍ਰੇਰਿਆ ਹੈ।

ਪਤੀ-ਪਤਨੀ ਦੇ ਰਿਸ਼ਤੇ ਦਾ ਇਕ ਵੱਖਰਾ ਰੂਪ ਨਾਵਲਕਾਰ ਨੇ ਹਰੀ ਅਤੇ ਜਸ਼ਨ ਦੇ ਰਿਸ਼ਤੇ ਰਾਹੀਂ ਵਿਖਾਇਆ ਹੈ। ਪੂਰਬੀ ਸਭਿਆਚਾਰ ਅੰਦਰ ਪਤਨੀ ਲਈ ਪਤੀ ਸਤਿਕਾਰਯੋਗ ਹੁੰਦਾ ਹੈ। ਇੱਥੋਂ ਤੱਕ ਕਿ ਉਸਨੂੰ ਪਰਮੇਸ਼ਵਰ ਕਹਿ ਕੇ ਪਤਨੀ ਦੇ ਭਾਗਾਂ/ਕਿਸਮਤ ਦਾ ਮਾਲਕ/ਰੱਬ ਕਿਹਾ ਜਾਂਦਾ ਹੈ। ਪਰ ਪੱਛਮੀ ਸਭਿਆਚਾਰ ਵਿਚ ਪਤੀ ਪਤਨੀ ਦਾ ਇਹ ਰਿਸ਼ਤਾ ਬਰਾਬਰੀ ਦਾ ਮੰਨਿਆ ਜਾਂਦਾ ਹੈ। ਬਰਾਬਰ ਦੇ ਹੱਕ, ਬਰਾਬਰ ਦੇ ਫ਼ਰਜ਼ ਅਤੇ ਜ਼ਿੰਮੇਵਾਰੀਆਂ । ਪਰ ਪੂਰਬੀ ਸਭਿਆਚਾਰ ਅੰਦਰ ਜੰਮੀ ਅਤੇ ਪਲੀ ਜਸ਼ਨ ਜਦੋਂ ਕਾਮਯਾਬੀ ਦੇ ਉੱਚੇ ਪਾਇਦਾਨ 'ਤੇ ਅੱਪੜ ਜਾਂਦੀ ਹੈ, ਤਾਂ ਉਸ ਲਈ ਇਹ ਰਿਸ਼ਤਾ ਬਰਾਬਰੀ ਦਾ ਨਹੀਂ ਰਹਿੰਦਾ, ਸਗੋਂ ਪਤੀ ਹੌਲਾ ਪੈਂਦਾ ਨਜ਼ਰ ਆਉਂਦਾ ਹੈ।

''ਪਤੀ ਜੀਅਨੂੰ ਉਸ ਕਦੇ ਵੀ ਗੁਡ ਪਰਫਾਰਮਰ ਨਹੀਂ ਸੀ ਜਾਣਿਆ, ਦੀ ਜੌਬ 'ਤੇ ਵਧੀ ਪੁੱਛ-ਪ੍ਰਤੀਤ ਉਸਦੇ ਹਜਮ ਨਹੀਂ ਸੀ ਹੋ ਰਹੀ।''2

ਡਾ. ਜਸਵਿੰਦਰ ਸਿੰਘ ਦੀ ਵਿਸ਼ੇਸ਼ਤਾ ਇਹ ਹੈ ਕਿ ਅਜੋਕੇ ਸੰਸਾਰ ਵਿਚ ਰਿਸ਼ਤਿਆਂ ਦੇ ਇਸ ਘਾਣ ਦੀ ਸਾਰੀ ਜ਼ਿੰਮੇਵਾਰੀ ਕੇਵਲ ਪੱਛਮੀ ਸੱਭਿਆਚਾਰ 'ਤੇ ਪਾ ਕੇ ਸੁਰਖ਼ਰੂ ਨਹੀਂ ਹੁੰਦਾ ਸਗੋਂ ਆਪਣੀ ਪੀੜ੍ਹੀ ਥੱਲੇ ਸੋਟਾ ਮਾਰਨੋ ਵੀ ਗੁਰੇਜ਼ ਨਹੀਂ ਕਰਦਾ । ਇਸ ਕਰਕੇ ਨਾਵਲ ਵਿਚ ਜਿੱਥੇ ਉਹ ਪਰਵਾਸੀਆਂ ਦੇ ਪਰਸਪਰ ਰਿਸ਼ਤਿਆਂ ਦੀ ਗੱਲ ਕਰਦਾ ਹੈ ਉੱਥੇ ਉਹ ਸੁੱਖ ਦੇ ਵੱਡੇ ਭਰਾ-ਭਰਜਾਈ ਵੱਲੋਂ ਸੁੱਖ ਅਤੇ ਰਮਨ ਨਾਲ ਕੀਤੀ ਜਾ ਰਹੀ ਵਾਦਾ-ਖਿਲਾਫ਼ੀ ਦੀ ਘਟਨਾ ਸਿਰਜ ਕੇ ਪੂਰਵੀ ਸਭਿਆਚਾਰ ਦੇ ਮੂਲ ਵਾਸੀਆਂ ਉੱਤੇ ਹਾਵੀ ਹੁੰਦੀਆਂ ਜਾ ਰਹੀਆਂ ਪਦਾਰਥਵਾਦੀ ਰੁਚੀਆਂ ਦੇ ਦ੍ਰਿਸ਼ ਦੀ ਸਮਾਨਾਂਤਰ ਹੀ ਸਿਰਜਦਾ ਹੈ।

ਹਰੀ ਦੀ ਜ਼ਿੰਦਗੀ ਦਾ ਚੋਥੇ ਪੜਾਅ ਵਿਚ ਜਸ਼ਨ ਆਪਣੀ ਨੌਕਰੀ ਗੁਆ ਕੇ ਘੋਰ ਨਿਰਾਸ਼ਾ ਵਿਚ ਘਿਰੀ ਹੋਈ ਹੈ, ਦੂਜੇ ਪਾਸੇ ਹਰੀ ਆਪਣੇ ਕਰਿਅਰ ਵਿਚ ਲਗਾਤਾਰ ਤਰੱਕੀ ਕਰ ਰਿਹਾ ਹੈ। ਇੱਕਠੀ ਪਰਿਵਾਰਕ ਜ਼ਿੰਦਗੀ ਜਿਊਣ ਵਾਲਾ ਇਹ ਜੋੜਾ ਕਿੱਤਈ ਜੀਵਨ ਵਿਚ ਆਏ ਫ਼ੇਰ-ਬਦਲ ਕਰਕੇ ਬਿਲਕੁਲ ਵਿਪਰੀਤ ਮਾਨਸਕ-ਭਾਵਨਾਤਮਕ ਸਥਿਤੀ ਵਿਚ ਵਿਚਰ ਰਿਹਾ ਹੈ। ਜਿਸਦੇ ਪ੍ਰਭਾਵ ਸਦਕਾ ਪਤੀ-ਪਤਨੀ ਦਾ ਇਹ

ਰਿਸ਼ਤਾ ਬੇਵਫ਼ਾਈ ਤੋਂ ਬਾਦ ਤਲਾਕ ਤਕ ਅਪੜਦਾ ਹੈ।

ਗੌਰਤਲਬ ਹੈ ਕਿ ਭਾਰਤੀ ਸਮਾਜ ਅੰਦਰ ਮਰਦ ਅਤੇ ਔਰਤ ਦਾ ਰਿਸ਼ਤਾ ਕਦੇ ਵੀ ਸਾਵਾਂ ਨਹੀਂ ਰਿਹਾ । ਮਰਦ ਹਮੇਸ਼ਾ ਤੋਂ ਹੀ ਔਰਤ ਨੂੰ ਡੌਮਿਨੇਟ ਕਰਦਾ ਰਿਹਾ ਹੈ। ਸਾਡੀ ਪਰਿਵਾਰਕ ਸਮਾਜਕ ਬਣਤਰ ਆਰੰਭ ਤੋਂ ਹੀ ਪਿਤਾ ਪੁਰਖੀ ਰਹੀ ਹੈ। ਇਸੇ ਲਈ ਔਰਤ ਵਿਚਾਰੀ/ਨਿਮਾਨੀ/ਨਿਤਾਣੀ ਅਤੇ ਮਜਲੂਮ ਧਿਰ ਬਣੀ ਰਹੀ ਹੈ ਅਤੇ ਮਰਦ ਦਾ ਅਕਸ ਜਾਲਮ ਵਾਲਾ ਰਿਹਾ ਹੈ। ਪਰ ਹੱਥਲੇ ਨਾਵਲ ਵਿਚ ਮਰਦ ਅਤੇ ਔਰਤ ਆਪੋ-ਆਪਣਾ ਪੂਰਵ-ਸਥਾਪਤ ਬਿੰਬ ਪਰਸਪਰ ਬਦਲਦੇ ਨਜ਼ਰ ਆਉਂਦੇ ਹਨ। ਮਰਦ 'ਸਤਾਈ ਹੋਈ' ਧਿਰ ਅਤੇ ਔਰਤ 'ਸਤਾਉਣ ਵਾਲੀ' ਧਿਰ ਬਣਕੇ ਸਹਾਮਣੇ ਆਉਂਦੀ ਹੈ। ਨਾਵਲ ਵਿਚਲੀਆਂ ਜਸ਼ਨ ਅਤੇ ਅਮਨ ਦੋਵੇਂ ਭੈਣਾਂ ਅਜਿਹੀਆਂ ਪਾਤਰ ਹਨ ਜੋ ਨਾਰੀ ਦੇ ਪੂਰਵ ਸਥਾਪਤ ਬਿੰਬ ਨੂੰ ਤੋੜ ਰਹੀਆਂ ਹਨ। ਆਮ ਤੌਰ 'ਤੇ ਔਰਤ ਘਰ-ਪਰਿਵਾਰ ਨੂੰ ਜੋੜ ਕੇ ਰੱਖਣ ਅਤੇ ਰਿਸ਼ਤਿਆਂ ਦੀਆਂ ਤੰਦਾਂ ਮਜਬੂਤ ਬਣਾਉਣ ਦੀ ਜਿੰਮੇਵਾਰੀ ਨਿਭਾਉਂਦੀ ਸੀ ਪਰ ਇਸ ਨਾਵਲ ਵਿਚ ਇਹ ਫਰਜ਼ ਮਰਦ ਪਾਤਰ ਨਿਭਾ ਰਹੇ ਹਨ। ਗ਼ੈਰੀ ਅਤੇ ਹਰੀਪਾਲ ਅਮਨ ਅਤੇ ਜਸ਼ਨ ਦੀ ਬੇਰੁਖੀ, ਜਿੱਦੀਪਨ ਅਤੇ ਅੱਖੜ ਸੁਭਾਅ ਦੇ ਬਾਵਜੂਦ ਆਪਣਾ ਘਰ-ਪਰਿਵਾਰ ਬਚਾਉਣ ਲਈ ਹਰ ਮੁਮਕਿਨ ਕੋਸ਼ਿਸ਼ ਕਰਦੇ ਹਨ। ਦੂਜੇ ਪਾਸੇ ਰਿਸ਼ਤਿਆਂ ਨੂੰ ਤੋੜਣ ਦੀ ਪਹਿਲ ਅਤੇ ਜ਼ਿਦ ਪਤਨੀਆਂ ਅਮਨ ਅਤੇ ਜ਼ਸ਼ਨ ਕਰਦੀਆਂ ਹਨ। ਔਰਤ ਨੂੰ ਮਰਦ ਵੱਲੋਂ ਦਿੱਤੇ ਜਾਣ ਵਾਲੇ ਜਿਹੜੇ ਮਾਨਸਕ ਭਾਵਨਾਤਮਕ ਕਸ਼ਟ ਦੀ ਗੱਲ ਪਹਿਲੀਆਂ ਸਾਹਿਤਕ ਰਚਨਾਵਾਂ ਵਿਚ ਹੋਈ ਹੈ,

ਨਾਵਲਕਾਰ ਨੇ ਉਹੀ ਮਾਨਸਕ ਭਾਵਨਾਤਮਕ ਕਸ਼ਟ ਮਰਦ ਨੂੰ ਹੰਡਾਉਂਦਿਆਂ ਵਿਖਾ ਕੇ ਅਜੋਕੇ ਸਮਾਜਕ ਦ੍ਰਿਸ਼ ਦੇ ਸੱਚ ਨੂੰ ਉਲੀਕਿਆ ਹੈ। ਜਿਸ ਵਿਚ ਮਰਦ ਸਤਾਉਣ ਵਾਲੀ ਅਤੇ ਔਰਤ ਸਤਾਈ ਹੋਈ ਧਿਰ ਨਹੀਂ ਹੈ। ਸਗੋਂ ਮਰਦ ਪਾਤਰਾਂ ਨੂੰ ਔਰਤ ਪਾਤਰਾਂ ਦੀਆਂ ਲੋੜਾਂ-ਥੁੜਾਂ, ਖੁਸ਼ੀਆਂ-ਗ਼ਮੀਆਂ ਨੂੰ ਸਮਝਦਿਆਂ ਅਤੇ ਸਮਝੌਤਾਵਾਦੀ ਨੀਤੀ ਅਪਣਾ ਕੇ ਆਪਣੇ ਘਰ-ਪਰਿਵਾਰ ਬਚਾਈ ਰੱਖਣ ਦੇ ਯਤਨ ਕਰਦੇ ਹਨ ਜਿਸ ਨਾਲ ਮਰਦ ਦਾ ਇਕ ਨਵਾਂ ਬਿੰਬ ਵੀ ਪਾਠਕ ਸਾਹਮਣੇ ਉਸਰਦਾ ਹੈ। ਇਸ ਦ੍ਰਿਸ਼ਟੀ ਤੋਂ ਨਾਵਲ ਸੁਰਖ-ਸਾਜ ਪਰੰਪਰਾਗਤ ਸਮਾਜਿਕ ਦ੍ਰਿਸ਼ ਦੇ ਅਗਲੇ ਪੜਾਅ ਦਾ ਪ੍ਰਸੰਗ ਸਿਰਜ ਰਿਹਾ ਹੈ।

ਪਰ ਗੌਰਤਲਬ ਹੈ ਕਿ ਲੇਖਕ ਨੇ ਜਿਸ ਸ਼ਿੱਦਤ ਨਾਲ ਮਰਦ ਪਾਤਰਾਂ ਗ਼ੈਰੀ ਅਤੇ ਹਰੀਪਾਲ ਦੀ ਮਨੋਸਥਿਤੀ ਨੂੰ ਚਿਤਰਿਆ ਹੈ, ਟੁੱਟ ਰਹੀ ਗ੍ਰਿਹਸਥੀ ਦੀ ਮਾਨਸਿਕ ਪੀੜ ਨੂੰ ਬਿਆਨ ਕੀਤਾ ਹੈ, ਉਸ ਦੇ ਸਮਾਨਾਂਤਰ ਨਾਰੀ ਪਾਤਰਾਂ ਜਸ਼ਨ ਅਤੇ ਅਮਨ ਦੇ ਭਾਵਨਾਤਮਕ ਪ੍ਰਗਟਾਵੇ ਨੂੰ ਸਪੇਸ਼ ਨਹੀਂ ਦਿੱਤੀ। ਗ਼ੈਰੀ ਦੇ ਗਾਰਸੀਆ ਨਾਲ ਮਿਲਵਰਤਨ ਰੱਖਣ ਬਾਰੇ ਅਮਨ ਦੇ ਮਨ ਅੰਦਰ ਉਪਜਿਆ ਗੁੱਸਾ, ਨਰਾਜ਼ਗੀ, ਨਫ਼ਰਤ ਜਾਂ ਅਸੁਰੱਖਿਆ ਦੀ ਭਾਵਨਾ, ਪਤੀ 'ਤੇ ਆਪਣਾ ਹੱਕ ਜਤਾਉਣ ਵਾਲੇ ਪਤਨੀ ਦੇ ਸੁਭਾਵਿਕ ਪ੍ਰਤੀਕ੍ਰਮ ਨਾਵਲ ਵਿੱਚ ਕਿਧਰੇ ਵੀ ਨਜ਼ਰ ਨਹੀਂ ਆਉਂਦੇ।

ਜਸ਼ਨ ਦੇ ਸੰਦਰਭ ਵਿਚ ਵੀ ਨਾਵਲਕਾਰ ਲਗਭਗ ਚੁੱਪ ਰਿਹਾ ਹੈ। ਨੌਕਰੀ ਖੁੱਸ ਜਾਣ ਕਾਰਨ ਆਪਣੀ ਹਉਮੈ 'ਤੇ ਸੱਟ ਦੀ ਪੀੜ ਸਹਾਰਦੀ ਜਸ਼ਨ ਦੇ ਅੰਦਰ ਦਾ ਗੁੱਸਾ ਅਤੇ ਨਰਾਜ਼ਗੀ, ਆਪਣੇ ਪਤੀ ਅਤੇ ਪਰਿਵਾਰ ਨੂੰ ਛੱਡ ਕੇ ਪਹਿਲੇ ਪਿਆਰ ਨਾਲ ਮੁੜ ਜੁੜਦਿਆਂ ਜਸ਼ਨ ਦੇ ਮਾਨਸਕ ਦਵੰਦ, ਸਵੈ ਨਾਲ ਸੰਘਰਸ਼ ਤੇ ਦੁਚਿੱਤੀ ਵਰਗੇ ਭਾਵ ਨਾਵਲ ਵਿੱਚੋਂ ਲਗਭਗ ਖਾਰਜ ਹਨ ਜੋ ਕਿ ਇਨ੍ਹਾਂ ਨਾਰੀ ਪਾਤਰਾਂ ਦੀਆਂ ਪਰਿਸਥਿਤੀਆਂ ਦੇ ਕੁਦਰਤੀ ਪ੍ਰਤੀਕਰਮ ਵਜੋਂ ਪੇਸ਼ ਹੋਣੇ ਚਾਹੀਦੇ ਸਨ। ਇਸ ਪ੍ਰਗਟਾਵੇ ਦੀ ਅਣਹੋਂਦ ਕਰਕੇ ਹੀ ਇਹ ਪਾਤਰ ਆਪਣੇ ਸਾਥੀ ਮਰਦ ਪਾਤਰਾਂ ਦੇ ਯਤਨਾ ਪ੍ਰਤੀ ਅਤੇ ਠੰਡਾ ਵਤੀਰਾ ਅਪਣਾਉਂਦੀਆਂ ਮਹਿਸੂਸ ਹੁੰਦੀਆਂ ਹਨ ਅਤੇ ਨਾਵਲ ਵਿਚ ਇਨ੍ਹਾਂ ਦੇ ਕਿਰਦਾਰ ਵਿਲੇਨ/ਪ੍ਰਤੀਨਾਇਕਾ ਵਾਲੇ ਬਣ ਗਏ ਹਨ।

ਨਾਵਲ 'ਸੁਰਖ ਸਾਜ' ਵਿਚ ਔਰਤ ਦਾ ਸ਼ੋਸਿਤ ਧਿਰ ਵਾਲਾ ਬਿੰਬ ਦਰਸ਼ਨ ਦੀ ਭੈਣ ਦਾ ਪ੍ਰਸੰਗ ਰਾਹੀਂ ਵਿਖਾਇਆ ਗਿਆ ਹੈ। ਇਨ੍ਹਾਂ ਦੋਵਾਂ ਰੂਪਾਂ ਤੋਂ ਇਲਾਵਾ ਗਾਰਸੀਆ ਦੇ ਰੂਪ ਵਿਚ ਨਾਵਲਕਾਰ ਨੇ ਔਰਤ ਨੂੰ ਮਰਦ ਦੀ ਹਮਸਫ਼ਰ ਤੇ ਸਾਥਣ ਬਣ ਕੇ ਬਰਾਬਰੀ ਦਾ ਰਿਸ਼ਤਾ ਨਿਭਾਉਂਦਿਆਂ ਵੀ ਵਿਖਾਇਆ ਹੈ ।

ਇਨ੍ਹਾਂ ਗਰਜ਼ ਆਧਾਰਤ ਰਿਸ਼ਤਿਆਂ ਤੋਂ ਇਲਾਵਾ ਡਾ. ਜਸਵਿੰਦਰ ਸਿੰਘ ਨੇ ਕੁਝ ਅਜਿਹੇ ਰਿਸ਼ਤੇ ਵੀ ਚਿਤਰੇ ਹਨ ਜੋ ਕਿ ਨਿਸਵਾਰਥ ਹਨ, ਜ਼ਿੰਦਗੀ ਦੇ ਹਰ ਹਾਲਾਤ ਵਿਚ ਇਨ੍ਹਾਂ ਵਿਚਲੀ ਨਿੱਘ ਉਸੇ ਤਰ੍ਹਾਂ ਕਾਇਮ ਰਹਿੰਦੀ ਹੈ। ਇਹ ਰਿਸ਼ਤੇ ਹਨ ਦੋਸਤੀ ਅਤੇ ਮਾਨਵੀ ਭਾਵਨਾਵਾਂ ਵਾਲੀ ਸੁਭਾਵਕ ਸਾਂਝ ਦੇ ਰਿਸ਼ਤੇ । ਜਿਨ੍ਹਾਂ ਨੂੰ ਲੇਖਕ ਨੇ ਹਰੀਪਾਲ ਨਾਲ ਦੀਪੇ ਅਤੇ ਗ਼ੈਰੀ ਦੇ ਰਿਸ਼ਤਿਆਂ ਰਾਹੀਂ ਬਿਆਨ ਕੀਤਾ ਹੈ। ਕਈ ਸਾਲਾਂ ਬਾਅਦ ਵਿਲਾਇਤੋਂ ਵਤਨਾਂ ਨੂੰ ਮੁੜੇ ਹਰੀਪਾਲ ਨੂੰ ਦੀਪੇ ਦੇ ਰਿਸ਼ਤੇ ਵਿਚੋਂ ਬਚਪਨ ਦੇ ਪਿਆਰ ਵਾਲੀ ਮਹਿਕ ਜਿਵੇਂ ਦੀ ਤਿਵੇਂ ਮਿਲਦੀ ਅਤੇ ਮਹਿਸੂਸ ਹੁੰਦੀ ਹੈ। ਠੀਕ ਉਸੇ ਤਰ੍ਹਾਂ ਗ਼ੈਰੀ ਜੋ ਕਿ ਰਿਸ਼ਤੇ ਵਿਚ ਹਰੀ ਦਾ ਸਾਂਢੂ ਹੈ, ਪਰ ਉਸ ਤੋਂ ਪਹਿਲਾਂ ਅਤੇ ਵੱਧ ਉਨ੍ਹਾਂ ਦਾ ਦੋਸਤੀ ਦਾ ਰਿਸ਼ਤਾ ਹੈ ਜੋ ਕਿ ਉਨ੍ਹਾਂ ਦੇ ਸਾਂਢੂ ਦੇ ਰਿਸ਼ਤੇ ਟੁੱਟ ਜਾਣ ਤੋਂ ਬਾਅਦ ਵੀ ਉਸੇ ਤਰ੍ਹਾਂ ਕਾਇਮ ਰਹਿੰਦਾ, ਉਸ ਅੰਦਰਲੀ ਅਪਣੱਤ ਵਿਚ ਰਤੀ ਭਰ ਫ਼ਰਕ ਨਹੀਂ ਆਉਂਦਾ ਇੰਜ ਗ਼ੈਰੀ ਅਤੇ ਹਰੀ ਦੇ ਰਿਸ਼ਤੇ ਨੂੰ ਚਿਤਰਦਿਆਂ ਲੇਖਕ ਨੇ ਸਾਂਢੂਆਂ ਦੇ ਰਿਸ਼ਤੇ ਦੇ ਕੁਦਰਤੀ ਬਿੰਬ ਨੂੰ ਤੋੜ ਕੇ ਨਵਾਂ ਬਿੰਬ ਸਿਰਜਿਆ ਹੈ ਜੋ ਕਿ ਰਿਸ਼ਤਿਆਂ ਦੇ ਪਰੰਪਰਾਗਤ ਮੁਹਾਂਦਰੇ ਨਾਲੋਂ ਬਿਲਕੁਲ ਵੱਖਰਾ ਹੈ।

ਡਾ. ਜਸਵਿੰਦਰ ਸਿੰਘ ਮਨੁੱਖੀ ਮਨੋਵਿਗਿਆਨ ਦੀ ਡੂੰਘੀ ਸੂਝ ਰੱਖਣ ਵਾਲਾ ਇਕ ਮਾਹਿਰ ਸਾਹਿਤਕਾਰ ਹੈ ਜੋ ਨਾ ਕੇਵਲ ਮਨੁੱਖੀ ਸੁਭਾ ਨੂੰ ਬੜੀ ਬਰੀਕੀ ਨਾਲ ਸਮਝਦਾ ਹੈ ਬਲਕਿ ਨਾਵਲ ਵਿਚ ਵਿਭਿੰਨ ਪਰਿਸਥਿਤੀਆਂ ਉਲੀਕ ਕੇ ਪਾਤਰਾਂ ਦੇ ਵਿਵਹਾਰ ਰਾਹੀਂ ਪ੍ਰਗਟਾਉਣ ਦੀ ਮੁਹਾਰਤ ਵੀ ਰੱਖਦਾ ਹੈ। ਜਸ਼ਨ ਦੀ ਬੇਵਫ਼ਾਈ ਤੋਂ ਦੁਖੀ ਹਰੀਪਾਲ ਦੀਆਂ ਭਾਵਨਾਵਾਂ ਨੂੰ ਉਹ ਬੜੀ ਸਟੀਕ ਸ਼ਬਦਾਵਲੀ ਵਿਚ ਬਿਆਨ ਕਰਦਿਆਂ ਲਿਖਦਾ ਹੈ,

''ਤਾਜ਼ੀ ਹੰਡਾਈ ਸ਼ਰਮਿੰਦਗੀ, ਲੰਮੇ ਸਮੇਂ ਤੋਂ ਝੱਲੀ ਬੇਰੁਖੀ, ਮਿਲਿਆ ਧੋਖਾ, ਉਸਨੂੰ ਅੰਦਰੋ-ਬਾਹਰੋਂ ਘੇਰੀ ਫਿਰਦੇ ਸੀ। ਸਿਰ ਸੇਕ ਛੱਡਦਾ ਪਿਆ ਸੀ। ਜਿਸਮ ਬੇਜਾਨ, ਇਕੋ ਗਿਲਾ, ''ਮੈਂ ਆਪਣੀ ਬੀਤੀ ਅਲਫ਼ ਤੋਂ ਬੇ ਤੱਕ ਦੱਸੀ, ਉਸ ਕਿਉਂ ਨਾ ਦੱਸੀ?''3

ਆਪਣੀ ਰਚਨਾ ਵਸਤੂ ਦੀ ਪੇਸ਼ਕਾਰੀ ਲਈ ਹਰੇਕ ਲੇਖਕ ਆਪਣੀ ਮਰਜ਼ੀ ਮੁਤਾਬਕ ਵਿਧੀਆਂ ਦੀ ਚੋਣ ਅਤੇ ਵਰਤੋਂ ਕਰਦਾ ਹੈ। ਵਿਧੀਆਂ ਦੀ ਇਹੀ ਚੋਣ ਰਚਨਾ ਅਤੇ ਰਚਨਾਕਾਰ ਦਾ ਭਵਿੱਖ (ਪਾਠਕਾਂ ਦੀ ਪ੍ਰਵਾਨਗੀ ਜਾਂ ਅਪ੍ਰਵਾਨਗੀ) ਤੈਅ ਕਰਦੀ ਹੈ।

ਮਨੁੱਖੀ ਮਨ ਵਿਚਲੀਆਂ ਕੋਮਲ ਭਾਵਨਾਵਾਂ ਨੂੰ ਪਕੜਨਾ ਅਤੇ ਸੂਖ਼ਮਤਾ ਨਾਲ ਪੇਸ਼ ਕਰ ਦੇਣਾ ਡਾ. ਜਸਵਿੰਦਰ ਸਿੰਘ ਦੀ ਅਜਿਹੀ ਵਿਸ਼ੇਸ਼ਤਾ ਹੈ ਜੋ ਉਨ੍ਹਾਂ ਨੂੰ ਵਰਤਮਾਨ ਸਾਹਿਤਕਾਰਾਂ ਵਿਚ ਵਿਸ਼ੇਸ਼ ਭਾਸ਼ਾਈ ਸਮਰੱਥਾ ਵਾਲਾ ਲੇਖਕ ਬਣਾਉਂਦੀ ਹੈ। ਲੇਖਕ ਨੇ ਵਿਭਿੰਨ ਪਰਿਸਥਿਤੀਆਂ ਨਾਲ ਜੂਝਦੇ ਪਾਤਰਾਂ ਦੀ ਮਨੋਦਸ਼ਾ ਨੂੰ ਬਿਆਨ ਕਰਨ ਲਈ ਜੋ ਸ਼ਬਦ-ਚੋਣ ਕੀਤੀ ਹੈ, ਉਹ ਬੜੀ ਕਮਾਲ ਦੀ ਹੈ। ਨਾਵਲ ਦੀ ਬਹੁਤੀ ਕਥਾ ਯੂ.ਕੇ. ਦੀ ਧਰਤੀ ਅਤੇ ਪਰਵਾਸੀ ਪਾਤਰਾਂ ਨਾਲ ਸਬੰਧਤ ਹੋਣ ਕਰਕੇ ਅੰਗਰੇਜ਼ੀ ਸ਼ਬਦਾਵਲੀ ਦੀ ਵਰਤੋਂ ਹੋਣਾ ਸੁਭਾਵਿਕ ਹੀ ਹੈ, ਪਰ ਇਹ ਅੰਗਰੇਜ਼ੀ ਸ਼ਬਦਾਵਲੀ ਨਾ ਤਾਂ ਪਾਤਰਾਂ ਨਾਲ ਪਾਠਕਾਂ ਦੀ ਸਾਂਝ ਨੂੰ ਤੋੜਦੀ ਹੈ ਅਤੇ ਨਾ ਹੀ ਭਾਵ ਅਰਥਾਂ ਨੂੰ ਸਮਝਣ ਲਈ ਆਪਣੇ ਦਿਮਾਗ 'ਤੇ ਬਹੁਤਾ ਜ਼ੋਰ ਪਾਉਣਾ ਪੈਂਦਾ ਹੈ। ਸਗੋਂ ਡਾ. ਜਸਵਿੰਦਰ ਸਿੰਘ ਨੇ ਪਰਵਾਸੀ ਪਾਤਰਾਂ ਦੇ ਮੂਹੋਂ ਵੀ ਮੁਹਾਵਰਿਆਂ ਅਤੇ ਅਖਾਣਾਂ ਦਾ ਬੜਾ ਸਟੀਕ ਪ੍ਰਯੋਗ ਕਰਵਾਕੇ ਨਾਵਲੀ ਭਾਸ਼ਾ ਨੂੰ ਠੁੱਕਦਾਰ ਪੰਜਾਬੀ ਵਾਲੀ ਨੁਹਾਰ ਦੇ ਦਿੱਤੀ ਹੈ। ਕਈ ਥਾਵਾਂ 'ਤੇ ਤਾਂ ਇੱਕ-ਇੱਕ ਸਤਰ ਵਿਚ ਇਕ ਤੋਂ ਵਧ ਮੁਹਾਵਰਿਆਂ ਦੀ ਵਰਤੋਂ ਕੀਤੀ ਗਈ ਮਿਲਦੀ ਹੈ।

''ਯਾਦਵ ਅੰਕਲ ਨੇ ਮਹਿਮਾਨ ਨਿਵਾਜ਼ੀ ਵੀ ਕੀਤੀ, ਸੌ ਸਲਾਹਾਂ ਵੀ ਦਿੱਤੀਆਂ। ਖ਼ਰੀਆਂ-ਖ਼ਰੀਆਂ ਸੁਣਾਈਆਂ, ''ਸੌ ਹੱਥ ਰੱਸਾ ਸਿਰੇ 'ਤੇ ਗੰਢ... ਇਹ ਮੁਲਕ ਇਸੇ ਕਰਕੇ ਨੰਬਰ ਵੰਨ ਆ... ਹਰ ਗੱਲ, ਹਰ ਸਬੰਧ 'ਚ ਬਿਜ਼ਨਸ-ਏਹਨਾਂ ਦਾ ਅਸੂਲ.... ਜੇ ਘੋੜਾ ਘਾਹ ਨਾਲ ਦੋਸਤੀ ਕਰੂ, ਤਾਂ ਖਾਊ ਕੀ...''4

ਨਾਵਲਕਾਰ ਦੀ ਭਾਸ਼ਾਈ ਸਮਰੱਥਾ ਨੂੰ ਪ੍ਰਮਾਣਿਤ ਕਰਨ ਵਾਲੇ ਅਜਿਹੇ ਅਨੇਕਾਂ ਉਦਾਹਰਣ ਨਾਵਲ ਵਿੱਚੋਂ ਦਿੱਤੇ ਜਾ ਸਕਦੇ ਹਨ।

ਅਜੋਕੇ ਸਮੇਂ ਜਦੋਂ ਕਿ ਮੁਹਾਵਰੇ ਅਤੇ ਅਖਾਣਾਂ ਆਮ ਬੋਲਚਾਲ ਵਿਚੋਂ ਲਗਭਗ ਗੁੰਮ ਹੋ ਚੁੱਕੇ ਹਨ, ਡਾ. ਜਸਵਿੰਦਰ ਸਿੰਘ ਨੇ ਆਪਣੇ ਪਾਤਰਾਂ ਦੀ ਭਾਸ਼ਾ ਵਿਚ ਸ਼ਾਮਲ ਕਰਕੇ ਬੇਪਛਾਣ ਹੁੰਦੇ ਜਾ ਰਹੇ ਪੰਜਾਬੀ ਮੁਹਾਵਰੇ ਅਤੇ ਅਖਾਣਾਂ ਨੂੰ ਮੁੜ ਪਾਠਕ ਦੇ ਸਾਹਮਣੇ ਰੱਖਿਆ ਹੈ। ਇਨ੍ਹਾਂ ਮੁਹਾਵਰਿਆਂ ਅਤੇ ਅਖਾਣਾਂ ਨੇ ਜਿੱਥੇ ਪਾਤਰਾਂ ਦੇ ਮਨ ਅੰਦਰਲੇ ਭਾਵਾਂ ਨੂੰ ਵਧੇਰੇ ਤੀਬਰ ਕਰਕੇ ਚਲ ਰਹੇ ਪ੍ਰਸੰਗ ਨੂੰ ਹੋਰ ਪ੍ਰਭਾਵਸ਼ਾਲੀ ਕੀਤਾ ਹੈ। ਸਗੋਂ ਨਾਵਲੀ ਭਾਸ਼ਾ ਦੀ ਸੁਹਜਤਾ ਵਿਚ ਵੀ ਇਜ਼ਾਫਾ ਕੀਤਾ ਹੈ। ਕਈ ਥਾਵਾਂ 'ਤੇ ਤਾਂ ਲੇਖਕ ਨੇ ਵਿਅੰਗ-ਭਾਵੀ ਮੁਹਾਵਰੇ ਵਰਤੇ ਕੇ ਵਿਪਰੀਤ ਪਰਿਸਥਿਤੀਆਂ ਅੰਦਰ ਵੀ ਪਾਤਰ ਦੀ ਭਰਪੂਰ ਜੀਣ-ਥੀਣ ਦੀ ਇੱਛਾ ਸ਼ਕਤੀ ਨੂੰ ਪ੍ਰਗਟਾਇਆ ਹੈ :

''ਸਾਂਢੂਆਂ, ਤੂੰ ਭਾਜੀ ਮੁੜਾਊਂਗਾ।'' ਉਹ ਆਪਣੀ ਮਖ਼ਸੂਸ ਹਾਸੀ ਹੱਸਿਆ।''5

ਢੁਕਵੇਂ ਪ੍ਰਤੀਕਾਂ ਦੀ ਵਰਤੋਂ ਡਾ. ਜਸਵਿੰਦਰ ਸਿੰਘ ਦੀ ਭਾਸ਼ਾ ਦਾ ਖਾਸ ਗੁਣ ਹੈ। ਜੋ ਕਿ ਹੱਥਲੇ ਨਾਵਲ ਵਿੱਚੋਂ ਉੱਭਰ ਕੇ ਸਾਹਮਣੇ ਆਉਂਦਾ ਹੈ।

ਨਾਵਲ ਸੁਰਖ-ਸਾਜ ਦੀ ਸਮੁੱਚੀ ਕਥਾ ਆਪਣੇ ਸਿਰਲੇਖ ਨੂੰ ਸਾਰਥਕ ਕਰਦੀ ਹੈ। ਨਾਵਲਕਾਰ ਹਾਲਾਤ ਦੇ ਮਾਰੂਥਲ ਵਿੱਚ ਔਕੜਾਂ-ਮੁਸੀਬਤਾਂ ਦੀਆਂ ਹਨੇਰੀਆਂ ਝੱਲਦੇ ਮਨੁੱਖ ਨੂੰ ਆਸਵੰਦ ਰਹਿਣ ਦਾ ਜੀਵਨ-ਅੰਮ੍ਰਿਤ ਦਿੰਦਿਆ ਹੋਇਆਂ ਜੀਵਨ ਦੇ ਸੁਰਖ ਸਾਜ਼ ਦੀਆਂ ਮਧੁਰ ਧੁਨਾਂ ਨੂੰ ਜੀਵੰਤ ਰੱਖਣ ਲਈ ਪ੍ਰੇਰਦਾ ਹੈ।

## ਹਵਾਲੇ ਅਤੇ ਟਿੱਪਣੀਆਂ



1. ਸੁਰਖ਼ ਸਾਜ, ਜਸਵਿੰਦਰ ਸਿੰਘ, ਗ੍ਰੇਸ਼ੀਅਸ ਬੁਕਸ, ਪਟਿਆਲਾ, 2024, ਪੰਨਾ 70
2. ਉਹੀ, ਪੰਨਾ 168
3. ਉਹੀ, ਪੰਨਾ 232
4. ਉਹੀ, ਪੰਨਾ 69
5. ਉਹੀ, ਪੰਨਾ 24
6. ਉਹੀ, ਪੰਨਾ 224



**ਸਹਾਇਕ ਪ੍ਰੋਫੈਸਰ, ਆਰੀਆ ਕੰਨਿਆ ਮਹਾਂਵਿਦਿਆਲਿਆ, ਸ਼ਾਹਾਬਾਦ, ਮਾਰਕੰਡਾ**

# ਪੰਜਾਬੀ ਦੇ
# ਉੱਘੇ ਚਿੰਤਕ, ਆਲੋਚਕ, ਸ਼ਾਇਰ
# ਅਤੇ ਵਾਰਤਕਕਾਰ
# ਡਾ. ਮਨਮੋਹਨ
## ਦਾ ਨਵਾਂ ਨਾਵਲ
# ਮਨੁ ਪੰਖੀ ਭਇਓ

ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ





## ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ



















RAA DESIGNS
WE DESIGN BEYOND YOUR IMAGINATION

CONTACT FOR

LOGO | BUSINESS CARD | LETTERHEAD | FLYER
STATIONARY DESIGN | BOOK TITLES | BOOK COMPOSING
SOCIAL MEDIA BANNERS & POSTS | WEBSITE
& ALL TYPE OF GRAPHIC DESIGN STUFF

M: +91 97810-33133, +91 70097-67394   E: raadesigns89@gmail.com   W: www.raadesigns.com

RNI NO. PUNPUN / 2006 / 16230 April-June 2025 ISSN: 2277-9930


# ‘ਦਿਨ ਢਲ਼ੇ’ ਤੋਂ ਬਾਅਦ ਪੰਜਾਬੀ ਸ਼ਾਇਰ

# ਕੇਸਰ ਕਰਮਜੀਤ

## ਦਾ ਨਵਾਂ ਗ਼ਜ਼ਲ-ਸੰਗ੍ਰਹਿ

# ਨਦੀਏ ਤੇਰਾ ਕੀ ਸਿਰਨਾਵਾਂ






‘ਨਦੀਏ ਤੇਰਾ ਕੀ ਸਿਰਨਾਵਾਂ’ ਗ਼ਜ਼ਲ-ਸੰਗ੍ਰਹਿ ਨਾਲ ਕੇਸਰ ਕਰਮਜੀਤ ਨੇ ਸ਼ਾਇਰੀ ਦੇ ਸਫ਼ਰ ਵਿਚ ਆਪਣਾ ਦੂਸਰਾ ਪੁਖ਼ਤਾ ਕਦਮ ਪੁੱਟਿਆ ਹੈ। ਇਹ ਸ਼ਾਇਰੀ ਕੇਸਰ ਦੇ ਅਨੁਭਵੀ ਮਨ ’ਚੋਂ ਉਦੈ ਹੋ ਕੇ ਪ੍ਰਕਾਸ਼ ਵਾਂਗ ਸਫ਼ਿਆਂ ’ਤੇ ਫ਼ੈਲ ਗਈ ਹੈ। ਇਸ ਪ੍ਰਕਾਸ਼ ਵਿਚ ਜੀਵਨ ਦੇ ਸੱਤੇ ਰੰਗ ਸਮਾਏ ਹੋਏ ਹਨ। ਕਿਤੇ ਕੋਮਲ ਅਹਿਸਾਸਾਂ ਦੀਆਂ ਕਚੂਰ ਪੱਤੀਆਂ ਦੀ ਮਹਿਕ ਤੇ ਕਿਤੇ ਤਲਖ਼ ਤਜ਼ਰਬਿਆਂ ਦੇ ਕੰਕਰਾਂ ਦੀ ਚੋਭ ਮਹਿਸੂਸ ਹੁੰਦੀ ਹੈ। ਇਹ ਸ਼ਾਇਰੀ ਤੇਜੀ ਨਾਲ ਬਦਲ ਰਹੀਆਂ ਮਾਨਵੀ ਕਦਰਾਂ ਕੀਮਤਾਂ ਪ੍ਰਤੀ ਚਿੰਤਨ ਦੀ ਸ਼ਾਇਰੀ ਹੈ। ਅਰੂਜ਼ ਦਾ ਗਿਆਨ ਸ਼ਾਇਰ ਦੇ ਕਾਵਿਕ ਵੇਗ ਵਿਚ ਖ਼ਲਲ ਨਾ ਪਾ ਕੇ ਸਗੋਂ ਉਸ ਨੂੰ ਤਿੱਖੀ ਰਵਾਨੀ ਬਖ਼ਸ਼ਦਾ ਹੈ। ਬਹਿਰ ਵਜ਼ਨ ਦੀ ਗਿਣਤੀ ਮਿਣਤੀ ਉਸ ਦੀ ਸਿਰਜਣਾ ਨੂੰ ਰਸਹੀਣ ਨਹੀਂ ਹੋਣ ਦਿੰਦੀ ਸਗੋਂ ਸੰਗੀਤਕ ਲੈਅ ਪ੍ਰਦਾਨ ਕਰਦੀ ਹੈ। ਭਵਿੱਖ ਵਿਚ ਹੋਰ ਗਹਿਰੀ ਅਤੇ ਸੁਹਜਮਈ ਸ਼ਾਇਰੀ ਦੀ ਆਸ ਨਾਲ ਮੈਂ ਇਸ ਕਿਤਾਬ ਦੀ ਆਮਦ ਦੇ ਮੌਕੇ ‘ਤੇ ਕੇਸਰ ਕਰਮਜੀਤ ਨੂੰ ਮੁਬਾਰਕਬਾਦ ਆਖਦੀ ਹਾਂ।

–ਸੁਖਵਿੰਦਰ ਅੰਮ੍ਰਿਤ

ਪ੍ਰਕਾਸ਼ਕ : ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ
98773-58869, 97810-33133

ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS